
ੴ ਸਤਿਗੁਰਪ੍ਰਸਾਦਿ

ਗੁਰਮਤਿ ਨਾਮ ਸਿਮਰਨ



ਰਾਜਿੰਦਰ ਸਿੰਘ

Gurmat Naam Simran

by

Rajinder Singh

(Convenor, Shromani Khalsa Panchayat).

First time: 2010 -1000 copies

Published by:

Khalsa Virasat Publications

193/1, Sector 45A,

Chandigarh-160047.

Distributors:

Singh Brothers

Citi Center, Opp. main Bus stand

Amritsar-143006.

Printed at:

Sidharth Media Printers,

24-9, Industrial Area, Phase II,

Chandigarh.

Ph. 9417072466

ਤਤਕਰਾ

ਮਨੁਖੀ ਜੀਵਨ ਤੇ ਸਭ ਤੋਂ ਵਧੇਰੇ ਪ੍ਰਭਾਵ ਮਾਹੌਲ ਦਾ ਪੈਂਦਾ ਹੈ। ਇਕ ਅੰਗਰੇਜ਼ ਮਾਂ-ਬਾਪ ਦੀ ਸੰਤਾਨ ਕਿਸੇ ਬੱਚੇ ਨੂੰ ਪੰਜਾਬਣ ਮਾਂ ਕੋਲ ਪਾਲਣ ਲਈ ਛੱਡ ਦੇਈਏ ਤਾਂ ਉਹ ਪੰਜਾਬੀ ਬੋਲਣਾ ਅਤੇ ਪੰਜਾਬੀ ਤਹਜ਼ੀਬ ਹੀ ਸਿੱਖੇਗਾ। ਦੁਨੀਆਂ ਵਿੱਚ ਸ਼ਾਇਦ ਕੋਈ ਐਸਾ ਇਨਸਾਨ ਨਹੀਂ ਜੋ ਮਾਹੌਲ ਦੇ ਪ੍ਰਭਾਵ ਤੋਂ ਬੱਚ ਸਕੇ।

ਧਾਰਮਿਕ ਅਤੇ ਸਮਾਜਿਕ ਖੇਤਰ ਵਿੱਚ, ਭਾਰਤ ਵਿੱਚ ਇਕ ਬੜਾ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਬਿਪਰਵਾਦੀ ਮਾਹੌਲ ਹੈ। ਇਸ ਦੇ ਪ੍ਰਭਾਵ ਦਾ ਅੰਦਾਜ਼ਾ ਇਸੇ ਗੱਲ ਤੋਂ ਲਾ ਲਈਏ ਕਿ ਇਸ ਨੇ ਜਿਥੇ ਇਕ ਬੜੇ ਹੀ ਪੁਰਾਤਨ ਦ੍ਰਾਵੜ ਸਭਿਆਚਾਰ ਨੂੰ ਪੂਰੀ ਤਰ੍ਹਾਂ ਨਿਗਲ ਹੀ ਨਹੀਂ ਲਿਆ, ਸਗੋਂ ਆਪਣਾ ਗ਼ੁਲਾਮ ਬਣਾ ਲਿਆ ਹੈ, ਉਥੇ ਜੈਨ ਮੱਤ ਅਤੇ ਬੁੱਧ ਮੱਤ, ਜੋ ਅਜ਼ਾਦ ਕੌਮਾਂ ਅਤੇ ਧਰਮਾਂ ਦੇ ਤੌਰ ਤੇ ਵਿਕਸਤ ਹੋਏ ਨੂੰ ਵੀ ਤਕਰੀਬਨ ਆਪਣੇ ਅੰਦਰ ਜਜ਼ਬ ਕਰ ਲਿਆ ਹੈ। ਭਾਵੇਂ ਦੁਨੀਆਂ ਦੇ ਹੋਰ ਕਈ ਦੇਸ਼ਾਂ ਵਿੱਚ ਬੁੱਧ ਧਰਮ ਦੇ ਪੈਰੋਕਾਰ ਵੱਡੀ ਗਿਣਤੀ ਵਿੱਚ ਅਜ ਵੀ ਹਨ, ਪਰ ਉਨ੍ਹਾਂ ਦੀਆਂ ਧਾਰਮਕ ਅਤੇ ਸਭਿਆਚਾਰਕ ਤਾਰਾਂ ਦਾ ਪਿਛੋਕੜ ਭਾਰਤ ਨਾਲ ਜੁੜੇ ਹੋਣ ਕਾਰਨ, ਉਹ ਵੀ ਇਸ ਬਿਪਰਵਾਦੀ ਪ੍ਰਭਾਵ ਤੋਂ ਬੱਚ ਨਹੀਂ ਸਕੇ।

ਭਾਰਤ ਵਿੱਚ ਹਰ ਘੱਟ ਗਿਣਤੀ ਕੌਮ ਇਸ ਦੀ ਮਾਰ ਥੱਲੇ ਹੈ। ਕਿਸੇ ਕੌਮ ਦਾ ਕੋਈ ਸੰਸਕਾਰ ਹੋਵੇ, ਉਸ ਉਤੇ ਬਿਪਰਵਾਦੀ ਵਿਵਸਥਾ ਅਤੇ ਵਿਚਾਧਾਰਾ ਦਾ ਪ੍ਰਭਾਵ ਸਪਸ਼ਟ ਨਜ਼ਰ ਆਉਂਦਾ ਹੈ। ਬੁੱਧ ਅਤੇ ਜੈਨ ਮੱਤ ਦੀ ਤਾਂ ਗੱਲ ਕਰਨ ਦਾ ਹੀ ਕੋਈ ਮਤਲਬ ਨਹੀਂ ਬਣਦਾ, ਇਸਾਈ ਅਤੇ ਮੁਸਲਮਾਨ ਜਿਹੀਆਂ, ਦੁਨੀਆਂ ਦੀਆਂ ਵੱਡੀਆਂ ਕੌਮਾਂ, ਜਿਨ੍ਹਾਂ ਦੁਨੀਆਂ ਦੇ ਵੱਡੇ ਖੇਤਰਾਂ ਵਿੱਚ ਆਪਣਾ ਆਪਣਾ ਕਬਜ਼ਾ ਅਤੇ ਮਜ਼ਬੂਤ ਪ੍ਰਭਾਵ ਬਣਾਇਆ ਹੋਇਆ ਹੈ,ਵੀ, ਭਾਰਤ ਵਿੱਚ ਆਪਣੀ ਵਿਲੱਖਣਤਾ ਬਣਾਕੇ ਰਖਣ ਵਿੱਚ ਔਖ ਮਹਿਸੂਸ ਕਰ ਰਹੀਆਂ ਹਨ।

(ਬਾਕੀ ਪਿਛਲੇ ਫਲੈਪ ਉੱਤੇ)

ਇਸ ਦਾ ਸਭ ਤੋਂ ਮਾਰੂ ਪ੍ਰਭਾਵ ਸਿੱਖ ਕੌਮ ਤੇ ਹੋ ਰਿਹਾ ਹੈ। ਭਾਵੇਂ ਦੂਸਰੀਆਂ ਕੌਮਾਂ ਦੇ ਵੀ ਸਿਧਾਂਤਕ ਤੌਰ ਤੇ ਬਿਪਰਵਾਦੀ ਵਿਵਸਥਾ ਨਾਲੋਂ ਵੱਡੇ ਵਖਰੇਵੇਂ ਹਨ, ਪਰ ਜਿਸ ਤਰ੍ਹਾਂ ਸਿੱਖ ਸਿਧਾਂਤ, ਬਿਪਰਵਾਦੀ ਵਿਵਸਥਾ ਦਾ ਖੁੱਲਾ ਅਤੇ ਭਰਪੂਰ ਖੰਡਨ ਕਰਦੇ ਹਨ, ਅਮਲੀ ਤੌਰ ਤੇ ਤਾਂ ਸਿੱਖ ਕੌਮ ਨੂੰ ਪੂਰੀ ਤਰ੍ਹਾਂ ਬਿਪਰਵਾਦੀ ਪ੍ਰਭਾਵ ਤੋਂ ਮੁਕਤ ਹੋਣਾ ਚਾਹੀਦਾ ਸੀ, ਪਰ ਹੋ ਇਸ ਦੇ ਬਿਲਕੁਲ ਉਲਟ ਰਿਹਾ ਹੈ। ਭਾਰਤ ਦੀਆਂ ਸਾਰੀਆਂ ਘੱਟ ਗਿਣਤੀ ਕੌਮਾਂ ਆਪਣੀ ਵਿਲੱਖਣਤਾ ਬਣਾ ਕੇ ਰਖਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਸ ਗੱਲ ਦਾ ਚਰਚਾ ਸਿੱਖ ਕੌਮ ਵਿੱਚ ਵੀ ਬਹੁਤ ਹੈ, ਪਰ ਸਿਵਾਏ ਗੱਲਾਂ ਦੇ ਕੋਈ ਅਮਲੀ ਉਪਰਾਲਾ ਨਜ਼ਰ ਨਹੀਂ ਆ ਰਿਹਾ। ਜਿਸ ਦਾ ਮੂਲ ਕਾਰਨ ਇਹ ਜਾਪਦਾ ਹੈ ਕਿ ਬਿਪਰਵਾਦੀ ਵਿਵਸਥਾ ਨੇ ਸਿੱਖ ਕੌਮ ਨੂੰ ਹਰ ਪਾਸਿਓ ਘੇਰਾ ਪਾ ਲਿਆ ਹੈ ਅਤੇ ਇਸ ਦੀ ਹਰ ਸੰਸਥਾ ਤੇ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਕਬਜ਼ਾ ਕਰ ਲਿਆ ਹੈ। ਇਸ ਤਰੀਕੇ ਨਾਲ ਅੰਦਰੋਂ ਹੀ ਬਿਪਰਵਾਦ ਨੂੰ ਗੁਰਮਤਿ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਸਭ ਤੋਂ ਵੱਡੀ ਕਾਮਯਾਬੀ ਇਹ ਹੈ ਕਿ ਉਨ੍ਹਾਂ ਸਿੱਖਾਂ ਨੂੰ ਗੁਰਬਾਣੀ ਸਮਝਣ ਤੋਂ ਹਟਾ ਕੇ ਪੂਜਣ ਤੇ ਲਾ ਦਿੱਤਾ ਹੈ। ਜੇ ਸਿੱਖ ਕੌਮ ਨੇ ਆਪਣੀ ਵਿਲੱਖਣਤਾ ਅਤੇ ਨਿਰਮਲ ਸਰੂਪ ਬਚਾਕੇ ਰਖਣਾ ਹੈ, ਤਾਂ ਫੌਰੀ ਤੌਰ ਤੇ ਗੁਰਬਾਣੀ ਨੂੰ ਵਿਚਾਰਨ ਅਤੇ ਜੀਵਨ ਵਿੱਚ ਧਾਰਨ ਦੇ ਰਾਹ ਤੇ ਤੁਰਨਾ ਪਵੇਗਾ। ਉਸੇ ਅਨੁਸਾਰ ਆਪਣੇ ਸੰਸਕਾਰਾਂ ਅਤੇ ਸੰਸਥਾਵਾਂ ਦਾ ਮੁਲਾਂਕਣ ਕਰਨਾ ਪਵੇਗਾ। ਹੋਰ ਥੋੜ੍ਹੀ ਦੇਰ ਵੀ ਘਾਤਕ ਹੋ ਸਕਦੀ ਹੈ। ਹੱਥਲਾ ਲੇਖ ਗੁਰਮਤਿ ਦੇ ਗੰਭੀਰ ਅਤੇ ਮਹੱਤਵ ਪੂਰਨ ਵਿਸ਼ੇ ਨੂੰ ਨਿਰੋਲ ਗੁਰਮਤਿ ਦੀ ਰੋਸ਼ਨੀ ਵਿੱਚ ਸਮਝਣ ਦਾ ਇਕ ਸੰਜੀਦਾ ਉਪਰਾਲਾ ਹੈ।

ਪੰਥਕ
ਢਾਡੀ ਜੱਥਾ
98150-03075

ਇਸ ਕਿਤਾਬ ਵਿੱਚੋਂ ਕੁੱਝ ਅੰਸ਼ ......

ਸਿੱਖ ਧਰਮ ਗ੍ਰਿਹਸਤੀਆਂ ਅਤੇ ਕਿਰਤੀਆਂ ਦਾ ਧਰਮ ਹੈ। ਇਥੇ ਤਾਂ ਅਕਾਲ-ਪੁਰਖ ਨੂੰ ਹਿਰਦੇ ਵਿੱਚ ਵਸਾ ਕੇ, ਆਪਣੀ ਸੁਕ੍ਰਿਤ ਕਰਦੇ ਹੋਏ, ਗ੍ਰਿਹਸਤ ਪਾਲਣ ਦਾ ਸਿਧਾਂਤ ਹੈ।

ਨਾਮ ਸਿਮਰਨ ਤਾਂ ਇਹ ਹੈ ਕਿ ਸਾਡਾ ਵੀ ਉਸ ਸੱਚੇ ਮਾਲਕ ਨਾਲ ਐਸਾ ਪਿਆਰ ਬਣ ਆਵੇ, ਅਸੀਂ ਵੀ ਉਸ ਮਾਲਕ ਦਾ ਦਰ ਕਦੇ ਨਾ ਛੱਡੀਏ, ਉਸ ਮਾਲਕ ਤੋਂ ਵਿਸ਼ਵਾਸ ਕਦੇ ਨਾ ਡੋਲੇ ਅਤੇ ਉਸ ਦੀ ਯਾਦ ਇਕ ਪਲ ਲਈ ਵੀ ਹਿਰਦੇ ਚੋਂ ਨਾ ਵਿਸਰੇ।

ਕੀ ਵਾਹਿਗੁਰੂ ਸ਼ਬਦ ਦਾ ਬਾਰ ਬਾਰ ਰਟਨ ਕਰਨਾ ਨਾਮ ਸਿਮਰਨ ਹੈ?

ਸਾਰੀ ਬਾਣੀ ਨਾਮ ਹੈ, ਇਸ ਨੂੰ ਪੜ੍ਹਨਾ, ਸੁਨਣਾ ਅਤੇ ਸਮਝ ਕੇ ਇਸ ਉਤੇ ਅਮਲ ਕਰਨਾ, ਗੁਰਮਤਿ ਅਨੁਸਾਰ ਨਾਮ ਸਿਮਰਨ ਹੈ। ਗੁਰਬਾਣੀ ਨੇ ਹੀ ਵਾਹਿਗੁਰੂ ਨੂੰ ਸਾਡੇ ਹਿਰਦੇ ਵਿੱਚ ਵਸਾਉਣਾ ਹੈ, ਪਰ ਅਤਿ ਦੁਖਦਾਈ ਗੱਲ ਹੈ ਕਿ ਵਾਹਿਗੁਰੂ ਵਾਹਿਗੁਰੂ ਸ਼ਬਦ ਦਾ ਰਟਣ ਅਜ ਸਿੱਖ ਅਤੇ ਗੁਰਬਾਣੀ ਵਿੱਚ ਦੀਵਾਰ ਬਣੀ ਜਾ ਰਿਹਾ ਹੈ।

ਖ਼ਾਲਸਾ ਵਿਰਾਸਤ ਪਬਲੀਕੇਸ਼ਨਜ਼
ਚੰਡੀਗੜ੍ਹ

ਰਾਜਿੰਦਰ ਸਿੰਘ
(ਮੁਖ ਸੇਵਾਦਾਰ, ਕ਼ੌਮੀ ਖਾਲਸਾ ਪੰਚਾਇਤ)
ਮੋਬਾਇਲ : +91 9876104726
ਈ. ਮੇਲ : rajindersinghskp@yahoo.co.in

Soft cover Rs. 60/-

੧ੳ ਸਤਿਗੁਰਪ੍ਰਸਾਦਿ

ਗੁਰਮਤਿ ਨਾਮ ਸਿਮਰਨ

ਰਾਜਿੰਦਰ ਸਿੰਘ
(ਮੁੱਖ ਸੇਵਾਦਾਰ, ਸ਼੍ਰੋਮਣੀ ਖਾਲਸਾ ਪੰਚਾਇਤ)
ਮੋ. : +91 98761 04726
ਈ.ਮੇਲ : rajindersinghskp@yahoo.co.in

ਸਮਰਪਣ

ਇਹ ਕਿਤਾਬ ਸਿੱਖ ਕੌਮ ਦੇ ਉਘੇ ਵਿਦਵਾਨ ਪ੍ਰੋ. ਸਾਹਿਬ ਸਿੰਘ ਜੀ ਨੂੰ ਸਮਰਪਿਤ ਹੈ, ਜਿਨ੍ਹਾਂ ਗੁਰਬਾਣੀ ਵਿਆਕਰਣ ਦੀ ਖੋਜ ਕਰਕੇ, ਗੁਰਬਾਣੀ ਦੇ ਅਰਥਾਂ ਅਤੇ ਭਾਵ ਨੂੰ, ਗੁਰਮਤਿ ਅਨੁਸਾਰੀ ਸਮਝਣ ਵਿੱਚ, ਇਕ ਇਨਕਲਾਬ ਲਿਆਂਦਾ। ਆਪ ਜੀ ਦਾ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ' ਗੁਰਮਤਿ ਦੇ ਵਿਦਿਆਰਥੀਆਂ ਲਈ ਸਦਾ ਚਾਨਣ ਮੁਨਾਰਾ ਬਣਿਆ ਰਹੇਗਾ।

ਧੰਨਵਾਦ

ਕੋਟਾਨਿ- ਕੋਟਿ ਧੰਨਵਾਦ ਹੈ, ਆਪਣੇ ਸਤਿਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦਾ, ਜਿਨ੍ਹਾਂ ਆਪਣੇ ਅੱਦੁਤੀ ਗਿਆਨ ਪ੍ਰਕਾਸ਼ ਦੀਆਂ ਕੁਝ ਕਿਰਣਾਂ ਦਾਸਰੇ ਦੀ ਝੋਲੀ ਪਾਕੇ, ਇਹ ਕਿਤਾਬ ਲਿਖਣ ਦੀ ਬਲ-ਬੁੱਧੀ ਬਖਸ਼ੀ।

ਮੈਂ ਅਤੀ ਧੰਨਵਾਦੀ ਹਾਂ ਸਤਿਕਾਰਤ ਵਿਦਵਾਨ ਵੀਰਾਂ ਸ੍ਰ. ਰਵਿੰਦਰ ਸਿੰਘ (ਸ਼੍ਰੋਮਣੀ ਖਾਲਸਾ ਪੰਚਾਇਤ,ਚੰਡੀਗੜ੍ਹ), ਸ੍ਰ.ਸਰਬਜੀਤ ਸਿੰਘ ਇੰਡੀਆ ਅਵੇਰਨੈਸ, ਡਾ.ਹਰਜਿੰਦਰ ਸਿੰਘ ਦਿਲਗੀਰ, ਸ੍ਰ. ਗੁਰਮੀਤ ਸਿੰਘ ਸਿਡਨੀ (ਅਸਟਰੇਲੀਆ), ਸ੍ਰ. ਨਾਨਕ ਸਿੰਘ ਨਿਸ਼ਤਰ (ਹੈਦਰਾਬਾਦ), ਭਾਈ ਰਣਜੀਤ ਸਿੰਘ ਜੀ(ਮੁੱਖ ਗ੍ਰੰਥੀ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਸੈਕਟਰ-34 ਚੰਡੀਗੜ੍ਹ), ਸ੍ਰ. ਹਰਚਰਨਜੀਤ ਸਿੰਘ (ਮੁੱਖੀ, ਦਲ ਖਾਲਸਾ), ਗਿਆਨੀ ਸੁਰਜੀਤ ਸਿੰਘ(ਦਿੱਲੀ), ਸ੍ਰ. ਹਰਦੇਵ ਸਿੰਘ (ਜੰਮੂ), ਸ੍ਰ. ਸੁਖਦੇਵ ਸਿੰਘ, ਕਰਨਲ ਗੁਰਦੀਪ ਸਿੰਘ, ਸ੍ਰ.ਗੁਰਚਰਨ ਸਿੰਘ, ਸ੍ਰ.ਰਘਬੀਰ ਸਿੰਘ, ਸ੍ਰ.ਜਸਬਿੰਦਰ ਸਿੰਘ ਖਾਲਸਾ (ਦੁਬਈ ਵਾਲੇ), ਸ੍ਰ.ਹਰਮੋਹਿੰਦਰ ਸਿੰਘ (ਸਾਰੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ) ਦਾ, ਜਿਨ੍ਹਾਂ ਆਪਣੇ ਸੁਹਿਰਦ ਸੁਝਾਵਾਂ ਨਾਲ ਇਸ ਕਿਤਾਬ ਦੇ ਵਿਸ਼ੇ ਨੂੰ ਨਿਖਾਰਨ ਵਿੱਚ ਮੈਨੂੰ ਭਰਪੂਰ ਸਹਿਯੋਗ ਦਿੱਤਾ। ਅਤੀ ਧੰਨਵਾਦੀ ਹਾਂ, ਵੈਬ-ਸਾਈਟ 'ਸਿੱਖ ਮਾਰਗ. ਕਾਮ' ਦੇ ਸੰਯੋਜਕ ਸਤਿਕਾਰਤ ਵੀਰ ਮੱਖਣ ਸਿੰਘ ਜੀ ਦਾ ਜਿਨ੍ਹਾਂ ਮੇਰੇ ਲੇਖ ਨੂੰ ਲੜੀਵਾਰ ਆਪਣੀ ਵੈਬ-ਸਾਈਟ ਤੇ ਛਾਪ ਕੇ ਸੂਝਵਾਨ ਗੁਰਸਿੱਖਾਂ ਦੇ ਵਿਚਾਰ ਜਾਨਣ ਦਾ ਮੌਕਾ ਦਿੱਤਾ।

ਮੈਂ ਗੁਨਾਹਗਾਰ ਹੋਵਾਂਗਾ, ਜੇ ਮੈਂ ਉਸ ਸਹਿਯੋਗ ਨੂੰ ਭੁਲ ਜਾਵਾਂ, ਜੋ ਮੇਰੇ ਪਰਿਵਾਰ ਨੇ ਘਰ ਵਿੱਚ, ਇਕ ਵਧੀਆ, ਪਿਆਰ ਭਰਿਆ ਮਾਹੌਲ ਬਣਾਕੇ, ਮੈਨੂੰ ਗੁਰਮਤਿ ਖੇਤਰ ਵਿੱਚ ਨਿਮਾਣਾ ਜਿਹਾ ਯੋਗਦਾਨ ਪਾਉਣ ਦੇ ਸਮਰਥ ਬਣਾਇਆ ਹੋਇਆ ਹੈ।

ਜੇ ਧੰਨਵਾਦ ਕਰਾਂ ਤਾਂ ਜਾਪੇਗਾ, ਆਪਣਾ ਹੀ ਧੰਨਵਾਦ ਕਰ ਰਿਹਾ ਹਾਂ, ਇਸ ਲਈ ਕੋਈ ਵੀ ਯੋਗ ਸ਼ਬਦ ਨਹੀਂ ਮਿਲ ਰਹੇ, ਜੋ ਆਪਣੇ ਜੀਵਨ ਦਾ ਅੱਧ, ਆਪਣੀ ਸਿੰਘਣੀ ਨਰਿੰਦਰ ਕੌਰ ਵਾਸਤੇ ਵਰਤਾਂ, ਜਿਨ੍ਹਾਂ ਨੇ ਮਾਨਸਿਕ ਸਹਿਯੋਗ ਤੋਂ ਇਲਾਵਾ, ਇਸ ਲੇਖ ਵਿੱਚ ਵਿਆਕਰਣ ਦੀਆਂ ਗਲਤੀਆਂ ਦਾ ਸੁਧਾਰ ਵੀ ਕੀਤਾ। ਕੇਵਲ ਇਤਨਾ ਕਹਿ ਸਕਦਾ ਹਾਂ, ਇਹ ਜੋ ਦੋ-ਚਾਰ ਸ਼ਬਦ ਲਿਖਣ ਦਾ ਉਪਰਾਲਾ ਹੋਇਆ ਹੈ, ਉਸ ਦੇ ਸਹਿਯੋਗ ਬਿਨਾਂ ਸ਼ਾਇਦ ਕਦੇ ਪੂਰਾ ਨਾ ਹੋ ਸਕਦਾ।

ਰਾਜਿੰਦਰ ਸਿੰਘ

ਮੁੱਖ ਬੰਦ

ਸਿੱਖ ਧਰਮ ਦੇ ਪਹਿਲੇ ਗੁਰਮਤਿ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਲਿਖਦੇ ਹਨ

'ਗੁਰਮੁਖਿ ਜਨਮੁ ਸਕਾਰਥਾ, ਗੁਰਬਾਣੀ ਪੜਿ, ਸਮਝਿ ਸੁਣੇਹੀ'
(ਵਾਰ ੧ ਪਉੜੀ ੩)

ਸੌਖੇ ਸ਼ਬਦਾਂ ਵਿੱਚ ਭਾਵ ਅਰਥ ਹਨ ਕਿ ਕਿਸੇ ਜਗਿਆਸੂ ਜਾਂ ਸ਼ਰਧਾਲੂ ਦਾ ਜਨਮ ਤਦ ਸਫਲ ਹੋ ਸਕਦਾ ਹੈ, ਜੇਕਰ ਉਹ ਗੁਰਬਾਣੀ ਨੂੰ ਸਮਝਦੇ ਪੜੇ ਜਾਂ ਸੁਣੇ। ਅਜੋਕੇ ਸਮੇਂ ਉਪਰੋਕਤ ਵਿਚਾਰ ਨੂੰ ਕੋਈ ਅਹਿਮੀਅਤ ਨਹੀਂ। ਇਸਦੇ ਉਲਟ ਗੁਰਬਾਣੀ ਦੇ ਅਧਿਕ ਅਖੰਡ ਪਾਠ ਜਾਂ ਨਾਮ ਸਿਮਰਨ ਸਮਾਗਮ ਜ਼ੋਰਾਂ-ਸ਼ੋਰਾਂ ਨਾਲ ਅਯੋਜਤ ਕੀਤੇ ਜਾਂਦੇ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਸਿੱਖਾਂ ਅੰਦਰ ਕੁੱਝ ਅਜੇਹੀਆਂ ਪ੍ਰੰਪਰਾਵਾਂ ਘੁਸੇੜੀਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਗੁਰਮਤਿ ਨਾਲ ਕੋਈ ਦੂਰ ਦਾ ਸਬੰਧ ਵੀ ਨਹੀਂ ਜੁੜਦਾ। ਪੰਜਾਬ ਅੰਦਰ ਦਿਨੋ ਦਿਨ ਡੇਰਿਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ, ਦੂਜੇ ਪਾਸੇ ਸਿੱਖੀ ਸਰੂਪ ਕੋਈ ਟਾਵਾਂ ਟਾਵਾਂ ਹੀ ਨਜ਼ਰ ਆਉਂਦਾ ਹੈ। ਇਹ ਕਿਉਂ ? ਭਾਵੇਂ ਇਹ ਡੇਰੇਦਾਰ ਸਿੱਖ ਧਰਮ ਦੇ ਪ੍ਰਚਾਰ ਦੇ ਪ੍ਰਪੰਚ ਰਚਾਉਂਦੇ ਹਨ ਅਥਵਾ ਅੰਮ੍ਰਿਤ ਸੰਚਾਰ ਸਮਾਗਮ ਸਬੰਧੀ ਵੱਡੇ ਵੱਡੇ ਇਸ਼ਤਿਹਾਰ ਛਾਪੇ ਜਾਂਦੇ ਹਨ, ਪਰ ਇਨ੍ਹਾਂ ਦੇ ਪ੍ਰਚਾਰ ਦਾ ਕੋਈ ਪ੍ਰਭਾਵ ਨਹੀਂ ਦਿਸ ਰਿਹਾ। ਅਮਲੀਅਤ ਇਹ ਹੈ ਕਿ ਇਹ ਡੇਰੇਦਾਰ ਗੈਰ-ਸਿੱਖ ਜਥੇਬੰਦੀਆਂ ਜਾਂ ਸਿੱਖ-ਵਿਰੋਧੀ ਏਜੰਸੀਆਂ ਦੁਆਰਾ ਚਲ ਰਹੇ ਹਨ। ਇਸ ਕਰਕੇ ਇਹ ਗੁਰੂ ਗ੍ਰੰਥ ਤੇ ਗੁਰੂ ਪੰਥ ਦੇ ਸਿਧਾਂਤ ਨੂੰ ਮੰਨਣ ਤੋ ਮੁੱਨਕਰ ਹਨ, ਅਤੇ ਪੰਥਕ ਰਹਿਤ ਮਰਯਾਦਾ ਦੀ ਥਾਂ ਆਪਣੀ ਆਪਣੀ ਮਰਯਾਦਾ ਨੂੰ ਅਸਲ ਗੁਰਮਤਿ ਮਰਯਾਦਾ ਦੱਸ ਰਹੇ ਹਨ।

ਇਨ੍ਹਾਂ ਡੇਰੇਦਾਰਾਂ ਤੋਂ ਬਿਨ੍ਹਾਂ ਕੁੱਝ ਉਚ ਪਦਾਂ ਤੋਂ ਸੇਵਾ ਮੁਕਤ ਵਿਅੱਕਤੀਆਂ ਵਲੋਂ 'ਸਰਬ ਰੋਗ ਕਾ ਅਉਖਦੁ ਨਾਮ' ਦੀ ਗੁਰਬਾਣੀ ਪੰਗਤੀ ਨੂੰ ਅਧਾਰ ਬਣਾਕੇ ਗੁਰਬਾਣੀ ਦੇ ਸ਼ਬਦਾਂ ਨੂੰ ਮੰਤਰਾਂ ਦੇ ਰੂਪ ਵਿੱਚ ਵਰਤਕੇ ਅਨੇਕਾਂ ਬੀਮਾਰੀਆਂ ਦੇ ਇਲਾਜ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ। ਕੁੱਝ ਸੰਸਥਾਵਾਂ ਅਤੇ ਕੀਰਤਨੀਆਂ ਵਲੋਂ ਨਾਮ ਸਿਮਰਨ ਦੀਆਂ ਸੀਡੀਜ਼ ਜਾਂ ਕੈਸਿਟਸ ਵੇਚੀਆਂ ਜਾਂ ਰਹੀਆਂ ਹਨ, ਜਿਸ ਕਰਕੇ ਲੋਕਾਂ ਅੰਦਰ ਵਹਿਮ ਫੈਲਾਇਆ ਜਾ ਰਿਹਾ ਹੈ ਕਿ ਗੁਰਬਾਣੀ ਪੜ੍ਹਨ ਅਤੇ ਗੁਰਬਾਣੀ ਕੀਰਤਨ ਨਾਲੋਂ ਨਾਮ ਸਿਮਰਨ ਦੀ ਮਹੱਤਤਾ ਜ਼ਿਆਦਾ ਹੈ। ਕੁੱਝ ਗੁਰਦੁਆਰਿਆਂ ਅੰਦਰ ਨਾਮ ਸਿਮਰਨ ਜਾਂ ਨਾਮ ਜਪਣੇ ਲਈ ਵਿਸ਼ੇਸ਼ ਦਿਨ ਨਿਰਧਾਰਤ

ਕੀਤੇ ਗਏ ਹਨ। ਇੰਝ ਜਾਪਦਾ ਹੈ ਕਿ ਗੁਰੂ ਸਾਹਿਬਾਨਾਂ ਨੂੰ ਪਤਾਂ ਹੀ ਨਾ ਲੱਗ ਸਕਿਆ ਕਿ ਗੁਰਬਾਣੀ ਦੇ ਸ਼ਬਦਾਂ ਦੇ ਰਟਣ ਜਾਂ ਜਪਣ ਨਾਲ ਇਲਾਜ਼ ਵੀ ਹੋ ਸਕਦਾ ਸੀ, ਨਹੀਂ ਤਾਂ ਉਹ ਬੀਮਾਰਾਂ ਲਈ ਹਸਪਤਾਲ ਕਿਉਂ ਖੋਲਦੇ ? ਅੱਜ ਲੋਕਾਈ ਨੂੰ ਗੁਰਬਾਣੀ ਤੋਂ ਦੂਰ ਕਰਨ ਲਈ ਕਿਸੇ ਵਿਸ਼ੇਸ਼ ਸ਼ਬਦ ਨੂੰ ਬਤੌਰ ਮੰਤਰ ਰਟਨ ਕਰਨ ਨੂੰ ਗੁਰਮਤਿ ਆਖਿਆ ਜਾ ਰਿਹਾ ਹੈ। ਇਸ ਤਰਾਂ ਲੋਕ ਸੌਖ ਮਹਿਸੂਸ ਕਰਨ ਲਗ ਜਾਂਦੇ ਹਨ ਅਤੇ ਗੁਰਬਾਣੀ ਨੂੰ ਸਮਝਕੇ ਪੜ੍ਹਨ ਦੀ ਮਹੱਤਤਾ ਘਟਦੀ ਜਾ ਰਹੀ ਹੈ। ਸ਼ਬਦਾਂ ਦਾ ਰਟਨ ਵੀ ਕਈ ਪ੍ਰਕਾਰ ਨਾਲ ਕੀਤਾ ਜਾਂਦਾ ਹੈ, ਜਿਸ ਕਰਕੇ ਪੰਥ ਅੰਦਰ ਏਕਤਾ ਦੀ ਥਾਂ ਅਨੇਕਤਾ ਜਗ ਜਾਹਰ ਹੋ ਰਹੀ ਹੈ। ਦੂਸਰੇ ਪਾਸੇ ਸਿੱਖ ਸੰਸਥਾਵਾਂ ਦਾ ਸਿਆਸੀਕਰਣ ਹੋ ਚੁੱਕਾ ਹੈ ਅਤੇ ਪੰਥਕ ਨੇਤਾ ਜਾਂ ਜੱਥੇਦਾਰ ਸਿਆਸੀ ਲੋਕਾਂ ਦੁਆਰਾ ਹੀ ਨਿਯੁੱਕਤ ਹੁੰਦੇ ਹਨ ਅਤੇ ਉਨ੍ਹਾਂ, ਸਿਆਸੀ ਲੋਕਾਂ ਦੀਆਂ ਨੀਤੀਆਂ ਨੂੰ ਲਾਗੂ ਕਰਨ ਤੱਕ ਸੀਮਤ ਹਨ। ਪੰਥਕ ਦਰਦੀ ਲੋਕ ਹੀ ਗੁਰਬਾਣੀ ਦਾ ਸਹੀ ਪ੍ਰਚਾਰ ਕਰ ਸਕਦੇ ਹਨ ਅਤੇ ਸਮੇਂ ਦੀ ਲੋੜ ਵੀ ਇਹੀ ਹੈ। ਗੁਰਮਤਿ ਵਿਰੋਧੀ ਪ੍ਰੰਪਰਾਵਾਂ ਬਾਰੇ ਭੋਲੇ ਭਾਲੇ ਲੋਕਾਂ ਨੂੰ ਦੱਸਿਆ ਜਾਵੇ। ਗੁਰੂ ਸਾਹਿਬ ਆਖ ਰਹੇ ਹਨ -

> ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥
> ਮੈ ਗੁਰਬਾਣੀ ਅਧਾਰ ਹੈ ਗੁਰਬਾਣੀ ਲਾਗਿ ਰਹਾਉ॥ (ਪੰਨਾ ੭੫੯)

ਸਾਨੂੰ ਗੁਰੂ ਹੁਕਮ ਅਨੁਸਾਰ ਗੁਰਬਾਣੀ ਨੂੰ ਜੀਵਨ ਦਾ ਅਧਾਰ ਬਨਾਉਣਾ ਪਵੇਗਾ। ਗੁਰਬਾਣੀ ਸਾਡੇ ਲਈ ਹੀਰਿਆਂ ਦੀ ਖਾਣ ਹੈ, ਇਸਨੂੰ ਮੰਤਰਾਂ ਵਾਂਗੂ ਨਾ ਵਰਤੀਏ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਸਿਮਰਨ ਉਸਨੂੰ ਆਖਦੇ ਹਨ ਜੋ ਅੰਤਰਜਾਮੀ ਦੇ ਅਰਥ ਨੂੰ ਵਿਚਾਰਦਾ ਹੈ, ਉਹ ਮਨ ਵਿੱਚ ਬੁਰਾ ਸੰਕਲਪ ਨਹੀ ਲਿਆਉਂਦਾ ... ਉਹ ਪਰਮਾਤਮਾ ਨੂੰ ਹਾਜ਼ਿਰ ਨਾਜ਼ਰ ਜਾਣਕੇ ਕੁਕਰਮਾਂ ਦੇ ਕੁਕਰਮਾਂ ਦੇ ਕਰਣ ਤੋਂ ਸੰਕੋਚ ਕਰਦਾ ਹੈ, (ਗੁਰਮਤਿ ਮਾਰਤੰਡ ਪੰਨਾ ੬੨)

ਜਿਥੋਂ ਤੱਕ ਕਿਸੇ ਵਿਸ਼ੇਸ਼ ਸਬਦ ਦਾ ਰਟਨਾ ਹੈ, ਇਹ ਸਿਮਰਨ ਨਹੀ। ਡਾਕਟਰ ਸ਼ੇਰ ਸਿੰਘ ਜੀ ਲਿਖਦੇ ਹਨ 'ਜੇ ਨਾਮ ਦੇ ਅਰਥ ਕਿਸੇ ਪਰ ਦਾ ਤੋਤਾ ਰਟਣਾ ਜਾਪ ਹੈ ਤਾਂ ਫਿਰ ਨਾਮ ਅਤੇ ਜਾਦੂ ਟੂਣੇ (ਫੂਕਾਂ ਮਾਰਨ ਵਾਲੇ ਮੰਤਰਾਂ) ਵਿੱਚ ਕੋਈ ਫਰਕ ਨਹੀਂ। ਪੁਰਾਣੇ ਮੰਤਰ ਪਾਠ ਵੀ ਇਸਤਰਾਂ ਹੀ ਸਮਝੇ ਜਾਂਦੇ ਸਨ। 'ਇਨ੍ਹਾਂ ਅਰਥਾਂ ਵਿੱਚ ਨਾਮ ਹੈ ਹੀ ਜਾਦੂ ਦਾ ਦੂਜਾ ਨਾਂ (ਗੁਰਮਤਿ ਦਰਸ਼ਨ ਪੰਨਾ ੪੪੮-੪੪੯)

ਭਾਈ ਰਾਜਿੰਦਰ ਸਿੰਘ ਜੀ (ਮੁੱਖ ਸੇਵਾਦਾਰ, ਸ਼੍ਰੋਮਣੀ ਖਾਲਸਾ ਪੰਚਾਇਤ)

ਹੋਰਾਂ ਨੇ ਨਿਰੋਲ ਗੁਰਬਣੀ ਦੇ ਪਰਮਾਣਾਂ ਦੁਆਰਾ ਸਪਸ਼ਟ ਕਰਨ ਦਾ ਜਤਨ ਕੀਤਾ ਹੈ ਕਿ ਨਾਮ ਕੀ ਹੈ ? ਨਾਮ ਕਿਥੋਂ ਪ੍ਰਾਪਤ ਹੁੰਦਾ ਹੈ ? ਨਾਮ ਸਿਮਰਨ ਕਿਵੇਂ ਕਰਨਾ ਹੈ। ਇਨ੍ਹਾਂ ਦਾ ਖੋਜ ਭਰਪੂਰ ਲਿਖਿਆ ਟ੍ਰੈਕਟ ਪੜ੍ਹ ਕੇ ਰਤੀ ਭਰ ਵੀ ਸ਼ੱਕ ਦੀ ਗੁੰਜਾਇਸ਼ ਨਹੀ ਰਹੇਗੀ ਕਿ ਗੁਰਮਤਿ ਅਨੁਸਾਰ ਨਾਮ ਸਿਮਰਨ ਕੀ ਹੈ। ਇਨ੍ਹਾਂ ਵਲੋਂ ਪੰਥਕ ਭਲੇ ਲਈ ਗੁਰਮਤਿ ਸਬੰਧੀ ਖੋਜ ਕਰਨ ਲਈ ਬਹੁਤ ਬਹੁਤ ਧੰਨਵਾਦ ਹੈ। ਵਾਹਿਗੁਰੂ ਇਨ੍ਹਾਂ ਦੇ ਸਿਰ ਤੇ ਮਿਹਰਾਂ ਭਰਿਆ ਹੱਥ ਰੱਖਣ ਤਾਂ ਜੋ ਭਵਿੱਖ 'ਚ ਵੀ ਗੁਰਬਾਣੀ ਖੋਜ ਲਈ ਉਦਮ ਕਰਦੇ ਰਹਿਣ। ਸਾਨੂੰ ਗੁਰਬਾਣੀ ਦਾ ਉਪਦੇਸ਼ ਹੈ ਕਿ -

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨ ॥
ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨ॥ (ਪੰਨਾ ੧੨੪੫)

ਭਾਵੇਂ ਦਾਸਰੇ 'ਚ ਭਾਈ ਰਜਿੰਦਰ ਸਿੰਘ ਜੀ ਵਰਗੀ ਗੁਰਬਾਣੀ ਦੀ ਸੂਝ ਨਹੀਂ, ਫਿਰ ਵੀ ਇਨ੍ਹਾਂ ਵਲੋਂ ਆਖਣ ਤੇ ਕੁੱਝ ਸ਼ਬਦ ਲਿਖੇ ਹਨ।

ਗੁਰੂ ਪੰਥ ਦਾ ਦਾਸਰਾ
ਪੂਰਨ ਸਿੰਘ (ਡਾਕਟਰ), ਸੰਪਾਦਕ, ਸਿੱਖ ਮਾਰਗ
ਕੈਨੇਡੀਅਨ ਸਿੱਖ ਸੱਟਡੀ ਤੇ ਟੀਚਿੰਗ ਸੁਸਾਇਟੀ,
ਵੈਨਕੂਵਰ, ਬੀ. ਸੀ. (ਕੈਨੇਡਾ)
ਫੋਨ :- 604-325-3784



ਸ਼ੁਰੂਆਤ

ਸਿੱਖ ਦੇ ਜੀਵਨ ਦਾ ਆਧਾਰ ਕੇਵਲ ਤੇ ਕੇਵਲ ਸਤਿਗੁਰੂ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ। ਸਤਿਗੁਰੂ ਜੀ ਦੇ ਪੰਨਾ 759 ਤੇ ਅੰਕਿਤ ਹੈ:

"ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥
ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥੪॥"

(ਰਾਗੁ ਸੂਹੀ ਮਹਲਾ ੪)

ਅਸੀਂ ਬਹੁਤ ਵੱਡਭਾਗੇ ਹਾਂ, ਜੋ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਜਿਹੇ ਪੂਰਨ ਗੁਰੂ ਦੇ ਸਿੱਖ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਜੀ ਗੁਣਾਂ ਰੂਪੀ ਲਾਲ, ਰਤਨ, ਜਵਾਹਰਾਤ ਨਾਲ ਭਰਪੂਰ ਗਿਆਨ ਦਾ ਅਨਮੋਲ ਖ਼ਜ਼ਾਨਾ ਹਨ। ਗੁਰਬਾਣੀ ਫੁਰਮਾਊਂਦੀ ਹੈ:

"ਰਤਨ ਲਾਲ ਜਾ ਕਾ ਕਛੂ ਨ ਮੋਲੁ ॥
ਭਰੇ ਭੰਡਾਰ ਅਖੂਟ ਅਤੋਲ ॥2॥"

(ਗਉੜੀ ਗੁਆਰੇਰੀ ਮਹਲਾ ੫, ਪੰਨਾ ੧੮੬)

ਇਨ੍ਹਾਂ ਰਤਨ ਪਦਾਰਥਾਂ ਦਾ ਸੁੱਖ ਅਨੰਦ ਅਸੀਂ ਤਾਂ ਹੀ ਮਾਣ ਸਕਦੇ ਹਾਂ, ਜੇ ਜੀਵਨ ਨੂੰ ਗੁਰਮਤਿ ਅਨੁਸਾਰ ਢਾਲ ਲਈਏ। ਗੁਰਮਤਿ ਜੁਗਤਿ ਨੂੰ ਜੀਵਨ ਦਾ ਅਧਾਰ ਬਣਾ ਲਈਏ। ਜੀਵਨ ਦਾ ਉਹ ਕਿਹੜਾ ਪੱਖ ਹੈ, ਜਿਸ ਦੀ ਅਗਵਾਈ ਗੁਰੂ ਗ੍ਰੰਥ ਸਾਹਿਬ ਕੋਲੋਂ ਨਹੀਂ ਮਿਲਦੀ? ਪਰ ਸਾਡੀ ਇਹ ਬਦਕਿਸਮਤੀ ਹੈ ਕਿ ਅਸੀਂ ਇਸ ਅਨਮੋਲ ਖ਼ਜ਼ਾਨੇ ਨੂੰ ਪਛਾਣ ਹੀ ਨਹੀਂ ਸਕੇ। ਸਾਡੀ ਹਾਲਤ ਤਾਂ ਉਸ ਬੱਚੇ ਵਰਗੀ ਹੈ, ਜੋ ਕਿਸੇ ਬਹੁਤ ਵੱਡੇ ਧਨਾਢ ਦੇ ਘਰ ਪੈਦਾ ਹੋਵੇ। ਉਸ ਦੇ ਜਨਮ ਤੇ ਲੋਕੀ ਆਖਣ, ਬਹੁਤ ਭਾਗਾਂ ਵਾਲਾ ਹੈ, ਘਰ ਵਿੱਚ ਇਤਨੀ ਧੰਨ-ਦੌਲਤ ਹੈ ਕਿ ਸਾਰੀ ਜ਼ਿੰਦਗੀ ਮੌਜਾਂ ਕਰੇ ਫਿਰ ਵੀ ਨਹੀਂ ਮੁਕਣੀ। ਜੇ ਵੱਡਾ ਹੋ ਕੇ ਉਹ ਘਰ ਪਏ, ਉਨ੍ਹਾਂ ਹੀਰੇ ਜਵਾਹਰਾਤ ਦੀ ਪਛਾਣ ਨਾ ਕਰ ਸਕੇ, ਉਨ੍ਹਾਂ ਦੀ ਕੀਮਤ ਨਾ ਸਮਝੇ, ਅਤੇ ਬਾਹਰ ਭੀਖ ਮੰਗਦਾ ਫਿਰੇ, ਉਹੀ ਲੋਕ ਜਿਨ੍ਹਾਂ ਕਲ੍ਹ ਉਸ ਨੂੰ ਭਾਗਾਂ ਵਾਲਾ ਆਖਿਆ ਸੀ, ਅਜ ਉਸ ਨੂੰ ਬਹੁਤ ਮੰਦਭਾਗਾ ਆਖਣਗੇ, ਕਿ ਘਰ ਵਿੱਚ ਇਤਨੀ ਧੰਨ ਦੌਲਤ ਹੋਣ ਦੇ ਬਾਵਜੂਦ

ਬਾਹਰ ਭੀਖ ਮੰਗਦਾ ਫਿਰਦਾ ਹੈ। ਬਿਲਕੁਲ ਐਸੀ ਹੀ ਹਾਲਤ ਅਜ ਬਹੁਤੇ ਸਿੱਖਾਂ ਦੀ ਹੈ। ਸਾਡੇ ਵਿੱਚੋਂ ਵੀ ਬਹੁਤੇ ਗੁਰਬਾਣੀ ਦੇ ਇਸ ਅਨਮੋਲ ਗੁਣਾਂ ਰੂਪੀ ਖ਼ਜ਼ਾਨੇ ਦੀ ਪਛਾਣ ਹੀ ਨਹੀਂ ਕਰ ਸਕੇ। ਸਤਿਗੁਰੂ ਨਾਨਕ ਪਾਤਿਸ਼ਾਹ ਨੇ ਇਨ੍ਹਾਂ ਰਤਨ ਪਦਾਰਥਾਂ ਨੂੰ ਪਹਿਚਾਨਣ ਦਾ ਅਤੇ ਇਨ੍ਹਾਂ ਨੂੰ ਪ੍ਰਾਪਤ ਕਰਨ ਦਾ ਤਰੀਕਾ ਵੀ ਸਾਨੂੰ ਜਪੁ ਬਾਣੀ ਦੀ ਛੇਵੀਂ ਪਉੜੀ ਵਿੱਚ ਸਿਖਾ ਦਿੱਤਾ ਹੈ:

"ਮਤਿ ਵਿਚਿ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ ॥"

ਭਾਵ ਜੇ ਅਸੀਂ ਗੁਰੂ ਪਾਤਿਸ਼ਾਹ ਦੀ ਸਿਖਿਆ ਨੂੰ ਧਿਆਨ ਨਾਲ ਸੁਣ ਲਈਏ, ਤਾਂ ਇਹ ਰਤਨ ਪਦਾਰਥ ਸਾਡੀ ਮਤਿ ਵਿੱਚ ਪ੍ਰਗਟ ਹੋ ਜਾਣਗੇ। ਸਤਿਗੁਰੂ ਦੀ ਸਿਖਿਆ ਸੁਨਣ ਦਾ ਤਾਂ ਇਕੋ ਤਰੀਕਾ ਹੈ, ਕਿ ਗੁਰਬਾਣੀ ਨੂੰ ਵਿਚਾਰ ਕੇ ਪੜ੍ਹੀਏ, ਸੁਣੀਏ ਅਤੇ ਮੰਨੀਏ। ਅਸੀਂ ਤਾਂ ਗੁਰਬਾਣੀ ਨੂੰ ਜਾਦੂ ਮੰਤਰ ਸਮਝ ਕੇ, ਜਾਂ ਰਟਨਾ ਸ਼ੁਰੂ ਕਰ ਦਿਤਾ, ਜਾਂ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਤਕ ਸੀਮਤ ਹੋ ਗਏ। ਜਦ ਗੁਰਬਾਣੀ ਨੂੰ ਵਿਚਾਰਨ, ਸਮਝਣ ਦੀ ਕਦੇ ਕੋਸ਼ਿਸ਼ ਹੀ ਨਹੀਂ ਕੀਤੀ, ਫੇਰ ਗੁਣਾਂ ਰੂਪੀ ਰਤਨ ਪਦਾਰਥਾਂ ਦੀ ਪਹਿਚਾਣ ਕਿਥੋਂ ਹੋਣੀ ਸੀ, ਅਤੇ ਇਸ ਅਨਮੋਲ ਖ਼ਜ਼ਾਨੇ ਨੂੰ ਜੀਵਨ ਵਿੱਚ ਕਿਥੋਂ ਅਪਨਾਉਣਾ ਸੀ ? ਗੁਰਬਾਣੀ ਵੀ ਫੁਰਮਾਉਂਦੀ ਹੈ:

"ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ ॥
ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥
ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥"

(ਸਲੋਕ ਮਃ ੩,ਪੰਨਾ ੫੮੯)

ਪਰ ਜਾਂ ਤਾਂ ਸਾਡਾ ਗੁਰਬਾਣੀ ਨਾਲੋਂ ਰਿਸ਼ਤਾ ਬਿਲਕੁਲ ਟੁੱਟਿਆ ਪਿਆ ਹੈ, ਜਾਂ ਅਸੀਂ ਗੁਰਬਾਣੀ ਕੇਵਲ ਰਟਨ, ਪੂਜਣ ਤਕ ਸੀਮਿਤ ਹੋ ਗਏ ਹਾਂ, ਫੇਰ ਹਿਰਦੇ ਵਿੱਚ ਇਲਾਹੀ ਗਿਆਨ ਦਾ ਪ੍ਰਕਾਸ਼ ਕਿਥੋਂ ਹੋਣਾ ਹੈ? ਨਤੀਜਾ ਇਹ ਹੈ ਕਿ ਦੁਨੀਆਂ ਦੇ ਸੱਭ ਤੋਂ ਅਨਮੋਲ ਗਿਆਨ ਖ਼ਜ਼ਾਨੇ ਦਾ ਮਾਲਕ, ਅਜ ਆਪ ਅਗਿਆਨਤਾ ਦੇ ਹਨੇਰੇ ਵਿੱਚ ਭਟਕਦਾ ਫਿਰਦਾ ਹੈ। ਸਿੱਖ ਦੀ ਇਸ ਅਗਿਆਨਤਾ ਦਾ ਕੁਝ ਧੂਰਤ ਲੋਕਾਂ ਨੇ ਭਰਪੂਰ ਫਾਇਦਾ ਚੁੱਕਿਆ ਹੈ।

ਕੁਝ ਸਮਾਂ ਪਹਿਲੇ ਮੈਂ ਲੁਧਿਆਣੇ ਇਕ ਸਮਾਗਮ ਵਿੱਚ ਹਾਜ਼ਰੀ ਭਰਨ

ਗਿਆ ਹੋਇਆ ਸੀ। ਉਥੇ ਇਕ ਸੱਜਣ ਛਪਿਆ ਹੋਇਆ ਪਰਚਾ ਵੰਡ ਰਹੇ ਸਨ, ਜੋ ਉਨ੍ਹਾਂ ਮੈਨੂੰ ਵੀ ਦਿੱਤਾ। ਉਸ ਵਿੱਚ 12-14 ਪੰਕਤੀਆਂ ਲਿਖੀਆਂ ਹੋਈਆਂ ਸਨ। ਗੁਰਬਾਣੀ ਦੀ ਕਸਵੱਟੀ ਤੇ ਪਰਖੀਏ ਤਾਂ ਸ਼ਾਇਦ ਹੀ ਕੋਈ ਇਕ ਦੋ ਪੰਕਤੀਆਂ ਖਰੀਆਂ ਉਤਰਨ, ਬਾਕੀ ਸੱਭ ਤਾਂ ਫੋਕੀ ਭਾਵੁਕਤਾ ਨਾਲ ਭਰਿਆ, ਇਧਰੋਂ ਉਧਰੋਂ ਇਕੱਠਾ ਕੀਤਾ ਕੂੜ-ਕਬਾੜ ਹੀ ਸੀ। ਪਰ ਪਹਿਲੀ ਹੀ ਪੰਕਤੀ ਨੇ ਮੈਨੂੰ ਝੰਜੋੜ ਕੇ ਰਖ ਦਿਤਾ, ਜਿਸ ਵਿੱਚ ਲਿਖਿਆ ਸੀ, "ਗੁਰਬਾਣੀ ਪੜ੍ਹਨਾ, ਸੁਣਨਾ ਵੀ ਠੀਕ ਹੈ, ਪਰ ਅਸਲੀ ਗੱਲ ਹੈ ਨਾਮ ਜਪਣਾ। ਵੱਧ ਤੋਂ ਵੱਧ ਨਾਮ ਜਪੋ।"

ਮੈਂ ਹੈਰਾਨ ਰਹਿ ਗਿਆ ਕਿ ਇਸ ਗੁਮਰਾਹਕੁੰਨ ਪਰਚੇ ਵਿੱਚ ਗੁਰਬਾਣੀ ਪੜ੍ਹਨ ਨੂੰ ਘੱਟ ਜ਼ਰੂਰੀ ਬਣਾ ਕੇ, ਅਖੌਤੀ ਨਾਮ ਜਪਣ ਤੋਂ ਪਿੱਛੇ ਸੁੱਟ ਦਿਤਾ ਗਿਆ ਸੀ। ਮਨ ਵਿੱਚ ਕਈ ਸੁਆਲ ਇਕ ਦਮ ਉਠ ਖੜੋਤੇ। ਕੀ ਗੁਰਬਾਣੀ ਪੜ੍ਹਨਾ ਘੱਟ ਮਹੱਤਵ ਪੂਰਨ ਅਤੇ ਮਨ ਮਰਜ਼ੀ ਤੇ ਹੈ ? ਜੇ ਹਾਂ, ਤਾਂ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1429 ਪੰਨੇ ਗੁਰਬਾਣੀ ਨਾਲ ਹੀ ਕਿਉਂ ਭਰੇ ਹੋਏ ਹਨ? 5871 ਸ਼ਬਦਾਂ ਦਾ ਇਹ ਖ਼ਜ਼ਾਨਾ ਤਿਆਰ ਕਰਨ ਦੀ ਕੀ ਲੋੜ ਸੀ? ਜੇ ਕਿਸੇ ਇਕ ਸ਼ਬਦ ਦਾ ਰਟਨ ਕਰਨਾ ਨਾਮ ਜਪਣਾ ਹੈ ਅਤੇ ਇਹੀ ਸਭ ਤੋਂ ਮਹੱਤਵ ਪੂਰਨ ਹੈ, ਇਸੇ ਨਾਲ ਜੀਵਨ ਸਫਲਾ ਹੋ ਜਾਂਦਾ ਹੈ, ਤਾਂ ਫਿਰ ਸਤਿਗੁਰੂ ਜੀ ਨੇ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੋਈ ਇਕ ਸ਼ਬਦ ਹੀ ਬਾਰ ਬਾਰ ਕਿਉ ਨਹੀਂ ਲਿੱਖ ਦਿੱਤਾ? ਕੀ ਗੁਰਬਾਣੀ ਪੜ੍ਹੇ ਬਗੈਰ ਨਾਮ ਸਿਮਰਨ ਦੀ ਸਮਝ ਆ ਸਕਦੀ ਹੈ ?

ਮੈਂ ਉਸ ਸੱਜਣ ਨੂੰ ਪੁਛਿਆ, "ਵੀਰ ਜੀ ! ਇਹ ਕੀ ? ਤੁਸੀਂ ਗੁਰਬਾਣੀ ਪੜ੍ਹਨ ਨੂੰ ਗੈਰ ਜ਼ਰੂਰੀ ਬਣਾ ਦਿੱਤਾ ਹੈ?" ਜਿਹੜਾ ਜੁਆਬ ਉਸ ਨੇ ਦਿੱਤਾ, ਉਹ ਹੋਰ ਵੀ ਦੁਖਦਾਈ ਸੀ। ਕਹਿਣ ਲੱਗਾ, "ਸਾਨੂੰ ਨਹੀਂ ਜੇ ਪਤਾ, ਸਾਨੂੰ ਤਾਂ ਇਹ ਪਰਚਾ ਸਾਡੇ ਮਹਾਪੁਰਖਾਂ ਨੇ ਬਣਾ ਕੇ ਦਿੱਤਾ ਸੀ, ਕਿ ਵੱਧ ਤੋਂ ਵੱਧ ਛਾਪ ਕੇ ਵੰਡੋ, ਬਹੁਤ ਵੱਡੀ ਸੇਵਾ ਹੈ। ਅਸੀਂ ਤਾਂ ਸੇਵਾ ਕਰ ਰਹੇ ਹਾਂ। ਹੁਣ ਤਕ ਲੱਖ ਤੋਂ ਉਤੇ ਛਪਵਾ ਕੇ ਵੰਡ ਚੁਕੇ ਹਾਂ।" ਮੈਂ ਕੇਵਲ ਇਤਨਾ ਹੀ ਕਹਿ ਸਕਿਆ, ਕਿ ਜੇ ਤੁਹਾਡੀ ਅੰਧੀ ਸ਼ਰਧਾ ਵੱਲ ਵੇਖਾਂ, ਤਾਂ ਬਲਿਹਾਰ ਜਾਵਾਂ, ਪਰ ਤੁਸੀਂ ਸੇਵਾ ਕਰ ਰਹੇ ਹੋ ਯਾ ਕੌਮ ਨੂੰ ਹੋਰ ਭਰਮ-ਭੁਲੇਖਿਆਂ ਵਿੱਚ ਪਾ ਰਹੇ ਹੋ, ਇਹ ਤਾਂ ਵਿਚਾਰਨ ਵਾਲੀ ਗੱਲ ਹੈ। ਓਏ ਭੋਲਿਆ! ਇਕ ਵਾਰੀ ਵੇਖ, ਵਿਚਾਰ ਤਾਂ ਲੈਣਾ ਸੀ, ਜੋ ਵੰਡਣ ਲੱਗਾ ਹਾਂ, ਕੀ ਉਹ ਗੁਰਮਤਿ ਅਨੁਸਾਰ ਹੈ ? ਗੁਰੂ ਗ੍ਰੰਥ ਸਾਹਿਬ ਜੀ ਨੂੰ ਪੁੱਛਣਾ ਸੀ ਕਿ ਸਤਿਗੁਰੂ ਜੀ ! ਇਹ

ਸਚਮੁਚ ਆਪ ਜੀ ਦੇ ਨਾਮ ਅੰਮ੍ਰਿਤ ਦੀ ਗੱਲ ਹੋ ਰਹੀ ਹੈ ਯਾ ਕੋਈ ਨਾਮ ਦੀ ਮਿਠਾਸ ਵਿੱਚ ਜ਼ਹਿਰ ਲਪੇਟ ਕੇ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਸਾਡੀ ਮੁੱਖ ਸਮੱਸਿਆ ਤਾਂ ਇਹੀ ਹੈ ਕਿ ਬਹੁਗਿਣਤੀ ਭੋਲੇ ਸਿੱਖਾਂ ਦਾ, ਕੁਝ ਵਿਅਕਤੀਆਂ (ਖ਼ਾਸ ਕਰ ਕੇ ਸਾਧਾਂ ਤੇ ਡੇਰੇਦਾਰਾਂ) ਪ੍ਰਤੀ ਅੰਨ੍ਹਾ ਵਿਸ਼ਵਾਸ ਬੱਝ ਗਿਆ ਹੈ ਅਤੇ ਸਤਿਗੁਰੂ ਜੀ ਦੇ ਜ਼ਾਹਿਰਾ-ਜ਼ਹੂਰ, ਹਾਜ਼ਿਰਾ-ਹਜ਼ੂਰ ਹੁੰਦਿਆਂ ਵੀ ਕਦੇ ਸਤਿਗੁਰੂ ਨੂੰ ਕੁਝ ਵੀ ਪੁੱਛਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਅਤੇ ਅੱਖਾਂ ਬੰਦ ਕਰਕੇ ਇਨ੍ਹਾਂ ਪਖੰਡੀਆਂ ਦੇ ਮਗਰ ਤੁਰੀ ਜਾ ਰਹੇ ਹਨ।

ਵਿਚਾਰ ਮੰਡਲ ਵਿੱਚ ਇਕ ਤੂਫਾਨ ਜਿਹਾ ਉਠ ਖੜੋਤਾ। ਨਾਮ ਸਿਮਰਨ ਦੇ ਵਿੱਸ਼ੇ ਨਾਲ ਸੰਬੰਧਤ ਕੁਝ ਸੁਆਲ ਤਿਆਰ ਕੀਤੇ, ਅਤੇ ਇਕ ਜਗਿਆਸੂ ਬਣ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿੱਚ ਪਹੁੰਚ ਗਿਆ। ਉਨ੍ਹਾਂ ਸੁਆਲਾਂ ਦੇ ਜੋ ਜੁਆਬ ਸਤਿਗੁਰੂ ਕੋਲੋਂ ਪ੍ਰਾਪਤ ਹੋਏ, ਉਸ ਅਨੁਸਾਰ ਇਕ ਪੇਸ਼ਕਾਰੀ (Slide show presentation) ਬਣਾਈ। ਜੋ ਨਤੀਜੇ ਸਾਹਮਣੇ ਆਏ, ਉਨ੍ਹਾਂ ਤਾਂ ਮਨ ਨੂੰ ਹੋਰ ਪ੍ਰੇਸ਼ਾਨ ਕਰ ਦਿਤਾ, ਕਿਉਂਕਿ ਜੋ ਨਾਮ ਸਿਮਰਨ ਅਜ ਤਕ ਕਰ ਰਹੇ ਸਾਂ, ਨਤੀਜੇ ਪੂਰੀ ਤਰ੍ਹਾਂ ਉਸ ਨੂੰ ਰੱਦ ਕਰਦੇ ਸਨ। ਸ੍ਰ. ਗੁਰਤੇਜ ਸਿੰਘ (ਸਾਬਕਾ ਆਈ.ਏ.ਐਸ. ਅਤੇ ਪ੍ਰੋਫੈਸਰ ਆਫ ਸਿਖਇਜ਼ਮ), ਡਾ. ਹਰਜਿੰਦਰ ਸਿੰਘ ਦਿਲਗੀਰ, ਪ੍ਰਿ. ਬਲਜੀਤ ਸਿੰਘ (ਬਾਬਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ), ਭਾਈ ਅਮਰੀਕ ਸਿੰਘ ਮੋਹਾਲੀ, ਜਿਹੇ ਕੁਝ ਉਘੇ ਕੌਮੀ ਵਿਦਵਾਨਾਂ ਨੂੰ ਬੇਨਤੀ ਕਰਕੇ ਇਕੱਠੇ ਕੀਤਾ, ਸਾਰੀ ਪੇਸ਼ਕਾਰੀ ਵਿਖਾਈ ਅਤੇ ਇਸ ਦੀ ਰੌਸ਼ਨੀ ਵਿੱਚ ਵਿਸ਼ੇ ਨੂੰ ਵਿਚਾਰਿਆ। ਅਲੱਗ ਅਲੱਗ ਵਿਦਵਾਨਾਂ ਅਤੇ ਸੋਝੀ ਰਖਣ ਵਾਲੇ ਗੁਰਸਿੱਖਾਂ ਨਾਲ ਤਿਨ ਵਾਰੀ ਬੈਠਕਾਂ ਕੀਤੀਆਂ, ਅਤੇ ਪੇਸ਼ਕਾਰੀ ਵਿਖਾਈ। ਕਿਉਂਕਿ ਸਭ ਕੁਝ ਗੁਰਬਾਣੀ ਦੇ ਪ੍ਰਮਾਣਾ ਤੇ ਅਧਾਰਿਤ ਸੀ, ਵਿੱਸ਼ੇ ਦੇ ਨਤੀਜੇ ਤੇ ਤਾਂ ਕੋਈ ਅਸਰ ਨਾ ਪਿਆ, ਪਰ ਇਸ ਨਾਲ ਇਸ ਪੇਸ਼ਕਾਰੀ ਵਿੱਚ ਹੋਰ ਵੀ ਕਾਫੀ ਨਿਖਾਰ ਆ ਗਿਆ। ਉਸ ਤੋਂ ਬਾਅਦ ਇਸ ਪੇਸ਼ਕਾਰੀ ਨੂੰ ਕਈ ਗੁਰਦੁਆਰਿਆਂ ਅਤੇ ਗੁਰਮਤਿ ਕੈਂਪਾਂ ਵਿੱਚ ਪੇਸ਼ ਕੀਤਾ ਜਾ ਚੁੱਕਾ ਹੈ। ਹਰ ਪੇਸ਼ਕਾਰੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਸੰਗਤਾਂ ਨੂੰ ਆਪਣੇ ਵਿਚਾਰ ਅਤੇ ਨਿਰਪੱਖ ਸੁਝਾ ਦੇਣ ਲਈ ਬੇਨਤੀ ਕੀਤੀ ਜਾਂਦੀ ਹੈ, ਅਤੇ ਯਕੀਨ ਦੁਆਇਆ ਜਾਂਦਾ ਹੈ ਕਿ ਜੇ ਕੁਝ ਗਲਤ ਹੈ ਤਾਂ ਗੁਰਬਾਣੀ ਅਨੁਸਾਰ ਦਿਤੇ ਸੁਝਾਵਾਂ ਦੇ ਅਧਾਰ ਤੇ ਹਰ ਲੋੜੀਂਦੀ ਸੋਧ ਕੀਤੀ ਜਾਵੇਗੀ। ਇਥੋਂ ਤਕ ਕਿ ਜੇ ਗੁਰਬਾਣੀ ਦੇ ਕੁਝ ਐਸੇ ਪ੍ਰਮਾਣ ਹੋਣ

ਜੋ ਇਸ ਨੂੰ ਪੂਰਨ ਗਲਤ ਸਾਬਤ ਕਰਦੇ ਹੋਣ, ਤਾਂ ਇਸ ਨੂੰ ਪੂਰਨ ਰੂਪ ਵਿੱਚ ਰੱਦ ਕਰਨ ਵਿੱਚ ਵੀ ਪਲ ਨਹੀਂ ਲਾਇਆ ਜਾਵੇਗਾ। ਇਹੀ ਗਲ ਦਾਸ ਇਸ ਲੇਖ ਬਾਰੇ ਵੀ ਦੁਹਰਾਉਣਾ ਚਾਹੁੰਦਾ ਹੈ। ਇਸ ਲੇਖ ਦਾ ਅਧਾਰ ਵੀ ਮੈਂ ਇਸੇ ਪੇਸ਼ਕਾਰੀ ਨੂੰ ਬਣਾਇਆ ਹੈ, ਹਾਲਾਂਕਿ ਇਸਦਾ ਵਿਸਥਾਰ ਉਸ ਤੋਂ ਬਹੁਤ ਜ਼ਿਆਦਾ ਹੋ ਗਿਆ ਹੈ। ਇਸ ਪੇਸ਼ਕਾਰੀ ਨਾਲ ਇਕ ਹੋਰ ਗੱਲ ਚੰਗੀ ਹੋਈ ਕਿ ਅਗੋਂ ਗੁਰਮਤਿ ਦੇ ਅਲੱਗ ਅਲੱਗ ਵਿਸ਼ਿਆਂ ਤੇ ਪੇਸ਼ਕਾਰੀਆਂ ਬਨਾਉਣ ਦਾ ਸਿਲਸਿਲਾ ਚਲ ਨਿਕਲਿਆ, ਕਿਉਂਕਿ ਗੁਰਮਤਿ ਨੂੰ ਵਿਸ਼ੇ ਅਨੁਸਾਰ ਸਮਝਣ ਦਾ ਇਹ ਇਕ ਵਧੀਆ ਤਰੀਕਾ ਹੈ।

ਗੁਰਮਤਿ ਪ੍ਰਚਾਰ ਵਾਸਤੇ ਦੇਸ਼ ਦੇ ਅੱਡ-ਅੱਡ ਹਿਸਿਆਂ ਵਿੱਚ ਜਾਣ ਦਾ ਮੌਕਾ ਮਿਲਦਾ ਰਿਹਾ ਹੈ। ਤਕਰੀਬਨ ਜਿਥੇ ਵੀ ਗੁਰਮਤਿ ਪ੍ਰਚਾਰ ਵਾਸਤੇ ਗਿਆ, ਸੁਚੇਤ ਸੰਗਤਾਂ ਵਲੋਂ ਅਕਸਰ ਪੁਛਿਆ ਜਾਂਦਾ ਕਿ ਜੋ ਵਿਚਾਰ ਦਿੱਤੇ ਹਨ, ਕੀ ਉਨ੍ਹਾਂ ਨੂੰ ਲਿਖਿਆ ਵੀ ਹੈ ? ਬਹੁਤ ਗੁਰਸਿੱਖਾਂ ਵਲੋਂ ਲਿਖਣ ਲਈ ਪ੍ਰੇਰਿਆ ਗਿਆ। ਮੈ ਨਾ ਤਾਂ ਕੋਈ ਬੁੱਧੀਜੀਵੀ ਹਾਂ ਅਤੇ ਨਾ ਹੀ ਵਿਦਿਅਕ ਕਾਬਲੀਅਤ ਇਤਨੀ ਹੈ ਕਿ ਕੋਈ ਲਿਖਾਰੀ ਬਣ ਸਕਾਂ। ਕੇਵਲ ਤੇ ਕੇਵਲ ਗੁਰਮਤਿ ਦਾ ਇਕ ਛੋਟਾ ਜਿਹਾ ਵਿਦਿਆਰਥੀ ਹਾਂ। ਜੋ ਕੁਝ ਪ੍ਰਾਪਤ ਕੀਤਾ ਹੈ, ਕੇਵਲ ਆਪਣੇ ਸਤਿਗੁਰੂ, ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਚੋਂ ਹੀ ਪ੍ਰਾਪਤ ਕੀਤਾ ਹੈ। ਪਹਿਲਾਂ ਸਤਿਗੁਰੂ ਨੇ ਆਪ ਮਿਹਰ ਕਰਕੇ ਇਕ ਨਿਸ਼ਕਾਮ ਪ੍ਰਚਾਰਕ ਦੇ ਤੌਰ ਤੇ ਸੇਵਾ ਨਿਭਾਉਣ ਦੀ ਬੱਲ ਬੁੱਧੀ ਬਖਸ਼ੀ ਹੋਈ ਹੈ । ਸਤਿਗੁਰੂ ਨੇ ਹੀ ਆਪ ਤੁੱਠ ਕੇ ਸੋਹਣੇ ਕਾਰੋਬਾਰ ਬਖ਼ਸ਼ਿਸ਼ ਕੀਤੇ ਹੋਏ ਹਨ, ਅਤੇ ਉਸ ਤੋਂ ਵੱਧ, ਨੇਕ ਅਤੇ ਲਾਇਕ ਪੁਤਰਾਂ ਦੀ ਦਾਤ ਬਖਸ਼ੀ ਹੋਈ ਹੈ, ਜੋ ਕਾਰੋਬਾਰ ਨੂੰ ਯੋਗ ਤਰੀਕੇ ਨਾਲ ਸੰਭਾਲਦੇ ਹਨ। ਜਿਸ ਸਦਕਾ ਇਹ ਸੇਵਾਵਾਂ ਨਿਸ਼ਕਾਮ ਨਿਭਾਉਣ ਵਿੱਚ ਕੋਈ ਔਕੜ ਨਹੀਂ ਆਉਂਦੀ। ਪਹਿਲਾਂ ਕੁਝ ਲੇਖਾਂ ਅਤੇ ਦੋ ਛੋਟੇ ਕਿਤਾਬਚਿਆਂ ਤੋਂ ਬਾਅਦ ਗੁਰਮਤਿ ਦੇ ਇਸ ਅਤਿ ਮਹੱਤਵ ਪੂਰਨ ਵਿਸ਼ੇ ਤੇ ਇਸ ਕਿਤਾਬ ਨੂੰ ਲਿਖਣ ਦਾ ਹੀਆ ਵੀ ਮੇਰੇ ਸਤਿਗੁਰੂ ਨੇ ਬਖਸ਼ਿਆ ਹੈ, ਅਤੇ ਬੁੱਧੀ ਵੀ ਸਤਿਗੁਰੂ ਨੇ ਆਪ ਬਖਸ਼ੀ ਹੈ। ਮੈਂ ਤਾਂ ਕੇਵਲ ਇਤਨਾ ਹੀ ਕਹਿ ਸਕਦਾ ਹਾਂ:

"ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ ॥"

(ਆਸਾ ਮਹਲਾ ੪, ਪੰਨਾ ੪੪੯)

ਕੋਈ ਵੀ ਇਨਸਾਨ ਆਪਣੇ ਵਿਚਾਰਾਂ ਦਾ ਆਪ ਪਾਰਖੂ ਨਹੀਂ ਹੋ ਸਕਦਾ,

ਇਸ ਲਈ ਕੇਵਲ ਇਤਨੀ ਬੇਨਤੀ ਹੈ ਕਿ ਸਤਿਗੁਰੂ ਦੀ ਬਖ਼ਸ਼ੀ ਬੁੱਧੀ ਅਨੁਸਾਰ, ਮੈਂ ਪੂਰੀ ਇਮਾਨਦਾਰੀ ਨਾਲ, ਕੇਵਲ ਗੁਰਬਾਣੀ ਨੂੰ ਆਧਾਰ ਬਣਾ ਕੇ ਲਿਖਿਆ ਹੈ। ਨਿਰਣਾ ਗੁਰਸਿੱਖਾਂ ਨੇ ਆਪ ਪੜ੍ਹ ਕੇ ਕਰਨਾ ਹੈ। ਇਕ ਹੋਰ ਬੇਨਤੀ ਕਰਨੀ ਚਾਹਾਂਗਾ, ਆਮ ਤੌਰ ਤੇ ਸਾਨੂੰ ਵਿਦਵਾਨਾਂ ਦੀਆਂ ਸੁਆਦਲੀਆਂ, ਚਿਕਣੀਆਂ-ਚੋਪੜੀਆਂ ਗਲਾਂ ਪੜ੍ਹਨ ਦਾ ਸੁਆਦ ਪੈ ਗਿਆ ਹੈ। ਜਿਥੇ ਗੁਰਬਾਣੀ ਦੇ ਬਹੁਤੇ ਪ੍ਰਮਾਣ ਹੋਣ, ਲੇਖ ਭਾਰੀ ਲੱਗਣ ਲੱਗ ਪੈਂਦਾ ਹੈ, ਪਰ ਜਿਤਨਾ ਚਿਰ ਗੁਰਬਾਣੀ ਪੜ੍ਹਨ, ਸਮਝਣ ਦਾ ਚਾਅ ਪੈਦਾ ਨਹੀਂ ਕਰਾਂਗੇ, ਸਤਿਗੁਰੂ ਨਾਲ ਪੱਕੀ ਸਾਂਝ ਨਹੀਂ ਬਣਨੀ। ਆਮ ਤੌਰ ਤੇ ਵਿਦਵਾਨ ਆਪਣੇ ਮਤਲਬ ਦੇ ਗੁਰਬਾਣੀ ਦੇ ਕੁਝ ਢੁਕਵੇਂ ਪ੍ਰਮਾਣ ਲੱਭ ਕੇ, ਉਨ੍ਹਾਂ ਨੂੰ ਆਪਣੇ ਵਿਚਾਰਾਂ ਤੇ ਫਿੱਟ ਕਰਕੇ ਲੇਖ ਨੂੰ ਗੁਰਮਤਿ ਅਨੁਸਾਰੀ ਬਣਾ ਕੇ ਪੇਸ਼ ਕਰ ਦੇਂਦੇ ਹਨ। ਇਥੇ ਨਾਮ ਸਿਮਰਨ ਨਾਲ ਸੰਬੰਧਤ ਹਰ ਗਲ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਵਿਸਥਾਰ ਨਾਲ ਪੁੱਛੀ ਗਈ ਹੈ। ਇਸ ਲੇਖ ਵਿਚਲੇ ਸਾਰੇ ਵਿਚਾਰ ਗੁਰੂ ਗ੍ਰੰਥ ਸਾਹਿਬ ਜੀ ਤੋਂ ਮਿਲੇ ਜੁਆਬਾਂ ਤੇ ਹੀ ਅਧਾਰਤ ਹਨ। ਇਸ ਲਈ ਇਸ ਲੇਖ ਵਿੱਚ ਮੇਰੇ ਸ਼ਬਦ ਬਹੁਤ ਘੱਟ ਅਤੇ ਪ੍ਰਮੁੱਖ ਤੌਰ ਤੇ ਬਹੁਤੇ ਸਤਿਗੁਰੂ ਦੀ ਬਾਣੀ ਦੇ ਪ੍ਰਮਾਣ ਹੀ ਹਨ। ਇਸ ਲਿਖਤ ਦਾ ਮਕਸਦ ਨਾ ਕਿਸੇ ਤੇ ਕਿੰਤੂ ਕਰਨ ਦਾ ਹੈ ਅਤੇ ਨਾ ਹੀ ਕਿਸੇ ਦੀ ਪ੍ਰੋੜ੍ਹਤਾ ਕਰਨਾ, ਬਲਕਿ ਗੁਰਬਾਣੀ ਦੇ ਚਾਨਣ ਵਿੱਚ ਵਿਸ਼ੇ ਨੂੰ ਸਮਝਣ ਦਾ ਉਪਰਾਲਾ ਕਰਨਾ ਹੈ।

ਸਾਨੂੰ ਤੱਤ ਦੀ ਸਮਝ ਤਾਂ ਹੀ ਆਉਣੀ ਹੈ, ਜੇ ਵਿਸ਼ੇ ਨੂੰ ਗੁਰਬਾਣੀ ਦੇ ਆਧਾਰ ਤੇ ਸਮਝਣ ਦੀ ਕੋਸ਼ਿਸ਼ ਕਰਾਂਗੇ। ਮੈਂ ਇਹੀ ਕੋਸ਼ਿਸ਼ ਕੀਤੀ ਹੈ ਕਿ ਗੁਰਬਾਣੀ ਦੇ ਆਧਾਰ ਤੇ ਆਪਣੀ ਸੋਚ ਨੂੰ ਢਾਲਿਆ ਜਾਵੇ। ਕਿਤੇ ਵੀ ਆਪਣੀ ਨਿਜੀ ਸੋਚ ਨੂੰ ਭਾਰੂ ਨਹੀਂ ਹੋਣ ਦਿੱਤਾ। ਫਿਰ ਵੀ ਜੋ ਭੁੱਲਾਂ ਜਾਂ ਕਮੀਆਂ ਰਹਿ ਗਈਆਂ ਹੋਣ, ਉਹ ਮੇਰੀਆਂ ਹਨ, ਮੇਰੀ ਝੋਲੀ ਪਾ ਦੇਣਾ। ਬਾਣੀ ਮੇਰੇ ਸਤਿਗੁਰੂ ਦੀ ਹੈ, ਅਗਵਾਈ ਉਸ ਤੋਂ ਲੈਣਾ।

ਲੇਖ ਬਾਰੇ ਜਾਗਰੂਕ ਗੁਰਸਿੱਖਾਂ ਦੀਆਂ ਟਿਪਣੀਆਂ ਅਤੇ ਵਿਚਾਰਾਂ ਦਾ ਇੰਤਜ਼ਾਰ ਰਹੇਗਾ।

ਰਾਜਿੰਦਰ ਸਿੰਘ

15 ਫਰਵਰੀ, 2010.

rajindersinghskp@yahoo.co.in

ੴ ਸਤਿਗੁਰਪ੍ਰਸਾਦਿ

ਨਾਮ ਸਿਮਰਨ (ਗੁਰਮਤਿ ਅਨੁਸਾਰ)

ਜੀਵਨ ਮਨੋਰਥ

ਸਤਿਗੁਰੂ ਗ੍ਰੰਥ ਸਾਹਿਬ ਪਾਤਿਸ਼ਾਹ ਵਿੱਚ ਅੰਕਿਤ ਬਾਣੀ ਫੁਰਮਾਉਂਦੀ ਹੈ:

"ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥"

{ਆਸਾ ਮਹਲਾ ੫, ਪੰਨਾ ੩੭੪}

ਹੋਰ ਸਾਰੀਆਂ ਜੂਨਾਂ ਤੇਰੀਆਂ ਸੇਵਕ ਹਨ, ਇਸ ਧਰਤੀ ਉਤੇ ਤੇਰੀ ਹੀ ਸਰਦਾਰੀ ਹੈ।

ਪੁਰਾਤਨ ਸਮਿਆਂ ਤੋਂ ਇਹ ਵਿਚਾਰ ਚਲਿਆ ਆਉਂਦਾ ਹੈ ਕਿ ਇਸ ਧਰਤੀ ਤੇ ਅਕਾਲ-ਪੁਰਖ ਨੇ ਕੁਲ ਚੌਰਾਸੀ ਲੱਖ ਜੂਨਾਂ ਪੈਦਾ ਕੀਤੀਆਂ ਹਨ, ਇਸ ਲਈ ਸਤਿਗੁਰੂ ਨੇ ਗੁਰਬਾਣੀ ਵਿੱਚ ਵੀ ਕਈ ਵਾਰੀ ਇਸ ਪ੍ਰਚਲਤ ਵਿਚਾਰ ਨੂੰ ਵਰਤਿਆ ਹੈ। ਗੁਰਬਾਣੀ ਅਕਾਲ-ਪੁਰਖ ਦੀ ਅਨੰਤਤਾ ਵਿੱਚ ਵਿਸ਼ਵਾਸ ਕਰਦੀ ਹੈ ਅਤੇ ਕਿਸੇ ਗਿਣਤੀਆਂ ਮਿਣਤੀਆਂ ਵਿੱਚ ਨਹੀਂ ਪੈਂਦੀ। ਉਪਰਲੀਆਂ ਪੰਕਤੀਆਂ ਵਿੱਚ ਸਤਿਗੁਰੂ ਸਪਸ਼ਟ ਕਰਦੇ ਹਨ ਕਿ ਅਕਾਲ-ਪੁਰਖ ਨੇ ਇਸ ਧਰਤੀ ਤੇ ਸਾਰੀਆਂ ਜੂਨਾਂ ਵਿੱਚੋਂ ਮਨੁੱਖ ਨੂੰ ਹੀ ਸਰਦਾਰੀ ਬਖਸ਼ੀ ਹੈ, ਬਾਕੀ ਦੀਆਂ ਸਾਰੀਆਂ ਜੂਨਾਂ ਮਨੁੱਖ ਦੀ ਸੇਵਾ ਲਈ ਬਣਾਈਆਂ ਹਨ। ਹੇਠਲੀਆਂ ਪੰਕਤੀਆਂ ਵਿੱਚ ਵੀ ਸਤਿਗੁਰੂ ਇਸੇ ਗੱਲ ਨੂੰ ਦ੍ਰਿੜ ਕਰਾਉਂਦੇ ਹਨ:

"ਲਖ ਚਉਰਾਸੀਹ ਜੋਨਿ ਸਬਾਈ ॥
ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਇਸੁ ਪਉੜੀ ਤੇ ਜੋ ਨਰੁ ਚੂਕੈ,
ਸੋ ਆਇ ਜਾਇ ਦੁਖੁ ਪਾਇਦਾ ॥2॥"

{ਮਾਰੂ ਸੋਲਹੇ ਮਹਲਾ ੫, ਪੰਨਾ ੧੦੭੫}

ਹੇ ਭਾਈ । ਸਾਰੀਆਂ ਚੌਰਾਸੀ ਲੱਖ ਜੂਨਾਂ ਵਿਚੋਂ ਪਰਮਾਤਮਾ ਨੇ ਮਨੁੱਖਾ ਜਨਮ ਨੂੰ ਵਡਿਆਈ ਦਿੱਤੀ ਹੈ । ਪਰ ਜਿਹੜਾ ਮਨੁੱਖ ਇਸ ਪੌੜੀ ਤੋਂ ਖੁੰਝ ਜਾਂਦਾ ਹੈ, ਉਹ ਜਨਮ ਮਰਨ ਦੇ ਗੇੜ ਵਿਚ ਪੈ ਕੇ ਦੁੱਖ ਭੋਗਦਾ ਹੈ ।2।

ਪਰ ਇਥੇ ਸਤਿਗੁਰੂ ਨੇ ਇਕ ਚੇਤਾਵਨੀ ਵੀ ਦੇ ਦਿੱਤੀ ਹੈ ਕਿ ਜੇ ਮਨੁੱਖ ਇਸ ਮਨੁੱਖਾ ਸ਼ਰੀਰ ਮਿਲਣ ਦੇ ਇਸ ਅਨਮੋਲ ਮੌਕੇ ਨੂੰ ਅਜਾਈਂ ਗੁਵਾ ਲਵੇ ਤਾਂ ਉਹ ਜਨਮ

ਮਰਨ ਦੇ ਗੇੜ ਵਿੱਚ ਪੈ ਕੇ ਬਹੁਤ ਦੁੱਖ ਪਾਉਂਦਾ ਹੈ । ਭਾਵ ਸਪਸ਼ਟ ਹੈ ਕਿ ਮਨੁੱਖਾ ਦੇਹੀ ਕਿਸੇ ਖਾਸ ਮਕਸਦ ਲਈ ਮਿਲੀ ਹੈ, ਇਸ ਜੀਵਨ ਦਾ ਕੁਝ ਵਿਸ਼ੇਸ਼ ਮਨੋਰਥ ਹੈ ਅਤੇ ਜੇ ਉਹ ਮਨੋਰਥ ਪ੍ਰਾਪਤ ਨਹੀਂ ਕੀਤਾ ਤਾਂ ਇਸ ਦਾ ਮਤਲਬ ਹੈ, ਕਿ ਮਨੁੱਖਾ ਜੀਵਨ ਮਿਲਣ ਦਾ ਇਹ ਸੁਨਹਿਰੀ ਮੌਕਾ ਅਜਾਈਂ ਗੁਆ ਲਿਆ। ਕੀ ਹੈ ਉਹ ਮਕਸਦ? ਸਤਿਗੁਰੂ ਗੁਰਬਾਣੀ ਵਿੱਚ ਬਖਸ਼ਿਸ਼ ਕਰਦੇ ਹਨ:

"ਮੇਰੇ ਮਨ, ਲੈ ਲਾਹਾ ਘਰਿ ਜਾਹਿ ॥
ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ॥"

{ਸਿਰੀ ਰਾਗੁ ਮਹਲਾ ੧, ਪੰਨਾ ੨੦}

ਹੇ ਮੇਰੇ ਮਨ । (ਇਥੋਂ ਆਤਮਕ) ਲਾਭ ਖੱਟ ਕੇ (ਆਪਣੇ ਪਰਲੋਕ) ਘਰ ਵਿਚ ਜਾਹ । ਗੁਰੂ ਦੀ ਸ਼ਰਨ ਪੈ ਕੇ (ਇਥੇ) ਪ੍ਰਭੂ ਦਾ ਨਾਮ ਸਲਾਹੁਣਾ ਚਾਹੀਦਾ ਹੈ, ਨਾਮ ਦੀ ਬਰਕਤਿ ਨਾਲ ਹਉਮੈ ਦੀ ਅੱਗ (ਅੰਦਰੋਂ) ਮਿਟ ਜਾਂਦੀ ਹੈ (ਇਹ ਅੱਗ ਕਿ ਮੈਂ ਵੱਡਾ ਹਾਂ, ਮੈਂ ਵੱਡਾ ਬਣ ਜਾਵਾਂ—ਬੁੱਝ ਜਾਂਦੀ ਹੈ) ।

"ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥1॥"

{ਆਸਾ ਮਹਲਾ ੫, ਪੰਨਾ ੧੨}

ਹੇ ਭਾਈ !) ਤੈਨੂੰ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ । ਪਰਮਾਤਮਾ ਨੂੰ ਮਿਲਣ ਦਾ ਤੇਰੇ ਲਈ ਇਹੀ ਮੌਕਾ ਹੈ ।(ਜੇ ਪ੍ਰਭੂ ਨੂੰ ਮਿਲਣ ਲਈ ਕੋਈ ਉੱਦਮ ਨਾਹ ਕੀਤਾ, ਤਾਂ) ਹੋਰ ਸਾਰੇ ਕੰਮ ਤੇਰੇ ਆਪਣੇ ਕਿਸੇ ਭੀ ਅਰਥ ਨਹੀਂ (ਤੇਰੀ ਜਿੰਦ ਨੂੰ ਕੋਈ ਲਾਭ ਨਹੀਂ ਅਪੜਾਣਗੇ) । (ਇਸ ਵਾਸਤੇ) ਸਾਧ ਸੰਗਤਿ ਵਿਚ ਮਿਲ ਬੈਠਿਆ ਕਰ (ਸਾਧ ਸੰਗਤਿ ਵਿਚ ਬੈਠ ਕੇ ਭੀ) ਸਿਰਫ਼ ਪਰਮਾਤਮਾ ਦਾ ਨਾਮ ਸਿਮਰਿਆ ਕਰ (ਸਾਧ ਸੰਗਤਿ ਵਿਚ ਬੈਠਣ ਦਾ ਭੀ ਤਦੋਂ ਹੀ ਲਾਭ ਹੈ ਜੇ ਉਥੇ ਤੂੰ ਪਰਮਾਤਮਾ ਦੀ ਸਿਫ਼ਤਿ-ਸਾਲਾਹ ਵਿਚ ਜੁੜੇਂ) ।

ਉਪਰੋਕਤ ਪ੍ਰਮਾਣਾਂ ਤੋਂ ਸਪਸ਼ਟ ਹੈ ਕਿ ਮਨੁੱਖਾ ਜੀਵਨ ਦਾ ਅਸਲ ਮਨੋਰਥ ਹੈ, ਅਕਾਲ ਪੁਰਖ ਨਾਲ ਮਿਲਾਪ ਕਰਨਾ, ਵਾਹਿਗੁਰੂ ਨਾਲ ਅਭੇਦ ਹੋਣਾ। ਇਥੇ ਸਤਿਗੁਰੂ ਨੇ ਸਾਨੂੰ ਨਾਲ ਹੀ, ਇਸ ਜੀਵਨ ਮਨੋਰਥ ਨੂੰ ਪ੍ਰਾਪਤ ਕਰਨ ਦਾ ਤਰੀਕਾ ਵੀ ਦੱਸ ਦਿੱਤਾ ਹੈ। ਇਹ ਤਰੀਕਾ ਹੈ, "ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ" ਭਾਵ "ਨਾਮ ਜਪਣਾ"।

ਨਾਮ ਸਿਮਰਨ ਸਿੱਖ ਫਲਸਫੇ ਦਾ ਮੂਲ ਆਧਾਰ ਹੈ। ਨਾਮ ਜਪਣਾ,

ਅਰਾਧਣਾ, ਧਿਆਉਣਾ, ਆਦਿ ਸ਼ਬਦ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਰ ਬਾਰ ਆਉਂਦੇ ਹਨ। ਇਨ੍ਹਾਂ ਸਾਰਿਆਂ ਦਾ ਅਰਥ(ਭਾਵ) ਤਕਰੀਬਨ ਇਕੋ ਹੈ। ਅਜ ਕਲ ਇਕ ਹੋਰ ਸ਼ਬਦ ਅਕਸਰ ਨਾਮ ਸਿਮਰਨ ਦੇ ਨਾਲ ਜੋੜਿਆ ਜਾਂਦਾ ਹੈ, ਉਹ ਹੈ ਨਾਮ ਅਭਿਆਸ । ਇਹ ਅਭਿਆਸ ਸ਼ਬਦ ਭਾਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਅੱਠ ਵਾਰ ਆਉਂਦਾ ਹੈ, ਇਕ ਦੋ ਵਾਰ ਤਾਂ ਇਹ ਅਭਿਆਸ ਸ਼ਬਦ ਆਪਣੇ ਗ੍ਰਿਹਸਤ ਦੇ ਫਰਜ਼ ਨਿਭਾਉਂਦੇ ਹੋਏ, ਜੀਵਨ ਨਿਰਵਾਹ ਲਈ ਅਮਲੀ ਤੌਰ ਤੇ ਕੀਤੇ ਜਾ ਰਹੇ ਚੰਗੇ ਜਾਂ ਮਾੜੇ ਕਰਮਾਂ ਵਾਸਤੇ ਆਉਂਦਾ ਹੈ।

"ਪੰਚ ਤਤੁ ਸੁੰਨਹੁ ਪਰਗਾਸਾ ॥
ਦੇਹ ਸੰਜੋਗੀ ਕਰਮ ਅਭਿਆਸਾ ॥
ਬੁਰਾ ਭਲਾ ਦੁਇ ਮਸਤਕਿ ਲੀਖੇ ਪਾਪੁ ਪੁੰਨੁ ਬੀਜਾਇਦਾ ॥14॥"

{ਮਾਰੂ ਮਹਲਾ ੧, ਪੰਨਾ ੧੦੩੮}

ਪੰਜਾਂ ਤੱਤਾਂ ਤੋਂ ਬਣਿਆ ਇਹ ਮਾਨੁੱਖੀ ਸਰੀਰ ਨਿਰੋਲ ਪ੍ਰਭੂ ਦੇ ਆਪਣੇ ਆਪੇ ਤੋਂ ਹੀ ਪਰਗਟ ਹੋਇਆ । ਇਸ ਸਰੀਰ ਦੇ ਸੰਜੋਗ ਕਰਕੇ ਜੀਵ ਕਰਮਾਂ ਵਿਚ ਰੁੱਝ ਪੈਂਦਾ ਹੈ । ਪ੍ਰਭੂ ਦੇ ਹੁਕਮ ਅਨੁਸਾਰ ਹੀ ਜੀਵ ਦੇ ਕੀਤੇ ਚੰਗੇ ਤੇ ਮੰਦੇ ਕਰਮਾਂ ਦੇ ਸੰਸਕਾਰ ਉਸ ਦੇ ਮੱਥੇ ਤੇ ਲਿਖੇ ਜਾਂਦੇ ਹਨ, ਇਸ ਤਰ੍ਹਾਂ ਜੀਵ ਪਾਪ ਤੇ ਪੁੰਨ (ਦੇ ਬੀਜ) ਬੀਜਦਾ ਹੈ (ਤੇ ਉਹਨਾਂ ਦਾ ਫਲ ਭੋਗਦਾ ਹੈ) ।14।

ਪਰ ਬਹੁਤੀ ਵਾਰੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ, ਅਭਿਆਸ ਸ਼ਬਦ ਤਕਰੀਬਨ ਕੁਝ ਕਰਮ-ਕਾਂਡਾਂ ਬਾਰੇ ਹੀ ਆਉਂਦਾ ਹੈ। ਜਿਵੇਂ:

"ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥
...ਨਹੀ ਤੁਲਿ ਰਾਮ ਨਾਮ ਬੀਚਾਰ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥1॥"

{ਗਉੜੀ ਸੁਖਮਨੀ ਮਃ ੫, ਪੰਨਾ ੨੬੫}

ਜੋਗ ਦੇ ਸਾਧਨ ਕਰੇ, ਕਰਮ ਕਾਂਡੀ ਧਰਮ ਦੀ ਕ੍ਰਿਆ ਕਰੇ, (ਜਾਂ) ਸਾਰੇ (ਕੰਮ) ਛੱਡ ਕੇ ਜੰਗਲਾਂ ਵਿਚ ਭਉਂਦਾ ਫਿਰੇ।...(ਪਰ ਇਹ ਸਾਰੇ ਹੀ) ਪ੍ਰਭੂ ਦੇ ਨਾਮ ਦੀ ਵਿਚਾਰ ਦੇ ਬਰਾਬਰ ਨਹੀਂ ਹਨ, (ਭਾਵੇਂ) ਹੇ ਨਾਨਕ ! ਇਹ ਨਾਮ ਇਕ ਵਾਰੀ (ਭੀ) ਗੁਰੂ ਦੇ ਸਨਮੁਖ ਹੋ ਕੇ ਜਪਿਆ ਜਾਏ ।1।

"ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥
ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥4॥"

{ਧਨਾਸਰੀ ਮਹਲਾ ੧, ਪੰਨਾ ੬੬੩

(ਬ੍ਰਾਹਮਣ ਲੋਕ) ਅਸ਼ਟਾਧਿਆਈ ਆਦਿਕ ਗ੍ਰੰਥ ਰਚ ਕੇ (ਉਹਨਾਂ ਅਨੁਸਾਰ) ਪੁਰਾਣਾਂ ਨੂੰ ਵਿਚਾਰਦੇ ਹਨ ਤੇ ਵੇਦਾਂ ਦਾ ਅਭਿਆਸ ਕਰਦੇ ਹਨ (ਬੱਸ । ਇਤਨੇ ਨੂੰ ਸ੍ਰੇਸ਼ਟ ਧਰਮ ਕਰਮ ਮੰਨੀ ਬੈਠੇ ਹਨ) । ਪਰ ਦਾਸ ਨਾਨਕ ਆਖਦਾ ਹੈ ਕਿ ਪਰਮਾਤਮਾ ਦਾ ਨਾਮ ਜਪਣ ਤੋਂ ਬਿਨਾ (ਵਿਕਾਰਾਂ ਤੋਂ) ਖ਼ਲਾਸੀ ਨਹੀਂ ਹੋ ਸਕਦੀ ।4।

ਉਪਰੋਕਤ ਪ੍ਰਮਾਣਾਂ ਤੋਂ ਸਪਸ਼ਟ ਹੈ ਕਿ ਨਾਮ ਜਪਣਾ ਅਤੇ ਕੁਝ ਕਰਮਕਾਂਡੀ ਅਭਿਆਸ ਕਰਨੇ ਬਿਲਕੁਲ ਅਲੱਗ- ਅਲੱਗ ਗੱਲ ਹੈ। ਗੁਰਬਾਣੀ ਵਿੱਚ ਕਿਧਰੇ ਵੀ ਨਾਮ ਅਭਿਆਸ ਦੀ ਗੱਲ ਨਹੀਂ ਆਉਂਦੀ।

ਗੁਰਮਤਿ ਦੀ ਓਟ ਛੱਡ ਕੇ, ਆਪਣੇ ਮਨ ਦੀ ਮਤਿ ਜਾਂ ਭਾਵਨਾਵਾਂ ਅਨੁਸਾਰ, ਗੁਰਬਾਣੀ ਦੀ ਵਿਆਖਿਆ ਕਰਨ ਦੀ, ਅਤੇ ਆਪਣੀ ਭਾਵਨਾ ਅਨੁਸਾਰ ਲਫਜ਼ ਲੱਭ ਕੇ ਉਨ੍ਹਾਂ ਨੂੰ ਗੁਰਮਤਿ ਬਣਾ ਕੇ ਪੇਸ਼ ਕਰਨ ਦੀ, ਬ੍ਰਾਹਮਣ ਕਿਸਮ ਦੇ ਸਿੱਖਾਂ ਦੀ ਇਸ ਆਦਤ ਨੇ ਸਾਡਾ ਕੌਮੀ ਤੌਰ ਤੇ ਬਹੁਤ ਨੁਕਸਾਨ ਕੀਤਾ ਹੈ। ਇਨ੍ਹਾਂ ਬ੍ਰਾਹਮਣੀ ਸੋਚ ਦੇ ਲਿਖਾਰੀਆਂ/ਪ੍ਰਚਾਰਕਾਂ ਅਤੇ ਕੁਝ ਆਪਹੁਦਰੀਆਂ ਸੰਸਥਾਵਾਂ ਨੇ ਸਿੱਖ ਵਿਚਾਰਧਾਰਾ ਅਤੇ ਸਿੱਖ ਸਿਧਾਂਤਾਂ ਬਾਰੇ ਵੱਡੇ ਭੁਲੇਖੇ ਖੜੇ ਕਰ ਦਿੱਤੇ ਹਨ। ਜਿਸ ਦਾ ਨਤੀਜਾ ਸਿੱਖੀ ਦਾ ਅਸਲ ਨਿਰਮਲ ਸਰੂਪ ਗੁਆਚਦਾ ਜਾ ਰਿਹਾ ਹੈ, ਅਤੇ ਸਿੱਖੀ ਵੀ ਬ੍ਰਾਹਮਣੀ ਵਿਚਾਰਧਾਰਾ ਅਨੁਕੂਲ ਇਕ ਕਰਮਕਾਂਡੀ ਵਿਚਾਰਧਾਰਾ ਦੇ ਰੂਪ ਵਿੱਚ ਹੀ ਪਰਗਟ ਹੋ ਰਹੀ ਹੈ । ਗੁਰਬਾਣੀ ਵਿਚਾਰ ਕੇ ਪੜ੍ਹਨ ਨੇ, ਅਕਾਲ-ਪੁਰਖ ਦੀ ਹੋਂਦ ਅਤੇ ਸਮਰੱਥਾ ਵਿੱਚ ਸਾਡਾ ਵਿਸ਼ਵਾਸ ਪੱਕਾ ਕਰਨਾ ਸੀ, ਸਾਨੂੰ ਅਕਾਲ-ਪੁਰਖ ਦੇ ਅਗੰਮੀ ਗੁਣਾਂ ਨਾਲ ਜੋੜਨਾ ਸੀ, ਨਾਮ ਨੇ ਸਾਡੇ ਮਨ ਤੇ ਰੂਹ ਦਾ ਸ਼ਿੰਗਾਰ ਬਨਣਾ ਸੀ, ਸਾਡਾ ਕਿਰਦਾਰ ਨਿਖਾਰਣਾ ਸੀ, ਜਿਸ ਨਾਲ ਸ਼ੁਭ ਗੁਣਾਂ ਨਾਲ ਭਰਪੂਰ, ਇਕ ਅਮਲੀ ਜੀਵਨ ਵਿਕਸਤ ਹੋਣਾ ਸੀ। ਜਿਹੜਾ ਪੁਰਾਤਨ ਗੁਰਸਿੱਖਾਂ ਵਿੱਚ ਸੀ । ਜਿਸ ਨੂੰ ਸਿੱਖ ਕਿਰਦਾਰ ਆਖਿਆ ਜਾਂਦਾ ਸੀ । ਜਿਸ ਨੂੰ ਵੇਖ ਕੇ ਅਨਮਤੀਆਂ ਵਿੱਚ, ਸਿੱਖ ਬਨਣ ਦਾ ਚਾਅ ਪੈਦਾ ਹੁੰਦਾ ਸੀ, ਜਿਸਨੂੰ ਵੇਖ ਕੇ ਸਾਡੇ ਦੁਸ਼ਮਨ ਵੀ, ਸਾਡੀ ਤਾਰੀਫ ਕੀਤੇ ਬਿਨਾਂ ਨਹੀਂ ਸਨ ਰਹਿ ਸਕਦੇ । ਉਹ ਸਿੱਖ ਕਿਰਦਾਰ ਤਾਂ ਜਿਵੇਂ ਗੁਆਚ ਹੀ ਗਿਆ ਹੈ। ਅਜ ਦੁਨਿਆਵੀ ਚਿਕੱੜ ਵਿੱਚ ਗਲਤਾਨ ਹੋਏ, ਅਨਮਤੀਆਂ ਅਤੇ ਸਿੱਖ ਦੇ ਕਿਰਦਾਰ ਵਿੱਚ ਰੱਤੀ ਭਰ ਵੀ ਫ਼ਰਕ ਨਜ਼ਰ ਨਹੀਂ ਆਉਂਦਾ । ਕਾਰਣ ਕੀ ਹੈ ? ਗੁਰਬਾਣੀ ਨੂੰ ਵਿਚਾਰ ਕੇ, ਸਮਝ ਕੇ, ਗੁਰਬਾਣੀ ਦੇ ਗੁਣਾਂ ਨੂੰ, ਆਪਣੇ ਜੀਵਨ ਵਿੱਚ ਧਾਰਨ ਦੀ ਬਜਾਏ, ਰਟਨ ਤਕ ਸੀਮਿਤ ਹੋ ਗਏ ਹਾਂ । ਹੁਣ ਤਾਂ ਹਾਲਾਤ ਇਸ ਤੋਂ ਵੀ ਬਹੁਤ ਅੱਗੇ ਲੰਘ ਗਏ ਹਨ । ਗੁਰਬਾਣੀ ਨਾਲੋਂ ਸੰਬੰਧ ਇਸ ਤਰ੍ਹਾਂ ਟੁਟਦੇ ਜਾ ਰਹੇ ਹਨ, ਕਿ ਗੁਰਬਾਣੀ ਸਮਝਣ ਦੀ ਗਲ ਤਾਂ ਕਿਤੇ ਰਹੀ, ਪੜ੍ਹਨ ਨੂੰ ਵੀ ਛੱਡ ਕੇ ਇਕ ਲਫਜ਼ ਦੇ ਤੋਤਾ ਰਟਨ ਤੇ ਸੀਮਿਤ ਹੋ ਗਏ ਹਾਂ। ਪਰ ਬਹੁਤ ਖੁਸ਼ ਹਾਂ ਕਿ ਅਸੀਂ

ਸਤਿਗੁਰੂ ਦੇ ਹੁਕਮ ਅਨੁਸਾਰ, ਨਾਮ ਸਿਮਰਨ ਕਰ ਰਹੇ ਹਾਂ । ਜਾਪਦਾ ਹੈ ਸਾਡੇ ਇਸ ਭਰਮ ਜਾਲ ਬਾਰੇ ਹੀ ਸਤਿਗੁਰੂ ਨੇ ਫੁਰਮਾਇਆ ਹੈ:

"ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ ॥
ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ,
ਹੋਰ ਮਨਮੁਖਿ ਫਿਰੈ ਇਆਣੀ ॥5॥"

{ਆਸਾ ਮਹਲਾ ੩ ਅਸਟਪਦੀਆ ਘਰੁ ੨, ਪੰਨਾ ੪੨੩}

ਹੇ ਪ੍ਰਭੂ ! ਜਿਤਨੀ ਭੀ ਆਵਾਗਵਨ ਵਿਚ ਪਈ ਹੋਈ ਸ੍ਰਿਸ਼ਟੀ ਹੈ ਇਸ ਵਿਚ ਹਰੇਕ ਜੀਵ (ਆਪਣੇ ਵਲੋਂ) ਤੇਰਾ ਹੀ ਨਾਮ ਜਪਦਾ ਹੈ, ਪਰ ਜਦੋਂ ਤੈਨੂੰ ਚੰਗਾ ਲੱਗਦਾ ਹੈ ਗੁਰੂ ਦੀ ਸ਼ਰਨ ਪਿਆ ਹੋਇਆ ਹੀ ਕੋਈ-ਜੀਵ (ਇਸ ਭੇਦ ਨੂੰ) ਸਮਝਦਾ ਹੈ,(ਕਿ ਨਾਮ ਸਿਮਰਨ ਕੀ ਹੈ), ਆਪਣੇ ਮਨ ਦੇ ਪਿਛੇ ਤੁਰਨ ਵਾਲੀ ਹੋਰ ਮੂਰਖ ਲੁਕਾਈ ਤਾਂ ਭਟਕਦੀ ਹੀ ਫਿਰਦੀ ਹੈ ।5।

ਅਜ ਬਹੁਤੇ ਗੁਰਸਿੱਖ ਵੀਰ ਸੱਚਮੁਚ ਹੀ ਆਪਣੇ ਇਸ ਭਰਮ ਵਿੱਚ ਹੀ ਖੁਸ਼ ਹਨ ਕਿ ਨਾਮ ਜਪ ਰਹੇ ਹਾਂ, ਸਤਿਗੁਰੂ ਕੋਲੋਂ ਪੁਛਣ ਦੀ ਕੋਸ਼ਿਸ਼ ਕਦੇ ਨਹੀਂ ਕੀਤੀ, ਕਿ ਸਤਿਗੁਰੂ ਜੀ ਅਸੀਂ ਠੀਕ ਕਰ ਰਹੇ ਹਾਂ ਯਾ ਗਲਤ? ਕੀ ਇਹੀ ਤਰੀਕਾ ਹੈ ਨਾਮ ਜਪਣ ਦਾ ?

ਜੇ ਸਤਿਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚਾਰ ਕੇ ਪੜ੍ਹੀਏ ਤਾਂ ਸਤਿਗੁਰੂ ਨੇ ਜਿਥੇ ਜੀਵਨ ਦੇ ਹਰ ਪੱਖ ਨੂੰ ਉਜਾਗਰ ਕੀਤਾ ਹੈ, ਉਥੇ ਨਾਮ ਦੇ ਬਾਰੇ ਹਰ ਗੱਲ ਨੂੰ ਇੰਝ ਸਪਸ਼ਟ ਕੀਤਾ ਹੈ ਕਿ ਭੁਲੇਖੇ ਦੀ ਕੋਈ ਗੁੰਜਾਇਸ਼ ਹੀ ਨਹੀਂ। ਪਰ ਅਸੀਂ ਕੇਡੇ ਮੰਦ ਭਾਗੇ ਹਾਂ, ਗੁਰੂ ਗ੍ਰੰਥ ਸਾਹਿਬ ਜੀ ਜਿਹਾ ਇਲਾਹੀ ਗਿਆਨ ਸਾਗਰ ਸਾਡੇ ਕੋਲ ਹੋਣ ਦੇ ਬਾਵਜੂਦ ਅਸੀਂ ਸਤਿਗੁਰੂ ਕੋਲੋਂ ਕਦੇ ਅਗਵਾਈ ਲੈਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਸਭ ਕੁਝ ਆਪਣੇ ਮਨ ਦੀਆਂ ਭਾਵਨਾਵਾਂ ਅਨੁਸਾਰ ਹੀ ਕਰ ਰਹੇ ਹਾਂ। ਸਤਿਗੁਰੂ ਦੀ ਪਾਵਨ ਬਾਣੀ ਵੀ ਫੁਰਮਾਂਉਂਦੀ ਹੈ:

"ਰਤਨੁ ਜਵੇਹਰੁ ਲਾਲੁ ਹਰਿਨਾਮਾ,
ਗੁਰਿ ਕਾਢਿ ਤਲੀ ਦਿਖਲਾਇਆ ॥
ਭਾਗਹੀਣ ਮਨਮੁਖਿ ਨਹੀ ਲੀਆ.
ਤ੍ਰਿਣ ਓਲੈ ਲਾਖੁ ਛਪਾਇਆ ॥3॥"

{ਰਾਮਕਲੀ ਮਹਲਾ ੪, ਪੰਨਾ ੮੮੦}

(ਹੇ ਭਾਈ !) ਪਰਮਾਤਮਾ ਦਾ ਨਾਮ ਰਤਨ ਜਵਾਹਰ ਲਾਲ (ਵਰਗਾ ਕੀਮਤੀ) ਹੈ (ਹਰੇਕ ਮਨੁੱਖ ਦੇ ਅੰਦਰ ਲੁਕਿਆ ਪਿਆ ਹੈ । ਜੇਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ, ਉਸ ਨੂੰ) ਗੁਰੂ ਨੇ (ਉਸ ਦੇ ਅੰਦਰੋਂ ਹੀ) ਕੱਢ ਕੇ (ਉਸ ਦੀ) ਤਲੀ

ਉਤੇ (ਰੱਖ ਕੇ) ਵਿਖਾ ਦਿੱਤਾ ਹੈ । ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮੰਦ-ਭਾਗੀ ਮਨੁੱਖ ਨੇ ਉਹ ਰਤਨ ਨਹੀਂ ਲੱਭਾ, (ਉਸ ਦੇ ਭਾ ਦਾ ਤਾਂ) ਲੱਖ ਰੁਪਇਆ ਤੀਲੇ ਦੇ ਉਹਲੇ ਲੁਕਿਆ ਪਿਆ ਹੈ ।3।

ਇਕ ਸਾਖੀ ਹੈ, ਜਦੋਂ ਸਤਿਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਨੰਦੇੜ ਵਿਖੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇਣ ਦੀ ਰਸਮ ਅਦਾ ਕੀਤੀ, ਤਾਂ ਸਿੱਖ ਸਮਝ ਗਏ, ਸਤਿਗੁਰੂ ਸ਼ਰੀਰ ਕਰਕੇ ਇਸ ਸੰਸਾਰ ਤੋਂ ਜਾ ਰਹੇ ਹਨ। ਸਿੱਖਾਂ ਦੇ ਮਨ ਵੈਰਾਗ ਵਿੱਚ ਆ ਗਏ । ਬੇਨਤੀ ਕੀਤੀ, ਸਤਿਗੁਰੂ ਸਾਨੂੰ ਹਰ ਵੇਲੇ ਤੁਹਾਡੇ ਦਰਸ਼ਨਾਂ ਦੀ ਤਾਂਘ ਰਹਿੰਦੀ ਹੈ, ਅਸੀਂ ਤੁਹਾਡੇ ਦਰਸ਼ਨਾਂ ਬਿਨਾਂ ਨਹੀਂ ਰਹਿ ਸਕਦੇ। ਆਪ ਜੀ ਸਾਨੂੰ ਵਿਛੋੜਾ ਦੇ ਗਏ, ਤਾਂ ਤੁਹਾਡੇ ਦਰਸ਼ਨ ਕਿਵੇਂ ਕਰਾਂਗੇ ? ਸਤਿਗੁਰੂ ਨੇ ਫੁਰਮਾਇਆ, ਖਾਲਸਾ ਮੇਰਾ ਖਾਸ ਰੂਪ ਹੈ, ਜਦੋਂ ਕਿਸੇ ਤਿਆਰ ਬਰ ਤਿਆਰ ਖਾਲਸੇ ਦੇ ਦਰਸ਼ਨ ਕਰੋਗੇ, ਮੇਰੇ ਦਰਸ਼ਨ ਹੋਣਗੇ । ਸਿੱਖਾਂ ਫੇਰ ਬੇਨਤੀ ਕੀਤੀ, ਸਤਿਗੁਰੂ ਸਾਡੇ ਮਨ ਦੇ ਕਈ ਸ਼ੰਕੇ ਹੁੰਦੇ ਹਨ, ਉਨ੍ਹਾਂ ਦਾ ਨਿਵਾਰਨ ਚਾਹੁੰਦੇ ਹਾਂ, ਅਸੀਂ ਤੁਹਾਡੇ ਨਾਲ ਗੱਲਾਂ ਕਰਨਾ ਚਾਹੁੰਦੇ ਹਾਂ! ਸਤਿਗੁਰੂ ਨੇ ਫੇਰ ਫੁਰਮਾਇਆ, ਸਿੱਖੋ ! ਜਦੋਂ ਮਨ, ਚਿੱਤ ਲਾਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰੋਗੇ, ਤੁਹਾਡੀਆਂ ਮੇਰੇ ਨਾਲ ਸਿੱਧੀਆਂ ਗੱਲਾਂ ਹੋਣਗੀਆਂ, ਤੁਹਾਡੇ ਹਰ ਸ਼ੰਕੇ ਦਾ ਜੁਆਬ ਮਿਲੇਗਾ। ਅਜ ਸਾਰੇ ਆਪਣੇ ਅੰਦਰ ਹੀ ਝਾਤੀ ਮਾਰ ਲਈਏ, ਕਿ ਅਸੀਂ ਕਿੰਨੇ ਕੁ, ਅਤੇ ਕਿੰਨਾ ਕੁ ਗੁਰੂ ਨਾਲ ਗੱਲਾਂ ਕਰ ਰਹੇ ਹਾਂ? ਜੇ ਸਤਿਗੁਰੂ ਨਾਲ ਗੱਲਾਂ ਹੀ ਨਹੀਂ ਕਰਨੀਆਂ ਤਾਂ ਹਰ ਦਿਨ ਭੁਲੇਖੇ ਤਾਂ ਆਪੇ ਵਧਦੇ ਜਾਣੇ ਹਨ। ਪਹਿਲਾਂ ਤਾਂ ਨੇਮ ਨਾਲ ਗੁਰਬਾਣੀ ਪੜ੍ਹਨ ਵਾਲੇ ਹੀ ਵਿਰਲੇ ਰਹਿ ਗਏ ਹਨ। ਫੇਰ ਜਿਹੜੇ ਪੜ੍ਹਨ ਵਾਲੇ ਹਨ ਵੀ, ਉਨ੍ਹਾਂ ਵਿੱਚੋਂ ਵੀ ਬਹੁਤੇ ਕੁਝ ਚੋਣਵੀਆਂ ਬਾਣੀਆਂ ਦੇ ਰਟਨ ਤੱਕ ਸੀਮਤ ਰਹਿ ਗਏ ਹਨ । ਨਤੀਜਾ ਇਹ ਹੈ ਕਿ ਦੁਬਿਧਾ ਹਰ ਦਿਨ ਵਧਦੀ ਜਾ ਰਹੀ ਹੈ। ਫੇਰ ਅਸੀਂ ਇਨ੍ਹਾਂ ਦੁਬਿਧਾ ਦੇ ਨਿਵਾਰਨ ਲਈ ਕਦੇ ਕਿਸੇ ਪਖੰਡੀ ਬਾਬੇ ਕੋਲ ਜਾਂਦੇ ਹਾਂ, ਕਦੀ ਕਿਸੇ ਕੱਚੇ-ਪੱਕੇ ਵਿਦਵਾਨ ਕੋਲ। ਪਹਿਲਾਂ ਤਾਂ ਹਰ ਕਿਸੇ ਦਾ ਆਪਣਾ ਗਿਆਨ ਹੀ ਸੀਮਿਤ ਹੈ, ਦੂਸਰਾ ਉਨ੍ਹਾਂ ਵਿਚੋਂ ਬਹੁਤਿਆਂ ਦੇ ਵੱਡੇ ਨਿਜੀ ਸੁਆਰਥ ਹਨ। ਜਿਸ ਬ੍ਰਾਹਮਣਵਾਦ ਦੇ ਪਰਭਾਵ ਹੇਠ ਉਹ ਕੰਮ ਕਰ ਰਹੇ ਹਨ, ਸਿੱਖ ਨੂੰ ਉਸੇ ਵਿੱਚ ਉਲਝਾਉਣਾ ਹੀ ਉਨ੍ਹਾਂ ਦੀ ਕਾਮਯਾਬੀ ਹੈ। ਉਨ੍ਹਾਂ ਆਪਣੀਆਂ ਦੁਕਾਨਾਂ ਚਲਦੀਆਂ ਰਖਣੀਆਂ ਹਨ। ਉਹੋ ਮਾਰਗ ਦਸਣਗੇ ਜਿਨ੍ਹਾਂ ਨਾਲ ਉਨ੍ਹਾਂ ਦੀਆਂ ਆਪਣੀਆਂ ਹੱਟੀਆਂ ਹੋਰ ਪ੍ਰਫੁਲਤ ਹੋਣ। ਆਓ ਅਸੀਂ ਨਾਮ ਸਿਮਰਨ ਨਾਲ ਸੰਬਧਤ ਹਰ ਗੱਲ ਸਤਿਗੁਰੂ ਗ੍ਰੰਥ ਸਾਹਿਬ ਜੀ ਕੋਲੋਂ ਪੁਛੀਏ।

ਨਾਮ ਸਿਮਰਨ ਦੀ ਮਹੱਤਤਾ

ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਗਿਆਂ ਇਹ ਗੱਲ ਤਾਂ ਸਪਸ਼ਟ ਹੋ ਜਾਂਦੀ ਹੈ ਕਿ ਸਾਰੀ ਗੁਰਬਾਣੀ ਨਾਮ ਸਿਮਰਨ ਦੀ ਮਹਿਮਾ ਨਾਲ ਭਰੀ ਪਈ ਹੈ। ਹੇਠਾਂ ਕੇਵਲ ਕਿਣਕਾ ਮਾਤ੍ਰ ਪ੍ਰਮਾਣ ਦਿੱਤੇ ਜਾ ਰਹੇ ਹਨ:

"ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥
ਬਿਨੁ ਨਾਵੈ ਜੀਵਣੁ ਨਾ ਥੀਐ ਮੇਰੇ ਸਤਿਗੁਰ ਨਾਮੁ ਦ੍ਰਿੜਾਇ॥"

{ਸਿਰੀ ਰਾਗੁ ਮਹਲਾ ੪,ਪੰਨਾ ੪੦}

ਹੇ ਮੇਰੇ ਪ੍ਰੀਤਮ-ਪ੍ਰਭੂ । ਤੇਰਾ ਨਾਮ ਸਿਮਰ ਕੇ ਹੀ ਮੈਂ ਆਤਮਕ ਜੀਵਨ ਜੀਊ ਸਕਦਾ ਹਾਂ । ਹੇ ਮੇਰੇ ਸਤਿਗੁਰੂ । (ਮੇਰੇ ਹਿਰਦੇ ਵਿਚ ਪਰਮਾਤਮਾ ਦਾ) ਨਾਮ ਪੱਕਾ ਕਰ ਦੇ (ਕਿਉਂਕਿ) ਪ੍ਰਭੂ-ਨਾਮ ਤੋਂ ਬਿਨਾਂ ਆਤਮਕ ਜੀਵਨ ਨਹੀਂ ਬਣ ਸਕਦਾ ।1।

"ਨਾਨਕ ਹਰਿ ਨਾਮੁ ਜਿਨੀ ਆਰਾਧਿਆ
ਅਨਦਿਨੁ ਹਰਿ ਲਿਵ ਤਾਰ ॥
ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ ॥"

{ਮ: ੩,ਪੰਨਾ ੯੦}

ਹੇ ਨਾਨਕ । ਜਿੰਨਾਂ ਨੇ ਹਰ ਰੋਜ਼ ਇਕ-ਰਸ ਪ੍ਰਭੂ ਦੇ ਨਾਮ ਦਾ ਸਿਮਰਨ ਕੀਤਾ ਹੈ, ਖਸਮ ਪ੍ਰਭੂ ਦੀ ਦਾਸੀ ਮਾਇਆ ਉਹਨਾਂ ਦੇ ਅੱਗੇ ਕਾਰ ਕਮਾਂਦੀ ਹੈ (ਭਾਵ, ਉਹ ਬੰਦੇ ਮਾਇਆ ਦੇ ਪਿੱਛੇ ਨਹੀਂ ਫਿਰਦੇ, ਮਾਇਆ ਉਹਨਾਂ ਦੀ ਸੇਵਕ ਬਣਦੀ ਹੈ)।

"ਮਾਣਸ ਤੇ ਦੇਵਤੇ ਭਏ, ਧਿਆਇਆ ਨਾਮੁ ਹਰੇ॥"

{ਮ: ੩, ਪੰਨਾ ੯੦}

ਹਰੀ ਨਾਮ ਦਾ ਸਿਮਰਨ ਕਰ ਕੇ ਜੀਵ ਮਨੁੱਖ (-ਸੁਭਾਵ) ਤੋਂ ਦੇਵਤਾ ਬਣ ਜਾਂਦੇ ਹਨ ।

"ਜੋ ਸਿਮਰੰਦੇ ਸਾਂਈਐ ॥ ਨਰਕਿ ਨ ਸੇਈ ਪਾਈਐ ॥
ਤਤੀ ਵਾਉ ਨ ਲਗਈ ਜਿਨ ਮਨਿ ਵੁਠਾ ਆਇ ਜੀਉ ॥2॥"

{ਮਾਝ ਮਹਲਾ ੫ , ਪੰਨਾ ੧੩੨}

ਜੇਹੜੇ ਮਨੁੱਖ ਖਸਮ-ਪਰਮਾਤਮਾ ਦਾ ਸਿਮਰਨ ਕਰਦੇ ਹਨ ਉਹਨਾਂ ਨੂੰ ਨਰਕ ਵਿਚ ਨਹੀਂ ਪਾਇਆ ਜਾਂਦਾ । (ਹੇ ਭਾਈ !) ਜਿੰਨਾਂ ਦੇ ਮਨ ਵਿਚ ਪਰਮਾਤਮਾ ਆ ਵੱਸਦਾ ਹੈ, ਉਹਨਾਂ ਨੂੰ ਕੋਈ ਦੁੱਖ-ਕਲੇਸ਼ ਪੋਹ ਨਹੀਂ ਸਕਦਾ ।2।

ਕਿਤਨੇ ਸਪਸ਼ਟ ਪ੍ਰਮਾਣ ਹਨ ਕਿ ਜੇ ਨਾਮ ਸਿਮਰਨ ਕਰ ਰਹੇ ਹਾਂ, ਤਾਂ ਜੀਵਨ ਸਾਰਥਕ ਹੈ, ਅਤੇ ਨਾਮ ਵਿਹੂਣਾ ਜੀਵਨ ਕਿਸੇ ਕੰਮ ਦਾ ਨਹੀਂ। ਅਸੀਂ ਨਾਮ ਨੂੰ ਭੁੱਲ ਕੇ ਮਾਇਆ ਦੇ ਪਿੱਛੇ ਧੱਕੇ ਖਾਂਦੇ ਫਿਰਦੇ ਹਾਂ, ਪਰ ਜੇ ਅਕਾਲ-ਪੁਰਖ ਦਾ ਨਾਮ ਸਿਮਰੀਏ, ਤਾਂ ਇਹ ਮਾਇਆ ਸਾਨੂੰ ਆਪਣੀ ਦਾਸੀ ਜਾਪੇਗੀ, ਭਾਵ ਮਾਇਆ ਪਿੱਛੇ ਭਟਕਣ ਦੀ ਤ੍ਰਿਸ਼ਨਾ ਹੀ ਮਿਟ ਜਾਵੇਗੀ। ਅਕਾਲ-ਪੁਰਖ ਦਾ ਨਾਮ ਹੀ ਹੈ, ਜੋ ਸਾਨੂੰ ਮਨੁੱਖਾਂ ਤੋਂ ਦੇਵਤਿਆਂ ਵਾਲੀ ਅਵਸਥਾ ਵਿੱਚ ਪਹੁੰਚਾ ਸਕਦਾ ਹੈ। ਇਸ ਦਾ ਇਹ ਭਾਵ ਨਹੀਂ ਕਿ ਸਾਡਾ ਕੋਈ ਰੂਪ ਰੰਗ ਬਦਲ ਜਾਵੇਗਾ, ਦੇਵਤਾ ਦਾ ਅਰਥ ਹੈ ਦੈਵੀ ਗੁਣਾ ਵਾਲਾ, ਸੋ ਅਕਾਲ-ਪੁਰਖ ਦੇ ਸ਼ੁਭ ਗੁਣ ਸਾਡੇ ਜੀਵਨ ਵਿੱਚ ਆ ਜਾਣਗੇ। ਨਾਮ ਸਿਮਰਨ ਨਾਲ ਹੀ ਸਾਡੇ ਜੀਵਨ ਦੇ ਸਾਰੇ ਦੁੱਖ ਕਲੇਸ਼ ਨਾਸ ਹੋ ਜਾਂਦੇ ਹਨ।

ਭਗਤ ਕਬੀਰ ਜੀ ਦੀਆਂ ਹੇਠ ਲਿਖੀਆਂ ਪੰਕਤੀਆਂ ਵਿਸ਼ੇਸ਼ ਧਿਆਨ ਮੰਗਦੀਆਂ ਹਨ:

"ਗੁਰ ਸੇਵਾ ਤੇ ਭਗਤਿ ਕਮਾਈ ॥
ਤਬ ਇਹ ਮਾਨਸ ਦੇਹੀ ਪਾਈ ॥" {ਕਬੀਰ ਜੀਉ, ਪੰਨਾ ੧੧੫੯}

ਹੇ ਭਾਈ ! ਜੇ ਤੂੰ ਗੁਰੂ ਦੀ ਸੇਵਾ ਦੀ ਰਾਹੀਂ ਬੰਦਗੀ ਦੀ ਕਮਾਈ ਕਰੇਂ, ਤਾਂ ਹੀ ਇਹ ਮਨੁੱਖਾ-ਸਰੀਰ ਮਿਲਿਆ ਸਮਝ ।

ਆਮ ਤੌਰ ਤੇ ਸਾਡੇ ਵੱਡੇ ਵੱਡੇ ਵਿਦਵਾਨਾਂ ਵਲੋਂ ਵੀ ਇਨਾਂ ਪੰਕਤੀਆਂ ਦੀ ਅਕਸਰ ਗਲਤ ਵਿਆਖਿਆ ਕੀਤੀ ਜਾਂਦੀ ਹੈ, ਕਿ ਬਹੁਤ ਭਗਤੀ ਦੀ ਕਮਾਈ ਕੀਤੀ, ਤਾਂ ਇਹ ਮਨੁੱਖਾ ਸ਼ਰੀਰ ਮਿਲ ਗਿਆ। ਜ਼ਰਾ ਸੋਚੋ ਜਦ ਮਨੁੱਖਾ ਸਰੀਰ ਹੀ ਨਹੀਂ ਸੀ, ਤਾਂ ਤੂੰ ਭਗਤੀ ਕਿਵੇਂ ਕਰ ਲਈ ? ਅਸਲ ਵਿੱਚ ਭਗਤ ਕਬੀਰ ਜੀ ਤਾਂ ਸਾਨੂੰ ਸਮਝਾ ਰਹੇ ਹਨ, ਕਿ ਜੇ ਮਨੁਖਾ ਜੀਵਨ ਵਿੱਚ, ਗੁਰੂ ਦੇ ਦੱਸੇ ਮਾਰਗ ਤੇ ਚਲ ਕੇ, ਭਗਤੀ ਦੀ ਕਮਾਈ ਕਰੇਂ ਤਾਂ ਹੀ ਇਹ ਮਨੁਖਾ ਸਰੀਰ ਮਿਲਿਆ ਸਫਲ ਸਮਝ। ਨਹੀਂ ਤਾਂ ਇਹ ਇੰਝ ਹੀ ਹੈ ਜਿਵੇਂ ਜਾਨਵਰ, ਕੀਟ, ਪਤੰਗੇ ਆਦਿ ਜੀਵ ਜੰਤੂ ਆਪਣਾ ਜੀਵਨ ਬਤੀਤ ਕਰਕੇ ਚਲੇ ਜਾਂਦੇ ਹਨ।

ਇਸੇ ਕਰਕੇ ਗੁਰੂ ਨਾਨਕ ਪਾਤਿਸ਼ਾਹ ਦੀ ਪੰਜਵੀਂ ਰੂਹਾਨੀ ਗਿਆਨ-ਜੋਤਿ, ਸਤਿਗੁਰੂ ਅਰਜਨ ਪਾਤਿਸ਼ਾਹ ਨੇ ਸੁਖਮਨੀ ਬਾਣੀ ਵਿੱਚ ਨਾਮ ਦੀ ਬੇਅੰਤ ਮਹਿਮਾ ਦੱਸੀ ਹੈ। ਸਤਿਗੁਰੂ ਤਾਂ ਇਸ ਬਾਣੀ ਦੀ ਪਹਿਲੀ ਅਸ਼ਟਪਦੀ ਦੀ ਸ਼ੁਰੂਆਤ ਹੀ ਇਨ੍ਹਾਂ ਪੰਕਤੀਆਂ ਨਾਲ ਕਰਦੇ ਹਨ।

"ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥

ਸਿਮਰਉ ਜਾਸੁ ਬਿਸੁੰਭਰ ਏਕੈ ॥
ਨਾਮੁ ਜਪਤ ਅਗਨਤ ਅਨੇਕੈ ॥"

{ਗਉੜੀ ਸੁਖਮਨੀ ਮਃ ੫, ਪੰਨਾ ੨੬੨}

ਮੈਂ (ਅਕਾਲ ਪੁਰਖ ਦਾ ਨਾਮ) ਸਿਮਰਾਂ ਤੇ ਸਿਮਰ ਸਿਮਰ ਕੇ ਸੁਖ ਹਾਸਲ ਕਰਾਂ; (ਇਸ ਤਰ੍ਹਾਂ) ਸਰੀਰ ਵਿਚ (ਜੋ) ਦੁੱਖ ਬਿਖਾਂਧ (ਹਨ ਉਹਨਾਂ ਨੂੰ) ਮਿਟਾ ਲਵਾਂ। ਜਿਸ ਇਕ ਜਗਤ ਪਾਲਕ (ਹਰੀ) ਦਾ ਨਾਮ ਅਨੇਕਾਂ ਤੇ ਅਣਗਿਣਤ (ਜੀਵ) ਜਪਦੇ ਹਨ, ਮੈਂ (ਭੀ ਉਸ ਨੂੰ) ਸਿਮਰਾਂ ।

ਚੋਵੀ ਅਸ਼ਟਪਦੀਆਂ ਵਾਲੀ ਵੱਡਆਕਾਰੀ ਬਾਣੀ 'ਸੁਖਮਨੀ' ਦੀ ਇਕੋ ਇਕ ਰਹਾਉ ਦੀ ਪੰਕਤੀ, ਜਿਸ ਦਾ ਭਾਵ ਹੈ ਕਿ ਸਾਰੀ ਬਾਣੀ ਦਾ ਕੇਂਦਰੀ ਭਾਵ ਇਕੋ ਹੈ, ਵਿੱਚ ਵੀ ਸਤਿਗੁਰੂ ਫੁਰਮਾਂਉਂਦੇ ਹਨ:

"ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥ਰਹਾਉ॥"

ਪ੍ਰਭੂ ਦਾ ਅਮਰ ਕਰਨ ਵਾਲਾ ਤੇ ਸੁਖਦਾਈ ਨਾਮ (ਸਭ) ਸੁਖਾਂ ਦੀ ਮਣੀ ਹੈ, ਇਸ ਦਾ ਟਿਕਾਣਾ ਭਗਤਾਂ ਦੇ ਹਿਰਦੇ ਵਿਚ ਹੈ ।

ਉਪਰੋਕਤ ਪ੍ਰਮਾਣਾਂ ਤੋਂ ਇਕ ਗੱਲ ਤਾਂ ਸਪਸ਼ਟ ਹੈ ਕਿ ਨਾਮ ਸਿੱਖੀ ਵਿਚਾਰਧਾਰਾ ਦਾ ਸੱਭ ਤੋਂ ਮਹੱਤਵਪੂਰਨ ਅੰਗ ਹੈ। ਨਾਮ ਤੋਂ ਬਿਨਾਂ ਨਾ ਸਿੱਖੀ ਸੰਪੂਰਨ ਹੁੰਦੀ ਹੈ ਅਤੇ ਨਾ ਹੀ ਮਨੁੱਖਾ ਜੀਵਨ ਸਫਲਾ ਹੁੰਦਾ ਹੈ। ਅਕਾਲ-ਪੁਰਖ ਦੇ ਇਲਾਹੀ ਨਾਮ ਨਾਲ ਜੁੜੇ ਰਹਿਣਾ ਹੀ ਸਾਰੇ ਸੁੱਖਾਂ ਦਾ ਸਾਧਨ ਹੈ। ਪਰ ਨਾਮ ਤਾਂ ਜਿਵੇਂ ਸਾਡੇ ਜੀਵਨ ਵਿੱਚੋਂ ਅਲੋਪ ਹੀ ਹੋ ਗਿਆ ਹੈ। ਉਸ ਦੀ ਜਗ੍ਹਾ ਉਹੀ ਕਰਮ ਕਾਂਡ ਜਿਨ੍ਹਾਂ ਨੂੰ ਸਤਿਗੁਰੂ ਨੇ ਪੂਰਨ ਰੂਪ ਵਿੱਚ ਰੱਦ ਕੀਤਾ, ਸਿੱਖ ਜਗਤ ਵਿੱਚ ਮੁੜ ਤੋਂ ਪ੍ਰਧਾਨ ਹੋਈ ਜਾ ਰਹੇ ਹਨ। ਕਿਹੜਾ ਉਹ ਕਰਮ ਕਾਂਡ ਹੈ ਜੋ ਅਜ ਸਿੱਖ ਨਹੀਂ ਕਰ ਰਿਹਾ ?

ਜਿਸ ਪੁਜਾਰੀਵਾਦ ਨੇ ਮਨੁੱਖਤਾ ਨੂੰ ਕਰਮਕਾਂਡਾਂ ਵਿੱਚ ਭਰਮਾਇਆ, ਜਿਹੜੇ ਪੁਜਾਰੀਵਾਦ ਨੂੰ ਸਤਿਗੁਰੂ ਨੇ ਸਮਾਜ ਤੇ ਕਲੰਕ ਸਮਝ ਕੇ ਮਨੁੱਖਤਾ ਨੂੰ ਇਸ ਤੋਂ ਮੁਕਤ ਕਰਾਉਣ ਦੇ ਉਪਰਾਲੇ ਕੀਤੇ, ਉਹ ਮੁੜ ਰੂਪ ਬਦਲ ਕੇ, ਸਿੱਖ ਸਮਾਜ ਤੇ ਕਾਬਜ਼ ਹੋ ਗਿਆ ਹੈ। ਬ੍ਰਾਹਮਣ ਜੋ ਉਸ ਸਮੇਂ ਦਾ ਧਾਰਮਿਕ ਆਗੂ ਸੀ, ਅਤੇ ਭਾਰਤੀ ਸਮਾਜ ਦੇ ਬਹੁਤ ਵੱਡੇ ਹਿੱਸੇ ਦਾ ਅਜ ਵੀ ਹੈ, ਬਾਰੇ ਪਾਵਨ ਗੁਰਬਾਣੀ ਫੁਰਮਾਉਂਦੀ ਹੈ:

"ਗਜ ਸਾਢੇ ਤੈ ਤੈ ਧੋਤੀਆ, ਤਿਹਰੇ ਪਾਇਨਿ ਤਗ ॥
ਗਲੀ ਜਿਨ੍ਹਾ ਜਪਮਾਲੀਆ, ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ, ਬਾਨਾਰਸਿ ਕੇ ਠਗ ॥"

{ਕਬੀਰ ਜੀਉ, ਪੰਨਾ ੪੭੬}

ਜੋ ਮਨੁੱਖ) ਸਾਢੇ ਤਿੰਨ ਤਿੰਨ ਗਜ਼ (ਲੰਮੀਆਂ) ਧੋਤੀਆਂ (ਪਹਿਨਦੇ, ਅਤੇ) ਤਿਹਰੀਆਂ ਤੰਦਾਂ ਵਾਲੇ ਜਨੇਊ ਪਾਂਦੇ ਹਨ, ਜਿਨ੍ਹਾਂ ਦੇ ਗਲਾਂ ਵਿਚ ਮਾਲਾਂ ਹਨ ਤੇ ਹੱਥ ਵਿੱਚ ਲਿਸ਼ਕਾਏ ਹੋਏ ਲੋਟੇ ਹਨ, (ਨਿਰੇ ਇਹਨਾਂ ਲੱਛਣਾਂ ਕਰਕੇ) ਉਹ ਮਨੁੱਖ ਪਰਮਾਤਮਾ ਦੇ ਭਗਤ ਨਹੀਂ ਆਖੇ ਜਾਣੇ ਚਾਹੀਦੇ, ਉਹ ਤਾਂ (ਅਸਲ ਵਿਚ) ਬਨਾਰਸੀ ਠੱਗ ਹਨ ।

ਅਜ ਇਹ ਬਹੁਤੇ ਬਨਾਰਸੀ ਠੱਗ ਰੂਪ ਬਦਲ ਕੇ ਸਿੱਖ ਜਗਤ ਵਿੱਚ ਆ ਗਏ ਹਨ। ਬਸ ਫਰਕ ਸਿਰਫ ਇਤਨਾ ਹੈ ਕਿ ਉਨ੍ਹਾਂ ਧੋਤੀਆਂ ਨੇ ਲੰਬੇ ਚਿੱਟੇ ਚੋਲਿਆਂ ਦਾ ਰੂਪ ਬਣਾ ਲਿਆ ਹੈ, ਉਤੇ ਚਿੱਟੀਆਂ ਗੋਲ ਪੱਗਾਂ ਬੱਝ ਗਈਆਂ ਹਨ। ਧਾਰਮਿਕ ਸ਼ਖਸੀਅਤ ਹੋਣ ਦਾ ਵਿਖਾਵਾ ਕਰਨ ਲਈ, ਬਹੁਤ ਜਗ੍ਹਾ ਤੇ ਜਪਮਾਲੀਆਂ ਅਜੇ ਵੀ ਉਥੇ ਹੀ ਹਨ। ਰੂਪ ਭਾਵੇਂ ਥੋੜਾ ਜਿਹਾ ਬਦਲ ਗਿਆ ਹੈ, ਕਰਮ ਬਿਲਕੁਲ ਉਹੀ ਹਨ, ਜਿਨ੍ਹਾਂ ਨੂੰ ਸਤਿਗੁਰੂ ਨਾਨਕ ਪਾਤਿਸ਼ਾਹ ਨੇ ਇੰਝ ਪ੍ਰਗਟ ਕੀਤਾ ਸੀ:

"ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ ॥" {ਮ: ੧, ਪੰਨਾ ੪੭੧}

ਮੱਥੇ ਉੱਤੇ ਟਿੱਕਾ ਲਾਂਦੇ ਹਨ, ਲੱਕ ਦੁਆਲੇ ਗੇਰੂਏ ਰੰਗ ਦੀ ਧੋਤੀ (ਬੰਨ੍ਹਦੇ ਹਨ) ਪਰ ਹੱਥ ਵਿਚ, (ਮਾਨੋ) ਛੁਰੀ ਫੜੀ ਹੋਈ ਹੈ ਤੇ (ਵੱਸ ਲਗਦਿਆਂ) ਹਰੇਕ ਜੀਵ ਉੱਤੇ ਜ਼ੁਲਮ ਕਰਦੇ ਹਨ।

"ਪੂਜਾ ਤਿਲਕ ਕਰਤ ਇਸਨਾਨਾਂ ॥
ਛੁਰੀ ਕਾਢਿ ਲੇਵੈ ਹਥਿ ਦਾਨਾ ॥2॥
ਬੇਦੁ ਪੜੈ ਮੁਖਿ ਮੀਠੀ ਬਾਣੀ ॥
ਜੀਆਂ ਕੁਹਤ ਨ ਸੰਗੈ ਪਰਾਣੀ ॥3॥"

{ਗਉੜੀ ਮਹਲਾ ੫,ਪੰਨਾ ੨੦੧}

ਇਸ (ਬ੍ਰਾਹਮਣ) ਨੇ ਮੱਥੇ ਤੇ ਤਿਲਕ ਲਗਾਇਆ ਹੋਇਆ ਹੈ ਅਤੇ ਇਸ਼ਨਾਨਾਂ ਦੁਆਰਾ ਸੁੱਚਤਮ ਵਿਖਾਕੇ ਆਪਣੇ ਧਰਮੀ ਹੋਣ ਦਾ ਪਖੰਡ ਕਰਦਾ ਹੈ। ਅਸਲ ਵਿੱਚ ਇਹ ਆਪਣੇ ਧਾਰਮਿਕ ਪਖੰਡ ਦੁਆਰਾ ਗਰੀਬ ਜਨਤਾ ਨੂੰ ਲੁਟਦਾ ਹੈ। ਮੂੰਹੋਂ ਤਾਂ ਮਿੱਠੀ ਸੁਰ ਨਾਲ ਵੇਦ (-ਮੰਤ੍ਰ) ਪੜ੍ਹਦਾ ਹੈ, ਪਰ ਆਪਣੇ ਜਜਮਾਨਾਂ ਨਾਲ ਧੋਖਾ ਕਰਦਿਆਂ ਰਤਾ ਨਹੀਂ ਝਿਜਕਦਾ ।3।

ਜਿਵੇਂ ਬ੍ਰਾਹਮਣ ਆਪਣੀ ਕੌਮ ਦੇ ਵੱਡੇ ਹਿੱਸੇ ਨੂੰ ਕਰਮਕਾਂਡਾਂ ਵਿੱਚ ਫਸਾ ਕੇ ਉਸ ਦਾ ਸਮਾਜਿਕ, ਆਰਥਿਕ ਅਤੇ ਮਾਨਸਿਕ ਸੋਸ਼ਨ ਕਰਦਾ ਆਇਆ ਹੈ, ਤਿਵੇਂ ਇਹ ਪਖੰਡੀ, ਆਪੂੰ ਬਣੇ ਬਾਬੇ, ਸਿੱਖ ਕੌਮ ਦੇ ਬਹੁਗਿਣਤੀ ਅਗਿਆਨੀ ਹਿੱਸੇ ਦਾ ਸੋਸ਼ਨ ਕਰ ਰਹੇ ਹਨ।

ਕੀ ਨਾਮ ਸਿਮਰਨ ਦਾ ਕੋਈ ਬਦਲ ਹੈ ?

ਇਨ੍ਹਾ ਧਰਮ ਦੇ ਠੇਕੇਦਾਰਾਂ ਕੋਲ ਲੋਕਾਈ ਨੂੰ ਧਰਮ ਦੇ ਨਾਂ ਤੇ ਵੇਚਣ ਵਾਸਤੇ ਸਿਵਾਏ ਕਰਮਕਾਂਡਾਂ ਦੇ ਹੋਰ ਕੁਝ ਹੈ ਹੀ ਨਹੀਂ। ਉਹ ਆਪਣੀਆਂ ਹੱਟੀਆਂ ਚਲਦੀਆਂ ਰੱਖਣ ਲਈ, ਸਿੱਖਾਂ ਨੂੰ, ਸਤਿਗੁਰੂ ਦੁਆਰਾ ਰੱਦ ਕੀਤੇ ਕਰਮਕਾਂਡਾਂ ਵਿੱਚ, ਕੁਝ ਰੂਪ ਬਦਲ ਕੇ, ਮੁੜ ਤੋਂ ਫਸਾਈ ਜਾ ਰਹੇ ਹਨ। ਗੁਰੂ ਦੇ ਗਿਆਨ ਤੋਂ ਵਿਹੂਣੇ, ਕੁਝ ਭੁੱਲੜ ਸਿੱਖ ਅੱਖਾਂ ਬੰਦ ਕਰਕੇ, ਇਸੇ ਨੂੰ ਧਰਮ ਸਮਝ ਕੇ, ਅੰਨ੍ਹੇਵਾਹ ਇਸ ਦੇ ਮਗਰ ਦੌੜੀ ਜਾ ਰਹੇ ਹਨ । ਆਓ ਸਤਿਗੁਰੂ ਕੋਲੋਂ ਪੁਛੀਏ ਕਿ "ਸਤਿਗੁਰੂ! ਕੀ ਇਹ ਵਿਖਾਵੇ ਦੇ ਅਤੇ ਅੰਨ੍ਹੀ ਸ਼ਰਧਾ ਦੇ ਧਰਮ-ਕਰਮ, ਜੀਵਨ ਵਿੱਚ ਸਾਡੇ ਕੰਮ ਆਉਣਗੇ? ਅਸੀਂ ਨਾਮ ਨਾ ਜਪੀਏ ਤੇ ਹੋਰ ਜਿਹੜੇ ਕਈ ਕਰਮਕਾਂਡ ਸਾਨੂੰ ਦਸੇ ਜਾ ਰਹੇ ਹਨ, ਉਨ੍ਹਾਂ ਵਿੱਚੋਂ ਕੋਈ ਕਰਮ ਕਰ ਲਈਏ ਜੋ ਜੀਵਨ ਮਨੋਰਥ ਨੂੰ ਪ੍ਰਾਪਤ ਕਰਨ ਵਿੱਚ ਸਾਡਾ ਸਹਾਈ ਹੋਵੇ।" ਸਤਿਗੁਰੂ ਪਾਵਨ ਬਾਣੀ ਰਾਹੀਂ ਸਾਨੂੰ ਸਮਝਾਉਂਦੇ ਹਨ:

"ਇਕਿ ਤੀਰਥਿ ਨਾਵਹਿ ਅੰਨੁ ਨ ਖਾਵਹਿ ॥
ਇਕਿ ਅਗਨਿ ਜਲਾਵਹਿ ਦੇਹ ਖਪਾਵਹਿ ॥
ਰਾਮ ਨਾਮ ਬਿਨੁ ਮੁਕਤਿ ਨ ਹੋਈ
ਕਿਤੁ ਬਿਧਿ ਪਾਰਿ ਲੰਘਾਈ ਹੇ ॥14॥"

{ਮਾਰੂ ਮਹਲਾ ੧, ਪੰਨਾ ੧੦੨੫}

ਅਨੇਕਾਂ ਬੰਦੇ (ਜਗਤ ਤਿਆਗ ਕੇ) ਤੀਰਥ (ਤੀਰਥਾਂ) ਉਤੇ ਇਸ਼ਨਾਨ ਕਰਦੇ ਹਨ, ਤੇ ਅੰਨ ਨਹੀਂ ਖਾਂਦੇ (ਦੁਧਾਧਾਰੀ ਬਣਦੇ ਹਨ) । ਅਨੇਕਾਂ ਬੰਦੇ (ਤਿਆਗੀ ਬਣ ਕੇ) ਅੱਗ ਬਾਲਦੇ ਹਨ (ਧੂਣੀਆਂ ਤਪਾਂਦੇ ਹਨ ਤੇ) ਆਪਣੇ ਸਰੀਰ ਨੂੰ (ਤਪਾਂ ਦਾ) ਕਸ਼ਟ ਦੇਂਦੇ ਹਨ ਪਰ ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ (ਮਾਇਆ ਦੇ ਬੰਧਨਾਂ ਤੋਂ) ਖ਼ਲਾਸੀ ਨਹੀਂ ਮਿਲਦੀ । ਸਿਮਰਨ ਤੋਂ ਬਿਨਾਂ ਹੋਰ ਕਿਸੇ ਤਰੀਕੇ ਨਾਲ ਕੋਈ ਮਨੁੱਖ ਸੰਸਾਰ-ਸਮੁੰਦਰ ਤੋਂ ਪਾਰ ਨਹੀਂ ਲੰਘ ਸਕਦਾ ।14।

"ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ ॥
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ
ਮੁਕਤਿ ਨਾਮਿ ਗੁਰਮੁਖਿ ਲਹੈ ॥1॥"

{ਭੈਰਉ ਮਹਲਾ ੧, ਪੰਨਾ ੧੧੨੭}

(ਵਿਕਾਰਾਂ ਤੋਂ ਅਤੇ ਵਿਕਾਰਾਂ ਤੋਂ ਪੈਦਾ ਹੋਏ ਦੁੱਖਾਂ ਤੋਂ) ਖ਼ਲਾਸੀ ਕੋਈ ਮਨੁੱਖ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਤੋਂ ਬਿਨਾਂ ਨਹੀਂ ਪ੍ਰਾਪਤ ਕਰ ਸਕਦਾ, ਇਹ

ਖ਼ਲਾਸੀ ਗੁਰੂ ਦੀ ਸ਼ਰਨ ਪੈ ਕੇ ਪ੍ਰਭੂ-ਨਾਮ ਵਿਚ ਜੁੜਿਆਂ ਹੀ ਮਿਲਦੀ ਹੈ । (ਜੇ ਮਨੁੱਖ ਪ੍ਰਭੂ ਦਾ ਸਿਮਰਨ ਨਹੀਂ ਕਰਦਾ ਤਾਂ) ਜੱਗ ਹਵਨ ਪੁੰਨ-ਦਾਨ, ਤਪ ਪੂਜਾ ਆਦਿਕ ਕਰਮ ਕੀਤਿਆਂ ਸਰੀਰ (ਫਿਰ ਭੀ) ਦੁਖੀ ਹੀ ਰਹਿੰਦਾ ਹੈ ਦੁੱਖ ਹੀ ਸਹਾਰਦਾ ਹੈ ।1।

"ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥
ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ॥
ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ॥"

{ਸਿਰੀ ਰਾਗੁ ਮਹਲਾ ੧, ਪੰਨਾ ੬੨}

ਜੇ ਆਪਣੇ ਸਰੀਰ ਨੂੰ ਕੱਟ ਕੱਟ ਕੇ ਇਕ ਇਕ ਰੱਤੀ ਭਰ ਤੋਲ ਤੋਲ ਕੇ ਅੱਗ ਵਿਚ ਹਵਨ ਕਰ ਦਿੱਤਾ ਜਾਏ, ਜੇ ਮੈਂ ਆਪਣੇ ਸਰੀਰ ਤੇ ਮਨ ਨੂੰ ਹਵਨ ਦੀ ਸਾਮਗ੍ਰੀ ਬਣਾ ਦਿਆਂ ਤੇ ਹਰ ਰੋਜ਼ ਇਹਨਾਂ ਨੂੰ ਅੱਗ ਵਿਚ ਸਾੜਾਂ, ਜੇ ਇਹੋ ਜਿਹੇ ਹੋਰ ਲੱਖਾਂ ਕ੍ਰੋੜਾਂ ਕਰਮ ਕੀਤੇ ਜਾਣ, ਤਾਂ ਭੀ ਕੋਈ ਕਰਮ ਪਰਮਾਤਮਾ ਦੇ ਨਾਮ ਦੀ ਬਰਾਬਰੀ ਤਕ ਨਹੀਂ ਪਹੁੰਚ ਸਕਦਾ ।2।

"ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥
ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥
ਹਰਿ ਨਾਮੈ ਤੁਲਿ ਨਾ ਪੁਜਈ ਸਭ ਡਿਠੀ ਠੋਕਿ ਵਜਾਇ॥"

{ਸਿਰੀ ਰਾਗੁ ਮਹਲਾ ੧, ਪੰਨਾ ੬੨}


ਜੇ ਸਿਰ ਉੱਤੇ ਆਰਾ ਰਖਾ ਕੇ ਸਰੀਰ ਨੂੰ ਦੁ-ਫਾੜ ਚਿਰਾ ਦਿੱਤਾ ਜਾਏ, ਜੇ ਸਰੀਰ ਨੂੰ ਹਿਮਾਲਾ ਪਰਬਤ (ਦੀ ਬਰਫ਼) ਵਿਚ ਗਾਲ ਦਿੱਤਾ ਜਾਏ, ਤਾਂ ਭੀ ਮਨ ਵਿਚੋਂ ਹਉਮੈ ਆਦਿਕ) ਰੋਗ ਦੂਰ ਨਹੀਂ ਹੁੰਦਾ । (ਕਰਮ-ਕਾਂਡ ਦੀ) ਸਾਰੀ (ਹੀ ਮਰਯਾਦਾ) ਮੈਂ ਚੰਗੀ ਤਰ੍ਹਾਂ ਪਰਖ ਕੇ ਵੇਖ ਲਈ ਹੈ, ਕੋਈ ਕਰਮ ਪ੍ਰਭੂ ਦਾ ਨਾਮ ਸਿਮਰਨ ਦੀ ਬਰਾਬਰੀ ਤਕ ਨਹੀਂ ਅੱਪੜਦਾ ।3।

"ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥
ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥
ਰਾਮੁ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ॥"

{ਸਿਰੀ ਰਾਗੁ ਮਹਲਾ ੧, ਪੰਨਾ ੬੨}

ਜੇ ਮੈਂ ਸੋਨੇ ਦੇ ਕਿਲ੍ਹੇ ਦਾਨ ਕਰਾਂ, ਬਹੁਤ ਸਾਰੇ ਘੋੜੇ ਤੇ ਹਾਥੀ ਦਾਨ ਕਰਾਂ, ਜ਼ਮੀਨ ਦਾਨ ਕਰਾਂ, ਬਹੁਤ ਸਾਰੀਆਂ ਗਾਂਈਆਂ ਦਾਨ ਕਰਾਂ, ਫਿਰ ਭੀ (ਸਗੋਂ ਇਸ ਦਾਨ ਦਾ ਹੀ) ਮਨ ਵਿਚ ਅਹੰਕਾਰ ਮਾਣ ਬਣ ਜਾਂਦਾ ਹੈ । ਜਿਸ ਮਨੁੱਖ ਨੂੰ ਸਤਿਗੁਰੂ ਨੇ ਸਦਾ-ਥਿਰ ਪ੍ਰਭੂ (ਦਾ ਨਾਮ ਜਪਣ ਦੀ) ਬਖ਼ਸ਼ਸ਼ ਕੀਤੀ ਹੈ, ਉਸ ਦਾ ਮਨ ਪਰਮਾਤਮਾ ਦੇ ਨਾਮ ਵਿਚ ਪਰੋਇਆ ਰਹਿੰਦਾ ਹੈ (ਤੇ ਇਹੀ ਹੈ ਸਹੀ ਕਰਣੀ) ।4।

ਸਤਿਗੁਰੂ ਨੇ ਹਰ ਤਰ੍ਹਾਂ ਦੇ ਕਰਮ ਕਾਂਡ ਨੂੰ, ਬਾਹਰੋਂ ਧਾਰਮਿਕ ਲਗਣ ਵਾਲੇ, ਵਿਖਾਵੇ ਦੇ ਹਰ ਕਰਮ ਨੂੰ, ਰੱਦ ਕੀਤਾ ਹੈ। ਪਰ ਇਨ੍ਹਾਂ ਵਿੱਚੋਂ ਉਹ ਕਿਹੜਾ ਕਰਮਕਾਂਡ ਹੈ, ਜੋ ਅਜ ਅਸੀਂ ਨਹੀਂ ਕਰ ਰਹੇ? ਹਾਂ ਅਸੀਂ ਉਸ ਦਾ ਰੂਪ ਬਦਲ ਲਿਆ ਹੈ। ਬਿਪਰਵਾਦੀ ਯੱਗ ਅਤੇ ਹਵਨ ਆਦਿ ਕਰਦੇ ਹਨ, ਅਸੀਂ ਅਖੰਡ ਪਾਠਾਂ ਦੀਆਂ ਇਕੋਤਰੀਆਂ ਚਲਾ ਰਹੇ ਹਾਂ, ਉਹ ਤੀਰਥਾਂ ਤੇ ਜਾਣ ਅਤੇ ਉਥੇ ਇਸ਼ਨਾਨ ਕਰਨ ਨੂੰ ਪਵਿੱਤਰ ਸਮਝਦੇ ਹਨ, ਅਸੀਂ ਵੀ ਆਪਣੇ ਗੁਰਧਾਮਾਂ ਨਾਲ ਵਿਸ਼ੇਸ ਤਲਾਅ ਬਨਾਉਣੇ ਸ਼ੁਰੂ ਕਰ ਦਿੱਤੇ, ਅਸੀਂ ਵੇਖਿਆ, ਉਹ ਪਹਾੜਾਂ ਤੇ ਯਾਤਰਾ ਕਰਨ ਜਾਂਦੇ ਹਨ, ਅਸੀਂ ਵੀ ਪਹਿਲਾਂ ਮਨੀਕਰਣ ਅਤੇ ਹੁਣ ਹੇਮਕੁੰਟ ਵਰਗੇ ਨਕਲੀ ਤੀਰਥ ਬਣਾ ਲਏ, ਅਜ ਸੈਂਕੜੇ ਬੱਸਾਂ ਭਰ ਕੇ ਇਨ੍ਹਾਂ ਸਥਾਨਾਂ ਤੇ ਤੀਰਥ, (ਹਾਂ ਅਸੀਂ ਇਥੇ ਵੀ ਨਾਂ ਬਦਲ ਲਿਆ ਹੈ, 'ਗੁਰਧਾਮਾਂ ਦੀ ਯਾਤਰਾ') ਕਰਨ ਜਾ ਰਹੀਆਂ ਹਨ, ਉਹ ਤੱਪ ਵਿੱਚ ਵਿਸ਼ਵਾਸ ਰਖਦੇ ਹਨ, ਅਸੀਂ ਨੰਗੇ ਪੈਰੀਂ ਚਲੀਹੇ ਕਟਣੇ ਸ਼ੁਰੂ ਕਰ ਦਿੱਤੇ, ਉਹ ਬ੍ਰਾਹਮਣ ਨੂੰ ਪੁੰਨ ਦਾਨ ਦੇਣ ਨੂੰ ਪਵਿੱਤਰ ਧਾਰਮਕ ਕਿਰਿਆ ਮੰਨਦੇ ਹਨ, ਅਸੀਂ ਗੁਰਦੁਆਰਿਆਂ ਨੂੰ ਸੰਗਮਰਮਰ ਨਾਲ ਲੱਦ ਦਿੱਤਾ, ਸੋਨੇ ਦੀਆਂ ਪਾਲਕੀਆਂ ਅਤੇ ਛੱਤਰ ਬਣਾ ਦਿੱਤੇ, ਪਖੰਡੀ ਸਾਧਾਂ ਦੇ ਆਲੀਸ਼ਨ ਡੇਰਿਆਂ ਦੇ ਡੇਰੇ ਸਥਾਪਿਤ ਕਰ ਦਿੱਤੇ, ਉਨ੍ਹਾਂ ਨੂੰ ਲੱਖਾਂ ਕਰੋੜਾਂ ਦੀਆਂ ਕਾਰਾਂ ਦਾਨ ਕਰ ਦਿੱਤੀਆਂ। ਉਪਰੋਕਤ ਪ੍ਰਮਾਣ ਨਿਰਣਾਇਕ ਹਨ ਕਿ ਕਿਸੇ ਵੀ ਕਰਮ ਕਾਂਡ ਨੇ ਸਾਡੇ ਜੀਵਨ ਦਾ ਰੱਤੀ ਭਰ ਵੀ ਕੁਝ ਨਹੀਂ ਸੁਆਰਨਾ। ਜੇ ਸੁਆਰਨਾ ਹੈ ਤਾਂ ਕੇਵਲ 'ਨਾਮ ਸਿਮਰਨ' ਨੇ। ਉਪਰ ਸਤਿਗੁਰੂ ਕੋਲੋਂ ਪੁਛਣ ਨਾਲ, ਗਲ ਬਿਲਕੁਲ ਸਪਸ਼ਟ ਹੋ ਗਈ ਹੈ ਕਿ ਦੁਨੀਆਂ ਦਾ ਸਭ ਤੋਂ ਅਨਮੋਲ ਧਨ, 'ਨਾਮ' ਹੈ, ਅਤੇ ਇਸ ਦਾ ਕੋਈ ਬਦਲ ਨਹੀਂ ਹੈ।



ਨਾਮ ਕੀ ਹੈ?

ਸਭ ਤੋਂ ਪਹਿਲਾਂ ਇਹ ਵਿਚਾਰਨਾ ਯੋਗ ਹੋਵੇਗਾ ਕਿ ਨਾਮ ਹੈ ਕੀ? ਮੈਂ ਕੁਝ ਸਧਾਰਣ ਸ਼ਬਦਾਂ ਵਿੱਚ ਇਸ ਨੂੰ ਸਪਸ਼ਟ ਕਰਨ ਦਾ ਉਪਰਾਲਾ ਕਰਾਂਗਾ। ਮੈਂ ਆਪਣੀ ਪੇਸ਼ਕਾਰੀ ਵਿੱਚ ਵੀ ਗੁਰਬਾਣੀ ਦੀਆਂ ਪੰਕਤੀਆਂ ਦੇ ਅਰਥ ਪ੍ਰੋ. ਸਾਹਿਬ ਸਿੰਘ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਵਿੱਚੋਂ ਲਏ ਹਨ, ਜਿਸ ਨੂੰ ਅਜੇ ਤਕ ਦੇ ਸਾਰੇ ਟੀਕਿਆਂ ਵਿੱਚ ਸਭ ਤੋਂ ਵਧੇਰੇ ਪ੍ਰਮਾਣਿਤ ਸਮਝਿਆ ਜਾਂਦਾ ਹੈ, ਮੈਂ ਇਸ ਲਿਖਤ ਵਿੱਚ ਵੀ ਉਨ੍ਹਾਂ ਹੀ ਅਰਥਾਂ ਦੀ ਵਰਤੋਂ ਕੀਤੀ ਹੈ।

ਨਾਮ ਕੀ ਹੈ ? ਇਹ ਸਮਝਣ ਵਾਸਤੇ ਅਸੀਂ ਸਭ ਤੋਂ ਪਹਿਲਾਂ 'ਜਪੁ' ਬਾਣੀ ਦੀ 19ਵੀਂ ਪਉੜੀ ਦੀਆਂ ਹੇਠਲੀਆਂ ਪੰਕਤੀਆਂ ਲੈਂਦੇ ਹਾਂ:

"ਜੇਤਾ ਕੀਤਾ, ਤੇਤਾ ਨਾਉ ॥
ਵਿਣੁ ਨਾਵੈ, ਨਾਹੀ ਕੋ ਥਾਉ ॥" {ਪੰਨਾ ੪}

ਇਹ ਸਾਰਾ ਸੰਸਾਰ, ਜੋ ਅਕਾਲ ਪੁਰਖ ਨੇ ਬਣਾਇਆ ਹੈ, ਇਹ ਉਸ ਦਾ ਸਰੂਪ ਹੈ ('ਇਹੁ ਵਿਸੁ ਸੰਸਾਰੁ ਤੁਮ ਦੇਖਦੇ, ਇਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ')। ਕੋਈ ਥਾਂ ਅਕਾਲ ਪੁਰਖ ਦੇ ਸਰੂਪ ਤੋਂ ਖ਼ਾਲੀ ਨਹੀਂ ਹੈ, (ਭਾਵ, ਜਿਹੜੀ ਥਾਂ ਜਾਂ ਪਦਾਰਥ ਵੇਖੀਏ ਉਹੀ ਅਕਾਲ ਪੁਰਖ ਦਾ ਸਰੂਪ ਦਿੱਸਦਾ ਹੈ, ਸ੍ਰਿਸ਼ਟੀ ਦਾ ਜ਼ੱਰਾ ਜ਼ੱਰਾ ਅਕਾਲ ਪੁਰਖ ਦਾ ਸਰੂਪ ਹੈ)।

ਸ੍ਰਿਸ਼ਟੀ ਰਚਨਾ ਬਾਰੇ ਹੀ ਸਤਿਗੁਰੂ ਦਾ ਇਕ ਦੂਸਰਾ ਪ੍ਰਮਾਣ ਵੇਖੋ:
"ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥"

{ਆਸਾ ਮਹਲਾ ੧, ਵਾਰ ਸਲੋਕਾ ਨਾਲਿ, ਪੰਨਾ ੪੬੩}

ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ, ਅਤੇ ਆਪ ਹੀ ਆਪਣਾ ਨਾਮਣਾ ਬਣਾਇਆ । ਫਿਰ, ਉਸ ਨੇ ਕੁਦਰਤ ਰਚੀ (ਅਤੇ ਉਸ ਵਿਚ) ਆਸਣ ਜਮਾ ਕੇ, (ਭਾਵ, ਕੁਦਰਤ ਵਿਚ ਵਿਆਪਕ ਹੋ ਕੇ, ਇਸ ਜਗਤ ਦਾ) ਆਪ ਤਮਾਸ਼ਾ ਵੇਖਣ ਲੱਗ ਪਿਆ ਹੈ ।

ਉਪਰਲੇ ਦੋ ਪ੍ਰਮਾਣਾਂ ਨੂੰ ਧਿਆਨ ਨਾਲ ਵਿਚਾਰਨ ਨਾਲ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਅਕਾਲ ਪੁਰਖੁ ਆਪ ਹੀ ਨਾਮ ਹੈ ਉਸ ਦੀ ਹੋਂਦ ਹੀ ਨਾਮ ਹੈ। ਹੇਠਲੇ ਦੋ ਪ੍ਰਮਾਣ ਇਹ ਸਪਸ਼ਟ ਕਰਦੇ ਹਨ ਕਿ ਸ੍ਰਿਸ਼ਟੀ ਦਾ ਸਾਰਾ ਸਿਲਸਿਲਾ ਅਕਾਲ ਪੁਰਖ ਦੇ ਇਕ ਅਟੱਲ ਨੇਮ ਵਿੱਚ ਚਲ ਰਿਹਾ ਹੈ, ਜਿਸਨੂੰ ਹੁਕਮ ਵੀ ਕਿਹਾ ਜਾਂਦਾ ਹੈ, ਅਤੇ ਇਸੇ ਨੂੰ ਨਾਮ ਵੀ ਕਿਹਾ ਜਾਂਦਾ ਹੈ:

(3) "ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥5॥"

{ਗਉੜੀ ਸੁਖਮਨੀ ਮਃ ੫, ਪੰਨਾ ੨੮੪}

ਸਾਰੇ ਜੀਆ ਜੰਤ ਅਕਾਲ ਪੁਰਖ ਦੇ ਆਸਰੇ ਹਨ, ਜਗਤ ਦੇ ਸਾਰੇ ਭਾਗ (ਹਿੱਸੇ) ਭੀ ਪ੍ਰਭੂ ਦੇ ਟਿਕਾਏ ਹੋਏ ਹਨ । ਵੇਦ, ਪੁਰਾਣ ਸਿਮ੍ਰਿਤੀਆਂ ਪ੍ਰਭੂ ਦੇ ਅਧਾਰ ਤੇ ਹਨ, ਗਿਆਨ ਦੀਆਂ ਗੱਲਾਂ ਸੁਣਨਾ ਤੇ ਸੁਰਤਿ ਜੋੜਨੀ ਭੀ ਅਕਾਲ ਪੁਰਖ ਦੇ ਆਸਰੇ ਹੀ ਹੈ । ਸਾਰੇ ਅਕਾਸ਼ ਪਤਾਲ ਪ੍ਰਭੂ-ਆਸਰੇ ਹਨ, ਸਾਰੇ ਸਰੀਰ ਹੀ ਪ੍ਰਭੂ ਦੇ ਆਧਾਰ ਤੇ ਹਨ । ਤਿੰਨੇ ਭਵਨ ਤੇ ਚੌਦਹ ਲੋਕ ਅਕਾਲ ਪੁਰਖ ਦੇ ਟਿਕਾਏ ਹੋਏ ਹਨ, ਜੀਵ ਪ੍ਰਭੂ ਵਿਚ ਜੁੜ ਕੇ ਤੇ ਉਸ ਦਾ ਨਾਮ ਕੰਨੀਂ ਸੁਣ ਕੇ ਵਿਕਾਰਾਂ ਤੋਂ ਬਚਦੇ ਹਨ । ਜਿਸ ਨੂੰ ਮੇਹਰ ਕਰ ਕੇ ਆਪਣੇ ਨਾਮ ਵਿਚ ਜੋੜਦਾ ਹੈ, ਹੇ ਨਾਨਕ । ਉਹ ਮਨੁੱਖ (ਮਾਇਆ ਦੇ ਅਸਰ ਤੋਂ ਪਰਲੇ) ਚਉਥੇ ਦਰਜੇ ਵਿਚ ਅੱਪੜ ਕੇ ਉੱਚੀ ਅਵਸਥਾ ਪ੍ਰਾਪਤ ਕਰਦਾ ਹੈ ।5।

(੫) "ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ ॥
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ ॥"

(ਮਲਾਰ ਮਹਲਾ ੧, ਪੰਨਾ ੧੨੭੫)

ਹੇ ਪ੍ਰਭੂ । ਸਾਰੀ ਸ੍ਰਿਸ਼ਟੀ ਵਿਚ ਤੇਰਾ ਹੀ ਹੁਕਮ ਚੱਲ ਰਿਹਾ ਹੈ, ਸਾਰੀ ਸ੍ਰਿਸ਼ਟੀ ਵਿਚ ਨੀਵੇਂ ਤੋਂ ਨੀਵੇਂ ਥਾਵਾਂ ਵਿਚ ਭੀ ਤੇਰਾ ਹੀ ਨਾਮ ਵੱਜ ਰਿਹਾ ਹੈ । ਸਭ ਜੀਵਾਂ ਵਿਚ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੀ ਹੀ ਜੀਵਨ-ਰੌ ਰੁਮਕ ਰਹੀ ਹੈ (ਜਿਸ ਕਿਸੇ ਨੂੰ ਮਿਲਦਾ ਹੈ) ਉਹ ਅਬਿਨਾਸ਼ੀ ਪ੍ਰਭੂ ਆਪਣੀ ਮਿਹਰ ਨਾਲ ਹੀ ਮਿਲਦਾ ਹੈ।

ਉਪਰੋਕਤ ਪ੍ਰਮਾਣਾਂ ਤੋਂ ਸਿਧਾਂਤ ਬੜਾ ਸਪਸ਼ਟ ਹੈ ਕਿ ਅਕਾਲ-ਪੁਰਖੁ , ਹੁਕਮ ਅਤੇ ਨਾਮ ਇਕੋ ਚੀਜ਼ ਹਨ, ਸੋ ਅਕਾਲ-ਪੁਰਖੁ ਦੇ ਉਹ ਅਟਲ ਨੇਮ ਜਿਨ੍ਹਾਂ

ਨਾਲ ਸ੍ਰਿਸ਼ਟੀ ਦਾ ਸਾਰਾ ਸਿਲਸਿਲਾ ਚਲ ਰਿਹਾ ਹੈ ਉਹੀ ਨਾਮ ਹੈ। ਨਾਮ ਨਾਲ ਜੁੜਨਾ, ਅਕਾਲ-ਪੁਰਖੁ ਨਾਲ ਜੁੜਨਾ ਹੈ।

ਇਸੇ ਲਈ ਗੁਰਬਾਣੀ ਵਿੱਚ ਨਾਮ ਦੀ ਤੁਲਨਾ ਅਮੋਲਕ ਵਸਤੂਆਂ ਨਾਲ ਕੀਤੀ ਗਈ ਹੈ:

"ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥"

(ਗਉੜੀ ਸੁਖਮਨੀ ਮਃ ੫, ਪੰਨਾ ੨੯੪)

"ਨਾਮੁ ਅਮੋਲਕੁ ਰਤਨੁ ਹੈ" (ਸਿਰੀਰਾਗੁ ਮਹਲਾ ੪, ਪੰਨਾ ੪੦)

"ਅੰਮ੍ਰਿਤੁ ਨਾਮੁ ਨਿਧਾਨੁ ਹੈ"

(ਗਉੜੀ ਕੀ ਵਾਰ ਮਹਲਾ ੫, ਪੰਨਾ ੩੧੯)

"ਨਾਮੁ ਨਿਰੰਜਨ ਅਲਖੁ ਹੈ"

(ਸਾਰੰਗ ਕੀ ਵਾਰ ਮਹਲਾ ੪,ਪੰਨਾ ੧੨੪੨)

"ਰਤਨੁ ਜਵੇਹਰੁ ਲਾਲੁ ਹਰਿ ਨਾਮਾ"

(ਰਾਮਕਲੀ ਮਹਲਾ ੪,ਪੰਨਾ ੯੮੦)

(5) ਸਤਸੰਗਤ ਕੈਸੀ ਜਾਣੀਐ ।

ਜਿਥੈ ਏਕੋ ਨਾਮ ਵਖਾਣੀਐ ॥



ਏਕੋ ਨਾਮ ਹੁਕਮ ਹੈ ਨਾਨਕ ਸਤਗੁਰ ਦੀਆ

ਬੁਝਾਏ ਜੀਉ ।

ਅਮੋਲਕ ਨਾਮ ਧਨੁ ਕਿਥੋਂ ਮਿਲਦਾ ਹੈ ?

ਹੁਣ ਸਤਿਗੁਰੂ ਕੋਲੋਂ ਹੀ ਪੁਛੀਏ ਕਿ ਇਹ ਨਾਮ ਰੂਪੀ ਅਮੋਲਕ ਪਦਾਰਥ ਮਿਲਦਾ ਕਿਥੋਂ ਹੈ? ਤਾਂ ਸਤਿਗੁਰੂ ਸਾਨੂੰ ਦਸਦੇ ਹਨ:

" ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥
ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥"

{ਸਿਰੀਰਾਗੁ ਮਹਲਾ ੪, ਪੰਨਾ ੪੦}

ਪਰਮਾਤਮਾ ਦਾ ਨਾਮ ਇਕ ਐਸਾ ਰਤਨ ਹੈ, ਜਿਸ ਜਿਹੀ ਕੀਮਤੀ ਸ਼ੈ ਹੋਰ ਕੋਈ ਨਹੀਂ ਹੈ, ਇਹ ਨਾਮ ਪੂਰੇ ਗੁਰੂ ਦੇ ਪਾਸ ਹੀ ਹੈ । ਜੇ ਗੁਰੂ ਦੀ ਦੱਸੀ ਸੇਵਾ ਵਿਚ ਲੱਗ ਜਾਈਏ,ਤਾਂ ਉਹ ਹਿਰਦੇ ਵਿਚ ਗਿਆਨ ਦਾ ਚਾਨਣ ਕਰ ਕੇ (ਆਪਣੇ ਪਾਸੋਂ ਨਾਮ-) ਰਤਨ ਕੱਢ ਕੇ ਦੇਂਦਾ ਹੈ ।

"ਭਾਈ ਰੇ, ਹਰਿ ਹੀਰਾ ਗੁਰ ਮਾਹਿ ॥
ਸਤ ਸੰਗਤਿ ਸਤਗੁਰੁ ਪਾਈਐ,
ਅਹਿ ਨਿਸਿ ਸਬਦਿ ਸਲਾਹਿ ॥1॥"

{ਸਿਰੀਰਾਗੁ ਮਹਲਾ ੧, ਪੰਨਾ ੨੨}

ਹੇ ਭਾਈ । ਇਹ ਕੀਮਤੀ ਹਰਿ-ਨਾਮ ਗੁਰੂ ਦੇ ਕੋਲ ਹੈ । ਗੁਰੂ ਸਾਧ ਸੰਗਤਿ ਵਿਚ ਮਿਲਦਾ ਹੈ । (ਸੋ, ਹੇ ਭਾਈ ! ਸਾਧ ਸੰਗਤਿ ਵਿਚ ਜਾ ਕੇ) ਗੁਰੂ ਦੇ ਸ਼ਬਦ ਵਿਚ ਜੁੜ ਕੇ ਦਿਨ ਰਾਤ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰ ।1।

"ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥
ਸਤਿਗੁਰੁ ਸੇਵੀ ਅਵਰੁ ਨ ਦੂਜਾ ॥
ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ
ਸਤਿਗੁਰ ਕੀ ਸੇਵਾ ਭਾਈ ਹੇ ॥3॥"

{ਮਾਰੂ ਸੋਲਹੇ ਮਹਲਾ ੪, ਪੰਨਾ ੧੦੬੯}

ਹੇ ਭਾਈ । ਗੁਰੂ ਆਤਮਕ ਜੀਵਨ ਦੀ ਸੂਝ (ਦੇਣ ਵਾਲਾ) ਹੈ, ਗੁਰੂ (ਪਰਮਾਤਮਾ ਦੀ) ਭਗਤੀ (ਸਿਖਾਣ ਵਾਲਾ) ਹੈ । ਮੈਂ ਤਾਂ ਗੁਰੂ ਦੀ ਹੀ ਸ਼ਰਨ ਪੈਂਦਾ ਹਾਂ, ਕੋਈ ਹੋਰ ਦੂਜਾ (ਮੈਂ ਆਪਣੇ ਮਨ ਵਿਚ) ਨਹੀਂ (ਲਿਆਉਂਦਾ) । ਮੈਂ ਗੁਰੂ ਪਾਸੋਂ ਸ੍ਰੇਸ਼ਟ ਨਾਮ-ਧਨ ਲੱਭਾ ਹੈ, ਮੈਨੂੰ ਗੁਰੂ ਦੀ (ਦੱਸੀ) ਸੇਵਾ ਹੀ ਪਿਆਰੀ ਲੱਗਦੀ ਹੈ ।3।

"ਨਾਮੁ ਇਸਟੁ ਮੀਤ ਸੁਤ ਕਰਤਾ ਮਨ ਸੰਗਿ ਤੁਹਾਰੈ ਚਾਲੈ ॥
ਕਰਿ ਸੇਵਾ ਸਤਿਗੁਰ ਅਪੁਨੇ ਕੀ ਗੁਰ ਤੇ ਪਾਈਐ ਪਾਲੈ ॥"

{ਗਉੜੀ ਪੂਰਬੀ ਮਹਲਾ 5, ਪੰਨਾ 213}

ਹੇ ਮੇਰੇ ਮਨ ! ਕਰਤਾਰ ਦਾ ਨਾਮ ਹੀ ਤੇਰਾ ਅਸਲ ਪਿਆਰਾ ਹੈ ਮਿੱਤਰ ਹੈ ਪੁੱਤਰ ਹੈ । ਹੇ ਮਨ ! ਇਹ ਨਾਮ ਹੀ ਹਰ ਵੇਲੇ ਤੇਰੇ ਨਾਲ ਸਾਥ ਕਰਦਾ ਹੈ । ਹੇ ਮਨ ! ਆਪਣੇ ਸਤਿਗੁਰੂ ਦੀ ਸ਼ਰਨ ਪਉ, ਕਰਤਾਰ ਦਾ ਨਾਮ ਸਤਿਗੁਰੂ ਤੋਂ ਹੀ ਮਿਲਦਾ ਹੈ ।

ਉਪਰੋਕਤ ਪ੍ਰਮਾਣਾਂ ਤੋਂ ਗਲ ਬੜੀ ਸਪਸ਼ਟ ਹੈ ਕਿ ਨਾਮ ਧਨੁ ਦਾ ਖ਼ਜ਼ਾਨਾ ਪੂਰੇ ਗੁਰੂ ਕੋਲ ਹੈ, ਜੇ ਸਤਿਗੁਰੂ ਦੀ ਸ਼ਰਨ ਪਈਏ ਤਾਂ ਸਤਿਗੁਰੂ ਤੋਂ ਇਹ ਨਾਮ ਧਨੁ ਮਿਲ ਜਾਂਦਾ ਹੈ। ਅਸਲ ਵਿੱਚ ਸਿੱਖ ਕਹਾਉਣ ਦੇ ਹੱਕਦਾਰ ਹੀ ਤਾਂ ਹਾਂ ਜੇ ਗੁਰੂ ਤੇ ਪੂਰਨ ਵਿਸ਼ਵਾਸ ਹੈ। ਸਿੱਖ ਅਤੇ ਗੁਰੂ ਦਾ ਰਿਸ਼ਤਾ ਹੀ ਤਾਂ ਹੈ ਜੇ ਸਤਿਗੁਰੂ ਦਾ ਦਰ ਛੱਡ ਕੇ ਹੋਰ ਕਿਧਰੇ ਨਹੀਂ ਭਟਕਦੇ। ਜਦ ਗੁਰਬਾਣੀ ਦਾ ਅਟੱਲ ਫੈਸਲਾ ਹੈ ਕਿ ਨਾਮ ਧਨੁ ਸਤਿਗੁਰੂ ਤੋਂ ਮਿਲਦਾ ਹੈ ਤਾਂ ਫਿਰ ਕਈ ਭੁਲੱੜ ਵੀਰ-ਭੈਣਾ ਹੋਰ ਕਿਥੇ ਨਾਮ ਦੀ ਭਾਲ ਕਰ ਰਹੇ ਹਨ? ਇਕ ਗੱਲ ਤਾਂ ਸਪਸ਼ਟ ਹੈ ਕਿ ਆਪਣੇ ਸਤਿਗੁਰੂ, ਗੁਰੂ ਗ੍ਰੰਥ ਸਾਹਿਬ ਤੇ ਪੂਰਨ ਵਿਸ਼ਵਾਸ ਨਹੀਂ ਹੈ। ਚਲੋ ਸਤਿਗੁਰੂ ਕੋਲੋਂ ਹੀ ਪੁਛ ਲੈਂਦੇ ਹਾਂ, ਜੀ, ਕੀ ਇਹ ਨਾਮ ਧਨੁ ਹੋਰ ਕਿਥੋਂ ਵੀ ਮਿਲ ਸਕਦਾ ਹੈ ?



ਕੀ ਨਾਮ ਧਨੁ ਪ੍ਰਾਪਤ ਕਰਨ ਦਾ ਸਤਿਗੁਰੂ ਤੋਂ ਇਲਾਵਾ ਕੋਈ ਦੂਜਾ ਵਸੀਲਾ ਹੈ ?

ਇਹ ਠੀਕ ਹੈ ਕਿ ਕਈ ਚੀਜ਼ਾਂ ਕਈ ਕਈ ਸਥਾਨਾਂ ਤੋਂ ਮਿਲ ਸਕਦੀਆਂ ਹਨ, ਉਨ੍ਹਾਂ ਨੂੰ ਮਿਲਣ ਦੇ ਇਕ ਤੋਂ ਵਧੇਰੇ ਵਸੀਲੇ ਹੋ ਸਕਦੇ ਹਨ। ਅਸੀਂ ਬਜ਼ਾਰ ਵਿੱਚ ਕੋਈ ਵੀ ਚੀਜ਼ ਲੈਣ ਜਾਈਏ, ਹਰ ਚੀਜ਼ ਦੀਆਂ ਕਈ ਕਈ ਦੁਕਾਨਾ, ਕਈ ਕਈ ਸਰੋਤ ਹਨ। ਕੀ 'ਨਾਮ ਧਨੁ' ਪ੍ਰਾਪਤ ਕਰਨ ਦਾ ਵੀ ਕੋਈ ਦੂਸਰਾ ਸਾਧਨ ਹੈ? ਅਜ ਇਹ ਗੱਲ ਸਤਿਗੁਰੂ ਕੋਲੋਂ ਪੁੱਛਣੀ ਬਹੁਤ ਜਰੂਰੀ ਹੋ ਗਈ ਹੈ, ਕਿਉਂਕਿ ਅਜ ਨਾਮ ਦੇ ਨਾਂਅ ਤੇ ਅਨਗਿਣਤ ਦੁਕਾਨਾਂ ਖੁਲ੍ਹ ਗਈਆਂ ਹਨ, ਅਖੌਤੀ ਨਾਮ ਦੇਣ ਦੇ ਪਾਖੰਡ ਵਾਸਤੇ ਵਿਸ਼ੇਸ਼ ਭੋਰੇ ਬਣ ਗਏ ਹਨ, ਜਿਥੇ ਨਾਮ ਲੈਣ ਗਈਆਂ ਅਨੇਕ ਬੀਬੀਆਂ ਪਖੰਡੀ ਬਾਬਿਆਂ ਕੋਲੋਂ ਆਪਣੀ ਪੱਤ ਲੁਟਾ ਆਉਂਦੀਆਂ ਹਨ। ਅਨਗਿਣਤ ਡੇਰੇਦਾਰ ਭੋਲੇ ਭਾਲੇ ਲੋਕਾਂ ਨੂੰ ਕੰਨਾਂ ਵਿੱਚ ਕੰਨਾਂ- ਮੰਨਾਂ- ਕੁਰ-ਰ-ਰ ਕਰ ਕੇ ਨਾਮ ਦੇ ਰਹੇ ਹਨ। ਆਓ ਸਤਿਗੁਰੂ ਨੂੰ ਪੁਛੀਏ, ਕੀ ਆਪ ਜੀ ਨੇ ਨਾਮ ਧੱਨ ਦੀ ਏਜੰਸੀ ਕਿਸੇ ਅਖੌਤੀ ਬਾਬੇ ਜਾਂ ਡੇਰੇ ਨੂੰ ਦਿਤੀ ਹੋਈ ਹੈ, ਜਿੱਥੋਂ ਜਾਕੇ ਅਸੀਂ ਨਾਮ ਲੈ ਆਈਏ ?

ਸਤਿਗੁਰੂ ਬਖਸ਼ਿਸ਼ ਕਰਦੇ ਸਮਝਾਉਂਦੇ ਹਨ:

"ਬਿਨੁ ਸਤਿਗੁਰ ਦਾਤਾ ਕੋ ਨਹੀ ਜੋ ਹਰਿ ਨਾਮੁ ਦੇਇ ਆਧਾਰੁ ॥
ਗੁਰ ਕਿਰਪਾ ਤੇ ਨਾਉ ਮਨਿ ਵਸੈ ਸਦਾ ਰਹੈ ਉਰਿ ਧਾਰਿ ॥"

(ਸਲੋਕ ਮਹਲਾ ੩, ਪੰਨਾ ੧੪੧੭)

ਹੇ ਭਾਈ ! ਗੁਰੂ ਤੋਂ ਬਿਨਾ (ਪਰਮਾਤਮਾ ਦੇ ਨਾਮ ਦੀ) ਦਾਤਿ ਦੇਣ ਵਾਲਾ ਹੋਰ ਕੋਈ ਨਹੀਂ ਹੈ, ਉਹ ਗੁਰੂ ਹੀ ਪਰਮਾਤਮਾ ਦਾ ਨਾਮ (ਜਿੰਦ ਲਈ) ਆਸਰਾ ਦੇਂਦਾ ਹੈ । ਗੁਰੂ ਦੀ ਕਿਰਪਾ ਨਾਲ ਪਰਮਾਤਮਾ ਦਾ ਨਾਮ (ਮਨੁੱਖ ਦੇ) ਮਨ ਵਿਚ ਆ ਵੱਸਦਾ ਹੈ, (ਮਨੁੱਖ ਹਰਿ-ਨਾਮ ਨੂੰ ਆਪਣੇ) ਹਿਰਦੇ ਵਿਚ ਵਸਾਈ ਰੱਖਦਾ ਹੈ ।

"ਬਿਨੁ ਸਤਿਗੁਰ, ਹਰਿਨਾਮੁ ਨ ਲਭਈ,
ਲਖ ਕੋਟੀ ਕਰਮ ਕਮਾਉ ॥2॥"

(ਸਿਰੀਰਾਗੁ ਮਹਲਾ ੪, ਪੰਨਾ ੪੦)

ਜੇ ਮੈਂ ਲੱਖਾਂ ਕ੍ਰੋੜਾਂ (ਹੋਰ ਹੋਰ ਧਾਰਮਿਕ) ਕੰਮ ਕਰਾਂ ਤਾਂ ਭੀ ਸਤਿਗੁਰੂ ਦੀ ਸ਼ਰਨ ਤੋਂ ਬਿਨਾ ਪਰਮਾਤਮਾ ਦਾ ਨਾਮ ਪ੍ਰਾਪਤ ਨਹੀਂ ਹੁੰਦਾ ।2।

"ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ ॥
ਸਤਿਗੁਰ ਕੈ ਭਾਣੈ ਮਨਿ ਵਸੈ
ਤਾ ਅਹਿਨਿਸਿ ਰਹੈ ਲਿਵ ਲਾਇ ॥3॥"

(ਮਾਰੂ ਮਹਲਾ ੧, ਪੰਨਾ ੧੦੧੫)

ਪਰਮਾਤਮਾ ਦਾ ਨਾਮ ਗੁਰੂ ਦੇ ਦਰ ਤੋਂ ਮਿਲਦਾ ਹੈ, ਗੁਰੂ ਦੀ ਸ਼ਰਨ ਤੋਂ ਬਿਨਾ ਪ੍ਰਭੂ-ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ । ਗੁਰੂ ਦੇ ਹੁਕਮ ਵਿਚ ਤੁਰ ਕੇ ਮਨੁੱਖ ਦੇ ਮਨ ਵਿਚ ਨਾਮ ਵੱਸ ਪਏ, ਤਾਂ ਉਹ ਦਿਨ ਰਾਤ ਨਾਮ ਵਿਚ ਸੁਰਤਿ ਜੋੜੀ ਰੱਖਦਾ ਹੈ ।3।

"ਨਾਨਕ ਬਿਨੁ ਸਤਿਗੁਰ ਨਾਉ ਨ ਪਾਈਐ
ਜੇ ਸਉ ਲੋਚੈ ਕੋਈ ॥32॥" (ਸਲੋਕ ਮਹਲਾ ੩, ਪੰਨਾ ੧੪੧੬)

ਹੇ ਨਾਨਕ! (ਆਖ—ਹੇ ਭਾਈ !) ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਪਰਮਾਤਮਾ ਦਾ ਨਾਮ ਨਹੀਂ ਮਿਲਦਾ, ਭਾਵੇਂ ਕੋਈ ਮਨੁੱਖ ਸੌ ਵਾਰੀ ਤਾਂਘ ਪਿਆ ਕਰੇ।

ਅਸੀਂ ਗੁਰਬਾਣੀ ਪੜ੍ਹੇ, ਵਿਚਾਰੇ ਬਿਨਾਂ ਜੋ ਮਰਜ਼ੀ ਕਰਮ ਕਰੀ ਜਾਈਏ, ਜਿਥੇ ਮਰਜ਼ੀ ਭਟਕਦੇ ਰਹੀਏ, ਸਤਿਗੁਰੂ ਦਾ ਨਿਰਣਾ ਤਾਂ ਬਿਲਕੁਲ ਸਪਸ਼ਟ ਹੈ ਕਿ ਨਾਮ ਧਨੁ ਕੇਵਲ ਤੇ ਕੇਵਲ ਸਤਿਗੁਰੂ ਤੋਂ ਮਿਲਦਾ ਹੈ, ਹੋਰ ਕਿਤੋਂ ਨਹੀਂ ਮਿਲ ਸਕਦਾ। ਸਤਿਗੁਰੂ ਦੇ ਇਤਨੇ ਸਪਸ਼ਟ ਆਦੇਸ਼, ਕਿ ਗੁਰੂ ਤੋਂ ਬਿਨਾਂ ਹੋਰ ਕਿਧਰੇ ਵੀ ਨਾਮ ਧਨੁ ਨਹੀਂ ਮਿਲ ਸਕਦਾ, ਦੇ ਬਾਅਦ ਵੀ ਜੇ ਕੁਝ ਭੁੱਲੜ ਵੀਰ, ਭੈਣਾਂ ਕੁਝ ਵਿਅਕਤੀਆਂ ਕੋਲੋਂ ਜਾਂ ਪਖੰਡੀ ਡੇਰੇ ਦਾਰਾਂ ਕੋਲੋਂ ਨਾਮ ਲੈਣ ਲਈ ਤੁਰੇ ਫਿਰਦੇ ਹਨ ਤਾਂ ਉਨ੍ਹਾਂ ਦੀ ਮਤਿ ਬਾਰੇ ਕੀ ਕਿਹਾ ਜਾਵੇ ? ਜਾਂ ਫਿਰ ਇਹ ਸੋਚਣਾ ਪਵੇਗਾ ਕਿ ਕਿਤੇ ਸਾਨੂੰ ਸਤਿਗੁਰੂ ਬਾਰੇ ਹੀ ਤਾਂ ਭੁਲੇਖਾ ਨਹੀਂ ਪੈ ਗਿਆ ?



ਗੁਰੂ ਕੌਣ ਹੈ ?

ਅਸਲ ਵਿੱਚ ਅਸੀਂ ਭਾਵੇਂ ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥੇ ਟੇਕ ਰਹੇ ਹਾਂ, ਪ੍ਰਕਰਮਾਂ ਵੀ ਕਰਦੇ ਹਾਂ, ਸੋਹਣੇ ਰੁਮਾਲੇ ਅਤੇ ਦੇਗਾਂ ਵੀ ਨਿਤ ਭੇਟਾ ਕਰ ਰਹੇ ਹਾਂ, ਪਰ ਸ਼ਾਇਦ ਅਸੀਂ "ਗੁਰੂ" ਸ਼ਬਦ ਦੀ ਵਿਚਾਰਧਾਰਾ ਅਤੇ ਆਸ਼ਾ ਹੀ ਨਹੀਂ ਸਮਝ ਸਕੇ। ਜੇ ਹੁਣ ਸਾਨੂੰ ਗੁਰਬਾਣੀ ਦਾ ਇਹ ਨਿਰਣਾ ਸਮਝ ਲੱਗ ਗਿਆ ਹੈ ਕਿ ਗੁਰੂ ਤੋਂ ਬਿਨਾਂ ਨਾਮ ਧਨੁ ਪ੍ਰਾਪਤ ਹੋ ਹੀ ਨਹੀਂ ਸਕਦਾ, ਤਾਂ ਫਿਰ ਜ਼ਰੂਰੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਇਹ ਵੀ ਸਮਝ ਲਈਏ ਕਿ ਸਤਿਗੁਰੂ ਹੈ ਕੌਣ?

ਸਤਿਗੁਰੂ ਨਾਨਕ ਪਾਤਿਸ਼ਾਹ ਦੀ ਸਿੱਧਾਂ ਨਾਲ ਹੋਈ ਗਿਆਨ ਚਰਚਾ, ਜੋ "ਸਿੱਧ ਗੋਸ਼ਟਿ" ਬਾਣੀ ਦੇ ਨਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ, ਵਿੱਚ ਸਿੱਧਾਂ ਨੇ ਗੁਰੂ ਨਾਨਕ ਪਾਤਿਸ਼ਾਹ ਨੂੰ ਸੁਆਲ ਕੀਤਾ ਹੈ:

"ਕਵਣ ਮੂਲੁ, ਕਵਣ ਮਤਿ ਵੇਲਾ ॥
ਤੇਰਾ ਕਵਣੁ ਗੁਰੂ, ਜਿਸ ਕਾ ਤੂ ਚੇਲਾ ॥"

{ਰਾਮਕਲੀ ਮਹਲਾ ੧,ਸਿਧ ਗੋਸਟਿ, ਪੰਨਾ ੯੪੨}

ਪ੍ਰਸ਼ਨ :— (ਜੀਵਨ ਦਾ) ਕੀਹ ਮੂਲ ਹੈ ? ਕੇਹੜੀ ਸਿੱਖਿਆ ਲੈਣ ਦਾ (ਇਹ ਮਨੁੱਖਾ ਜਨਮ ਦਾ) ਸਮਾ ਹੈ ? ਤੂੰ ਕਿਸ ਗੁਰੂ ਦਾ ਚੇਲਾ ਹੈਂ ?

ਸਭ ਤੋਂ ਪਹਿਲਾਂ ਤਾਂ, ਬਲਿਹਾਰ ਜਾਵਾਂ ਆਪਣੇ ਸਤਿਗੁਰੂ ਨਾਨਕ ਪਾਤਿਸ਼ਾਹ ਦੇ, ਅਜ ਦੇ ਸਮੇਂ ਨੂੰ ਵਿਗਿਆਨ ਦਾ ਯੁੱਗ ਕਿਹਾ ਜਾਂਦਾ ਹੈ, ਇਨਸਾਨ ਚੰਨ, ਤਾਰਿਆਂ ਤੱਕ ਪਹੁੰਚ ਚੁੱਕਾ ਹੈ, ਪਰ ਅਜ ਵੀ ਕੋਈ ਵਿਗਿਆਨੀ ਦਾਅਵੇ ਨਾਲ ਨਹੀਂ ਕਹਿ ਸਕਦਾ ਕਿ ਸ੍ਰਿਸ਼ਟੀ ਦੀ ਰਚਨਾ ਕਿਵੇਂ ਹੋਈ। ਭਾਵੇਂ ਕਈ ਵਿਚਾਰਾਂ ਅਤੇ ਖੋਜਾਂ ਸਾਹਮਣੇ ਆਈਆਂ ਹਨ, ਪਰ ਅਜੇ ਤਕ ਵੀ ਕੋਈ ਸਰਵ ਪ੍ਰਵਾਨਤ, ਨਿਰਣਾਇਕ ਫੈਸਲਾ ਸਾਹਮਣੇ ਨਹੀਂ ਆਇਆ। ਪਰ ਸਤਿਗੁਰੂ ਨਾਨਕ ਪਾਤਿਸ਼ਾਹ ਨੇ ਅਜ ਤੋਂ ਪੰਜ ਸੌ ਸਾਲ ਪਹਿਲੇ ਸੰਸਾਰ ਨੂੰ ਦੱਸ ਦਿੱਤਾ ਸੀ:

"ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥"

{ਆਸਾ ਮਹਲਾ ੧, ਵਾਰ ਸਲੋਕਾ ਨਾਲਿ, ਪੰਨਾ ੪੬੩}

ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ, ਅਤੇ ਆਪ ਹੀ ਆਪਣਾ ਨਾਮਣਾ ਬਣਾਇਆ । ਫਿਰ, ਉਸ ਨੇ ਕੁਦਰਤ ਰਚੀ (ਅਤੇ ਉਸ ਵਿਚ)

ਆਸਣ ਜਮਾ ਕੇ, (ਭਾਵ, ਕੁਦਰਤ ਵਿਚ ਵਿਆਪਕ ਹੋ ਕੇ, ਇਸ ਜਗਤ ਦਾ) ਆਪ ਤਮਾਸ਼ਾ ਵੇਖਣ ਲੱਗ ਪਿਆ ਹੈ ।

ਅਗੋਂ ਕੁਦਰਤ ਸਾਜਣ ਦੀ ਗੱਲ ਵੀ ਗੁਰੂ ਸਾਹਿਬ ਨੇ ਸਪਸ਼ਟ ਕਰ ਦਿੱਤੀ:

"ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥"

(ਸਿਰੀ ਰਾਗੁ ਮਹਲਾ ੧, ਪੰਨਾ ੧੯)

ਪਰਮਾਤਮਾ ਤੋਂ (ਸੂਖਮ ਤੱਤ) ਪਵਣ ਬਣਿਆ, ਪਵਣ ਤੋਂ ਜਲ ਹੋਂਦ ਵਿਚ ਆਇਆ, ਜਲ ਤੋਂ ਸਾਰਾ ਜਗਤ ਰਚਿਆ ਗਿਆ, (ਤੇ, ਇਸ ਰਚੇ ਸੰਸਾਰ ਦੇ) ਹਰੇਕ ਘਟ ਵਿਚ ਪਰਮਾਤਮਾ ਦੀ ਜੋਤਿ ਸਮਾਈ ਹੋਈ ਹੈ ।3।

ਪਵਨੈ ਤੇ ਜਲੁ ਹੋਇ, ਦੀ ਗਲ ਅਜ ਸਕੂਲ ਵਿੱਚ ਪੜ੍ਹਨ ਵਾਲਾ ਬੱਚਾ ਵੀ ਜਾਣਦਾ ਹੈ ਕਿ ਹਵਾ ਵਿੱਚ ਗੈਸਾਂ ਹੁੰਦੀਆਂ ਹਨ, ਜਦੋਂ ਹਾਈਡਰੋਜਨ ਗੈਸ ਦੇ ਦੋ ਅਣੂ, ਆਕਸੀਜਨ ਗੈਸ ਦੇ ਇਕ ਅਣੂ ਨਾਲ ਕਿਰਿਆਸ਼ੀਲ ਹੁੰਦੇ ਹਨ, ਤਾਂ ਪਾਣੀ ਦਾ ਇਕ ਕਣ ਬਣ ਜਾਂਦਾ ਹੈ। ਅਜ ਵੀ ਸੰਸਾਰ ਦੇ ਵਿਗਿਆਨੀ ਕਿਸੇ ਦੂਸਰੇ ਗ੍ਰਹ ਤੇ ਜੀਵਨ ਦੀ ਖੋਜ ਕਰਦੇ ਹਨ, ਤਾਂ ਸਭ ਤੋਂ ਪਹਿਲਾਂ ਇਹ ਵੇਖਿਆ ਜਾਂਦਾ ਹੈ ਕਿ ਉਥੇ ਹਵਾ ਹੈ ਜਾ ਨਹੀਂ। ਜੇ ਹਵਾ ਹੋਵੇਗੀ ਤਾਂ ਪਾਣੀ ਹੋਵੇਗਾ, ਅਤੇ ਜੇ ਪਾਣੀ ਹੋਵੇਗਾ ਤਾਂ ਜੀਵਨ ਹੋਣ ਦੇ ਆਸਾਰ ਹਨ। ਇਥੇ ਵੀ ਸਤਿਗੁਰੂ ਨੇ ਉਨ੍ਹਾਂ ਦੇ ਸੁਆਲਾਂ ਦੇ ਜੁਆਬ ਦੀ ਸ਼ੁਰੂਆਤ ਇਸੇ ਗੱਲ ਤੋਂ ਕੀਤੀ ਹੈ:

"ਪਵਨ ਅਰੰਭੁ, ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ, ਸੁਰਤਿ ਧੁਨਿ ਚੇਲਾ ॥"

(ਰਾਮਕਲੀ ਮਹਲਾ ੧, ਸਿਧ ਗੋਸਟਿ, ਪੰਨਾ ੯੪੩)

ਉੱਤਰ :- ਪ੍ਰਾਣ ਹੀ ਹਸਤੀ ਦਾ ਮੁੱਢ ਹਨ । (ਇਹ ਮਨੁੱਖਾ ਜਨਮ ਦਾ) ਸਮਾ ਸਤਿਗੁਰੂ ਦੀ ਸਿੱਖਿਆ ਲੈਣ ਦਾ ਹੈ । ਸ਼ਬਦ (ਮੇਰਾ) ਗੁਰੂ ਹੈ, ਮੇਰੀ ਸੁਰਤਿ ਦਾ ਟਿਕਾਉ (ਉਸ ਗੁਰੂ ਦਾ) ਸਿੱਖ ਹੈ ।

ਆਓ ਅਸੀਂ ਆਪਣੇ ਵਿਸ਼ੇ ਤੇ ਵਾਪਸ ਆਈਏ। ਸਤਿਗੁਰੂ ਨੇ ਸਿੱਧਾਂ ਦੇ ਇਸ ਸੁਆਲ ਕਿ ਤੇਰਾ ਗੁਰੂ ਕੌਣ ਹੈ ਦਾ ਜੁਆਬ ਦਿੱਤਾ ਹੈ:

"ਸਬਦੁ ਗੁਰੂ, ਸੁਰਤਿ ਧੁਨਿ ਚੇਲਾ ॥"

ਇਸੇ ਗੱਲ ਤੋਂ ਅਜ ਅਸੀਂ ਇਸ ਗੱਲ ਦਾ ਰਟਨ ਕਰ ਰਹੇ ਹਾਂ ਕਿ ਸ਼ਬਦ

ਸਾਡਾ ਗੁਰੂ ਹੈ। ਪਰ ਗਲ ਜੇ ਕੇਵਲ ਇਤਨੀ ਹੀ ਹੁੰਦੀ ਤਾਂ ਸਤਿਗੁਰੂ ਨੂੰ ਨਾਲ ਇਹ ਕਹਿਣ ਦੀ ਲੋੜ ਨਹੀਂ ਸੀ ਕਿ, 'ਸੁਰਤਿ ਧੁਨਿ ਚੇਲਾ'। ਅਜ ਅਧੂਰੀ ਪੰਕਤੀ ਲੈਣ ਦਾ ਹੀ ਨਤੀਜਾ ਹੈ ਕਿ ਅਸੀਂ ਸ਼ਬਦ ਗੁਰੂ ਦੇ ਨਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਫ਼ ਪੂਜਾ ਕਰਨ ਤਕ ਸੀਮਿਤ ਹੋ ਗਏ ਹਾਂ। ਜੇ ਪੂਰੀ ਪੰਕਤੀ ਨੂੰ ਵਿਚਾਰਾਂਗੇ, ਤਾਂ ਹੀ ਅਸਲੀ ਗਲ ਸਮਝ ਆਵੇਗੀ ਕਿ ਸ਼ਬਦ ਗੁਰੂ ਤਾਂ ਬਣਦਾ ਹੈ ਜੇ ਸੁਰਤਿ ਧੁਨਿ ਚੇਲਾ ਬਣੀ ਹੈ । ਜੇ ਸੁਰਤਿ ਸ਼ਬਦ ਵਿੱਚ ਜੁੜੀ ਹੈ ਤਾਂ। ਜੇ ਸ਼ਬਦ ਸੁਰਤਿ ਵਿੱਚ ਜਾ ਰਿਹਾ ਹੈ ਤਾਂ। ਗੁਰੂ ਨਾਨਕ ਪਾਤਿਸ਼ਾਹ ਦੀਆਂ ਹੇਠਲੀਆਂ ਪੰਕਤੀਆਂ ਵੀ ਇਹੀ ਗੱਲ ਦ੍ਰਿੜ ਕਰਾਉਂਦੀਆਂ ਹਨ:

"ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥
ਗੁਰਮੁਖਿ ਮਹਲੀ ਮਹਲੁ ਪਛਾਨੁ ॥
ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥1॥"

{ਆਸਾ ਮਹਲਾ ੧,ਪੰਨਾ ੪੧੪}

(ਹੇ ਭਾਈ ! ਤੂੰ) ਗੁਰੂ ਦੇ ਸਨਮੁਖ ਹੋ ਕੇ ਆਪਣੇ ਮਨ ਵਿਚ ਪਰਮਾਤਮਾ ਨਾਲ ਡੂੰਘੀ ਸਾਂਝ ਅਤੇ ਪਰਮਾਤਮਾ ਵਿਚ ਜੁੜੀ ਸੁਰਤਿ (ਦਾ ਆਨੰਦ) ਮਾਣ, ਗੁਰੂ ਦੀ ਸਰਨ ਪੈ ਕੇ ਤੂੰ ਆਪਣੇ ਅੰਦਰ ਪ੍ਰਭੂ ਦਾ ਟਿਕਾਣਾ ਪਛਾਣ । ਗੁਰੂ ਦੇ ਸਨਮੁਖ ਰਹਿ ਕੇ ਤੂੰ ਗੁਰੂ ਦੇ ਸ਼ਬਦ ਨੂੰ ਆਪਣੇ ਸੋਚ-ਮੰਡਲ ਵਿਚ ਟਿਕਾ, (ਇਹ ਤੇਰੇ ਜੀਵਨ-ਸਫ਼ਰ ਲਈ) ਰਾਹਦਾਰੀ ਹੈ ।1।

ਹੇਠਲੇ ਸ਼ਬਦਾਂ ਵਿੱਚ ਤਾਂ ਸਤਿਗੁਰੂ ਨੇ ਗੱਲ ਬਿਲਕੁਲ ਸਪਸ਼ਟ ਕਰ ਦਿੱਤੀ ਹੈ ਕਿ ਤੇਰੇ ਜੀਵਨ ਦਾ ਵਿਕਾਰਾਂ ਵਿੱਚ ਭਟਕਣ ਦਾ ਮੂਲ ਕਾਰਨ ਹੀ ਇਹ ਹੈ ਕਿ ਗੁਰੂ ਦਾ ਸ਼ਬਦ ਤੇਰੀ ਸੁਰਤਿ ਵਿੱਚ ਨਹੀਂ ਗਿਆ:

"ਕਰਹਿ ਬਿਕਾਰ ਵਿਥਾਰ ਘਨੇਰੇ
ਸੁਰਤਿ ਸਬਦ ਬਿਨੁ ਭਰਮਿ ਪਇਆ ॥
ਹਉਮੈ ਰੋਗੁ ਮਹਾ ਦੁਖੁ ਲਾਗਾ
ਗੁਰਮਤਿ ਲੇਵਹੁ ਰੋਗੁ ਗਇਆ ॥6॥"

{ਰਾਮਕਲੀ ਮਹਲਾ ੧,ਪੰਨਾ ੯੦੬}

(ਹੇ ਝੱਲੇ ਜੀਵ !) ਤੂੰ ਵਿਕਾਰਾਂ ਦੀ ਖ਼ਾਤਰ ਅਨੇਕਾਂ ਖਿਲਾਰੇ ਖਿਲਾਰਦਾ ਹੈਂ ਗੁਰੂ ਦੇ ਸ਼ਬਦ ਦੀ ਲਗਨ ਤੋਂ ਬਿਨਾ ਤੂੰ (ਵਿਕਾਰਾਂ ਦੀ) ਭਟਕਣਾ ਵਿਚ ਭਟਕਦਾ ਹੈਂ।

ਤੈਨੂੰ ਹਉਮੈ ਦਾ ਵੱਡਾ ਰੋਗ ਵੱਡਾ ਦੁੱਖ ਚੰਬੜਿਆ ਹੋਇਆ ਹੈ । ਜੇ ਤੂੰ ਚਾਹੁੰਦਾ ਹੈਂ ਇਹ ਰੋਗ ਦੂਰ ਹੋ ਜਾਏ ਤਾਂ ਗੁਰੂ ਦੀ ਸਿੱਖਿਆ ਲੈ ।6।

"ਦੂੰਦਰ ਦੂਤ ਭੂਤ ਭੀਹਾਲੇ ॥
ਖਿੰਚੋਤਾਣਿ ਕਰਹਿ ਬੇਤਾਲੇ ॥
ਸਬਦ ਸੁਰਤਿ ਬਿਨੁ ਆਵੈ ਜਾਵੈ
ਪਤਿ ਖੋਈ ਆਵਤ ਜਾਤਾ ਹੇ ॥8॥"

{ਮਾਰੂ ਮਹਲਾ ੧, ਪੰਨਾ ੧੦੩੧}

ਜਿਸ ਮਨੁੱਖ ਦੇ ਅੰਦਰ ਰੌਲਾ ਪਾਣ ਵਾਲੇ ਤੇ ਡਰਾਉਣੇ ਭੂਤਾਂ ਵਰਗੇ ਕਾਮਾਦਿਕ ਵੈਰੀ ਵੱਸਦੇ ਹੋਣ ਤੇ ਉਹ ਭੂਤ ਆਪੋ ਆਪਣੇ ਪਾਸੇ ਵਲ ਖਿੱਚਾ-ਖਿੱਚੀ ਕਰ ਰਹੇ ਹੋਣ, ਉਹ ਮਨੁੱਖ ਗੁਰੂ ਦੇ ਸ਼ਬਦ ਦੀ ਸੁਰਤਿ-ਸੂਝ ਤੋਂ ਵਾਂਜਿਆ ਰਹਿ ਕੇ ਜੰਮਦਾ ਮਰਦਾ ਰਹਿੰਦਾ ਹੈ, ਆਪਣੀ ਇੱਜ਼ਤ ਗਵਾ ਲੈਂਦਾ ਹੈ, ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ ।8।

ਸਤਿਗੁਰੂ ਤਾਂ ਬਖਸ਼ਿਸ਼ ਕਰਦੇ ਸਮਝਾਂਉਂਦੇ ਹਨ ਜਿਸ ਦਿਨ ਗੁਰਸ਼ਬਦ ਨੂੰ ਸੁਰਤਿ ਵਿੱਚ ਲੈ ਜਾਣ ਦੀ ਸੂਝ ਤੇਰੇ ਅੰਦਰ ਜਾਗ ਪਈ, ਤ੍ਰਿਸ਼ਨਾ ਦੀ ਉਹ ਅੱਗ ਜੋ ਤੇਰੇ ਅੰਦਰ ਧੱਦਕਦੀ ਰਹਿੰਦੀ ਹੈ, ਸ਼ਾਂਤ ਹੋ ਜਾਵੇਗੀ ਅਤੇ ਤੈਨੂੰ ਠੰਡ ਪੈ ਜਾਵੇਗੀ।

"ਤ੍ਰਿਸਨਾ ਬੂਝੀ ਅੰਤਰੁ ਠੰਢਾ ॥
ਗੁਰਿ ਪੂਰੈ ਲੈ ਤੂਟਾ ਗੰਢਾ ॥
ਸੁਰਤਿ ਸਬਦੁ ਰਿਦ ਅੰਤਰਿ ਜਾਗੀ
ਅਮਿਉ ਝੋਲਿ ਝੋਲਿ ਪੀਜਾ ਹੇ ॥13॥"

{ਮਾਰੂ ਸੋਲਹੇ ਮਹਲਾ ੫,ਪੰਨਾ ੧੦੭੪}

ਹੇ ਭਾਈ ! (ਪ੍ਰਭੂ ਨਾਲੋਂ) ਟੁੱਟੇ ਹੋਏ ਜਿਸ ਮਨੁੱਖ ਨੂੰ ਫੜ ਕੇ ਪੂਰੇ ਗੁਰੂ ਨੇ (ਮੁੜ ਪ੍ਰਭੂ ਨਾਲ) ਜੋੜ ਦਿੱਤਾ, ਉਸ ਦੀ ਤ੍ਰਿਸ਼ਨਾ (ਦੀ ਅੱਗ) ਬੁੱਝ ਗਈ ਉਸ ਦਾ ਹਿਰਦਾ ਸ਼ਾਂਤ ਹੋ ਗਿਆ । ਗੁਰੂ ਦੇ ਸ਼ਬਦ ਨੂੰ ਸੁਰਤਿ ਵਿਚ (ਟਿਕਾਣ ਦੀ ਸੂਝ ਉਸ ਮਨੁੱਖ ਦੇ) ਹਿਰਦੇ ਵਿਚ ਜਾਗ ਪਈ । ਉਹ ਮਨੁੱਖ ਬੜੇ ਸੁਆਦ ਨਾਲ ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਪੀਂਦਾ ਹੈ ।13।

ਇਕ ਸੁਆਲ ਅਕਸਰ ਸੰਗਤਾਂ ਵੱਲੋਂ ਕੀਤਾ ਜਾਂਦਾ ਹੈ, ਜੀ ਗੁਰਬਾਣੀ ਪੜ੍ਹਦਿਆਂ ਮਨ ਨਹੀਂ ਟਿਕਦਾ? ਇਹੀ ਕਾਰਨ ਹੈ, ਕਿ ਕੇਵਲ ਜ਼ੁਬਾਨ ਰੱਟ ਰਹੀ ਹੈ,

ਸ਼ਬਦ ਸੁਰਤ ਵਿੱਚ ਨਹੀਂ ਜਾ ਰਿਹਾ। ਸਤਿਗੁਰੂ ਨੇ ਸਾਨੂੰ ਨਿਰਣਾ ਕਰਕੇ ਦਸ ਦਿੱਤਾ ਹੈ :

"ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥4॥"

{ਮਃ ੧, ਪੰਨਾ ੪੬੯}

(ਜਿਵੇਂ) ਪਾਣੀ ਘੜੇ (ਆਦਿਕ ਭਾਂਡੇ) ਵਿਚ ਹੀ ਬੱਝਾ ਹੋਇਆ (ਭਾਵ, ਪਿਆ ਹੋਇਆ ਇਕ ਥਾਂ) ਟਿਕਿਆ ਰਹਿ ਸਕਦਾ ਹੈ, (ਤਿਵੇਂ) (ਗੁਰੂ ਦੇ) ਗਿਆਨ (ਭਾਵ, ਉਪਦੇਸ਼) ਦਾ ਬੱਝਾ ਹੋਇਆ ਹੀ ਮਨ (ਇਕ ਥਾਂ) ਟਿਕਿਆ ਰਹਿ ਸਕਦਾ ਹੈ, (ਭਾਵ, ਵਿਕਾਰਾਂ ਵਲ ਨਹੀਂ ਦੌੜਦਾ) । (ਜਿਵੇਂ) ਪਾਣੀ ਤੋਂ ਬਿਨਾ ਘੜਾ ਨਹੀਂ ਬਣ ਸਕਦਾ (ਤਿਵੇਂ) ਗੁਰੂ ਤੋਂ ਬਿਨਾ ਗਿਆਨ ਪੈਦਾ ਨਹੀਂ ਹੋ ਸਕਦਾ ।4।

ਜੇ ਪਾਠ ਕਰਦਿਆਂ ਗੁਰਬਾਣੀ ਤੋਂ ਗਿਆਨ ਪ੍ਰਾਪਤ ਕਰ ਰਹੇ ਹਾਂ ਤਾਂ ਮਨ ਜ਼ਰੂਰ ਟਿਕੇਗਾ। ਜੇ ਸ਼ਬਦ ਦੀ ਸਮਝ ਆ ਰਹੀ ਹੈ ਫੇਰ ਤਾਂ ਸ਼ਬਦ ਦੇ ਇਲਾਹੀ ਰੰਗ, ਸੁਰਤਿ ਰਾਹੀਂ ਸਾਡੀ ਆਤਮਾ ਦੀ ਗਹਿਰਾਈ ਤਕ ਪਹੁੰਚ ਕੇ ਸਾਡੇ ਜੀਵਨ ਨੂੰ ਵੀ ਇਲਾਹੀ ਰੰਗ ਵਿੱਚ ਰੰਗ ਦੇਣਗੇ। ਸਤਿਗੁਰੂ ਨੇ ਇਸ ਇਲਾਹੀ ਸ਼ਬਦ ਨੂੰ ਸਾਡੇ ਤਕ ਗੁਰਬਾਣੀ ਦੇ ਰੂਪ ਵਿੱਚ ਪ੍ਰਗਟ ਕੀਤਾ ਹੈ। ਇਹੀ ਸ਼ਬਦ ਗੁਰੂ ਹੈ। ਇਸੇ ਲਈ ਸਤਿਗੁਰੂ ਅਮਰ ਪਾਤਿਸ਼ਾਹ ਸਾਨੂੰ ਦ੍ਰਿੜ ਕਰਵਾਉਂਦੇ ਹਨ:

"ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥"

{ਮਃ ੩, ਪੰਨਾ ੬੪੬}

ਕੇਵਲ ਬਾਣੀ ਹੀ ਪ੍ਰਮਾਣੀਕ ਗੁਰੂ ਹੈ, ਗੁਰੂ ਦੇ ਸ਼ਬਦ ਨੂੰ ਹੀ ਵਿਚਾਰੋ ।

ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਸਤਿਗੁਰੂ ਅਰਜਨ ਪਾਤਿਸ਼ਾਹ ਨੇ ਕਰਾਇਆ। ਜਿਸ ਵੇਲੇ ਅਜੇ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਵੀ ਨਹੀਂ ਸੀ ਹੋਇਆ, ਅਤੇ ਸਤਿਗੁਰੂ ਆਪ ਵੀ ਸ਼ਰੀਰਕ ਰੂਪ ਵਿੱਚ ਸੁਭਾਇਮਾਨ ਸਨ, ਉਸ ਵੇਲੇ ਵੀ ਸਤਿਗੁਰੂ ਰਾਮਦਾਸ ਪਾਤਿਸ਼ਾਹ ਫੁਰਮਾਂਉਂਦੇ ਹਨ:

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥"

{ਨਟ ਮਹਲਾ ੪, ਪੰਨਾ ੯੮੨}

ਹੇ ਭਾਈ ! (ਗੁਰੂ ਦੀ) ਬਾਣੀ (ਸਿੱਖ ਦਾ) ਗੁਰੂ ਹੈ, ਗੁਰੂ ਬਾਣੀ ਵਿਚ ਮੌਜੂਦ

ਹੈ । (ਗੁਰੂ ਦੀ) ਬਾਣੀ ਵਿਚ ਆਤਮਕ ਜੀਵਨ ਦੇਣ ਵਾਲਾ ਨਾਮ-ਜਲ (ਹੈ, ਜਿਸ ਨੂੰ ਸਿੱਖ ਹਰ ਵੇਲੇ ਆਪਣੇ ਹਿਰਦੇ ਵਿਚ) ਸਾਂਭ ਰੱਖਦਾ ਹੈ । ਗੁਰੂ ਬਾਣੀ ਉਚਾਰਦਾ ਹੈ, (ਗੁਰੂ ਦਾ) ਸੇਵਕ ਉਸ ਬਾਣੀ ਉਤੇ ਸ਼ਰਧਾ ਧਾਰਦਾ ਹੈ । ਗੁਰੂ ਉਸ ਸਿੱਖ ਨੂੰ ਯਕੀਨੀ ਤੌਰ ਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ ।

ਜਿਸ ਗੱਲ ਨੂੰ ਪੱਕਾ ਕਰਨਾ ਹੋਵੇ, ਕਈ ਵਾਰੀ ਉਸ ਨੂੰ ਬਾਰ-ਬਾਰ ਦ੍ਰਿੜ ਕਰਾਇਆ ਜਾਂਦਾ ਹੈ। ਇਥੇ ਵੀ ਸਤਿਗੁਰੂ ਨੇ ਉਸੇ ਗੱਲ ਨੂੰ ਦੁਬਾਰਾ ਬਦਲਵੇਂ ਰੂਪ ਵਿੱਚ ਕਿਹਾ ਹੈ। ਸ਼ਬਦ ਗੁਰੂ ਦੀ ਇਸ ਵਿਚਾਰਧਾਰਾ ਨੂੰ ਦ੍ਰਿੜ ਕਰਾਉਂਦੇ ਹੋਰ ਵੀ ਬਹੁਤ ਸ਼ਬਦ ਸਾਨੂੰ ਗੁਰਬਾਣੀ ਵਿੱਚ ਮਿਲਦੇ ਹਨ। ਜਿਵੇਂ:

"ਸਤਿਗੁਰ ਬਚਨ ਬਚਨ ਹੈ ਸਤਿਗੁਰ
ਪਾਧਰੁ ਮੁਕਤਿ ਜਨਾਵੈਗੋ ॥"

(ਕਾਨੜਾ ਮਹਲਾ ੪, ਪੰਨਾ ੧੩੧੦)

"ਸਬਦੁ ਗੁਰ ਪੀਰਾ ਗਹਿਰ ਗੰਭੀਰਾ
ਬਿਨੁ ਸਬਦੈ ਜਗੁ ਬਉਰਾਨੰ ॥"

(ਸੋਰਠਿ ਮਹਲਾ ੧, ਪੰਨਾ ੬੩੫)

ਸ਼ਬਦ ਗੁਰੂ ਦੀ ਇਸ ਵਿਚਾਰਧਾਰਾ ਨੂੰ ਦ੍ਰਿੜ ਕਰਾਉਂਦੀ ਹੋਈ, ਇਕ ਲਾਜਵਾਬ ਸਾਖੀ ਸਾਨੂੰ ਸਿੱਖ ਇਤਿਹਾਸ ਵਿੱਚੋਂ ਮਿਲਦੀ ਹੈ। ਪਿੰਡ ਤੁਲੰਬਾ ਜ਼ਿਲਾ ਮੁਲਤਾਨ ਦੇ ਸਥਾਨ ਤੇ ਸੱਜਣ ਨਾਂ ਦਾ ਵਿਅਕਤੀ ਰਹਿੰਦਾ ਸੀ। ਜੋ ਦੁਨੀਆਂ ਦੀਆਂ ਨਜ਼ਰਾਂ ਵਿੱਚ ਵੱਡਾ ਧਰਮੀ ਸੀ। ਇਸ ਨੇ ਲੋਕਾਂ ਦੀ ਸੇਵਾ ਲਈ ਇਕ ਸਰਾਂ ਵੀ ਬਣਾਈ ਹੋਈ ਸੀ, ਜਿਸ ਵਿੱਚ ਆਂਦੇ-ਜਾਂਦੇ ਰਾਹਗੀਰਾਂ ਨੂੰ ਠਹਿਰਨ ਵਾਸਤੇ ਜਗ੍ਹਾ ਦੇ ਨਾਲ ਲੰਗਰ ਪਾਣੀ ਵੀ ਛਕਾਉਂਦਾ ਸੀ। ਅਸਲ ਵਿੱਚ ਇਹ ਇਕ ਠੱਗ ਸੀ ਅਤੇ ਜਦੋਂ ਕੋਈ ਅਮੀਰ ਆਦਮੀ ਇਸ ਦੀ ਸਰਾਂ ਵਿੱਚ ਆ ਜਾਏ, ਉਸ ਨੂੰ ਮਾਰ ਮੁਕਾਉਂਦਾ ਅਤੇ ਉਸ ਦਾ ਮਾਲ ਅਸਬਾਬ ਲੁਟ ਲੈਂਦਾ। ਗੁਰੂ ਨਾਨਕ ਪਾਤਿਸ਼ਾਹ ਇਸ ਦੇ ਕਰਮਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ। ਜਗਤ ਨੂੰ ਤਾਰਦੇ ਹੋਏ ਸਤਿਗੁਰੂ, ਸੱਜਣ ਦੀ ਸਰਾਂ ਵਿੱਚ ਪੁੱਜੇ, ਨਾਲ ਭਾਈ ਮਰਦਾਨਾ ਜੀ ਸਨ, ਜਿਨ੍ਹਾਂ ਮਾਲ ਅਸਬਾਬ ਚੁਕਿਆ ਹੋਇਆ ਸੀ। ਸਤਿਗੁਰੂ ਦੇ ਬਸਤ੍ਰ ਵੇਖ ਕੇ ਸੱਜਣ ਨੇ ਸੋਚਿਆ, ਜ਼ਰੂਰ ਕੋਈ ਧਨਾਢ ਵਿਅਕਤੀ ਹੈ, ਨਾਲ ਸੇਵਾਦਾਰ ਹੈ, ਜਿਸ ਨੇ ਮਾਲ ਅਸਬਾਬ ਚੁਕਿਆ ਹੋਇਆ ਹੈ। ਸੱਜਣ ਨੇ ਸਤਿਗੁਰੂ ਨੂੰ ਜੀ ਆਇਆਂ ਆਖਿਆ ਅਤੇ ਕਮਰੇ ਵਿੱਚ ਠਹਿਰਾ ਕੇ, ਸਤਿਗੁਰੂ ਨੂੰ

ਲੁੱਟਣ ਦੀ ਸਕੀਮ ਤਿਆਰ ਕਰਨ ਲੱਗਾ। ਰੋਟੀ ਤਿਆਰ ਕੀਤੀ, ਵਿੱਚ ਜ਼ਹਿਰ ਮਿਲਾ ਦਿੱਤੀ ਅਤੇ ਲੈ ਕੇ ਸਤਿਗੁਰੂ ਕੋਲ ਆਕੇ ਬੇਨਤੀ ਕੀਤੀ, ਆਪ ਥਕੇ ਆਏ ਹੋ, ਪ੍ਰਸ਼ਾਦਾ ਛਕ ਲਓ ਤੇ ਫੇਰ ਅਰਾਮ ਕਰੋ। ਸਤਿਗੁਰੂ ਮੁਸਕਰਾ ਪਏ ਅਤੇ ਬੋਲੇ, ਭਾਈ ਅਸੀਂ ਕਿਸੇ ਕੰਮ ਲਈ ਇਥੇ ਆਏ ਹਾਂ, ਉਹ ਕਰਕੇ ਹੀ ਪ੍ਰਸ਼ਾਦਾ ਛਕਾਂਗੇ। ਸੱਜਣ ਨੇ ਸੋਚਿਆ, ਚਲੋ ਕਰ ਲਵੇ ਜਿਹੜਾ ਕੰਮ ਕਰਨਾ ਸੂ, ਆਖਿਰ ਤਾਂ ਰੋਟੀ ਖਾਣਗੇ ਅਤੇ ਮਰਨਗੇ, ਆਪ ਨਾਲ ਦੇ ਕਮਰੇ ਵਿੱਚ ਲੁੱਕ ਕੇ ਇੰਤਜ਼ਾਰ ਕਰਨ ਲੱਗਾ। ਸਤਿਗੁਰੂ ਨੇ ਮਰਦਾਨਾ ਜੀ ਨੂੰ ਅਖਿਆ, ਮਰਦਾਨਿਆਂ ਰਬਾਬ ਚੁੱਕ, ਬਾਣੀ ਆਈ ਆ। ਸਤਿਗੁਰੂ ਨੇ ਸ਼ਬਦ ਉਚਾਰਨ ਕੀਤਾ:

"ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥1॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥1॥ ਰਹਾਉ ॥"

(ਸੂਹੀ ਮਹਲਾ ੧, ਪੰਨਾ ੭੨੯)

ਸੱਜਣ ਜਿਉਂ ਜਿਉਂ ਸ਼ਬਦ ਸੁਣਦਾ ਗਿਆ, ਉਸ ਨੂੰ ਸਮਝ ਪੈਂਦੀ ਗਈ ਕਿ ਇਹ ਬਾਬਾ ਤਾਂ ਮੇਰੇ ਜੀਵਨ ਦੀ ਸਾਰੀ ਸਚਾਈ ਜਾਣਦਾ ਹੈ, ਅਤੇ ਸਾਰੀਆਂ ਗੱਲਾਂ ਮੇਰੇ ਜੀਵਨ ਦੀਆਂ ਹੀ ਕਰ ਰਿਹਾ ਹੈ।

"ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥194॥"

(ਪੰਨਾ ੩੭੪)

ਜਿਵੇਂ ਉਪਰ ਭਗਤ ਕਬੀਰ ਜੀ ਫੁਰਮਾਉਂਦੇ ਹਨ, ਸਤਿਗੁਰੂ ਦਾ ਸ਼ਬਦ ਸੁਣ ਕੇ ਸੱਜਣ ਦਾ ਮਨ ਪਛਤਾਵੇ ਨਾਲ ਭਰ ਗਿਆ ਕਿ, ਓਹ। ਜੀਵਨ ਦਾ ਅਨਮੋਲ ਸਮਾਂ ਪਾਪ ਕਰਮਾਂ ਵਿੱਚ ਗੁਆਚ ਗਿਆ। ਸਤਿਗੁਰੂ ਨਾਨਕ ਪਾਤਿਸ਼ਾਹ ਦੇ ਚਰਨਾਂ ਤੇ ਆਕੇ ਢਹਿ ਪਿਆ, ਬਾਬਾ ਮੈਨੂੰ ਬਖਸ਼ ਲੈ, ਇਹ ਤਾਂ ਸਾਰੇ ਮੇਰੇ ਜੀਵਨ ਦੇ ਕਰਮ ਹਨ। ਸਤਿਗੁਰੂ ਤੋਂ ਗਿਆਨ ਪ੍ਰਾਪਤ ਕਰਕੇ ਭਾਈ ਸੱਜਣ ਬਣ ਗਿਆ। ਜੇ ਸਤਿਗੁਰੂ ਦਾ ਸਰੀਰ ਗੁਰੂ ਹੁੰਦਾ ਤਾਂ ਗੁਰੂ ਨਾਨਕ ਪਾਤਿਸ਼ਾਹ ਦੇ ਸਰੀਰਕ ਦਰਸ਼ਨ ਕਰਕੇ ਹੀ ਉਸ ਦਾ ਜੀਵਨ ਬਦਲ ਜਾਂਦਾ। ਪਰ ਖਿਮਾਂ ਕਰਨਾ, ਸਿਰਫ ਸਰੀਰ ਦੇ ਦਰਸ਼ਨ ਕਰਕੇ ਤਾਂ ਉਸ ਅੰਦਰ ਵਿਕਾਰ ਆਇਆ ਹੈ ਕਿ ਇਨ੍ਹਾਂ ਨੂੰ ਮਾਰ ਮੁਕਾਵਾਂ ਅਤੇ ਮਾਲ

ਅਸਬਾਬ ਲੁਟ ਲਵਾਂ। ਜਿਸ ਵੇਲੇ ਸੱਜਣ ਦੀ ਸੁਰਤਿ ਦਾ ਗੁਰੂ ਦੇ ਸ਼ਬਦ ਨਾਲ ਮੇਲ ਹੋਇਆ ਤਾਂ ਜੀਵਨ ਵਿੱਚ ਇਨਕਲਾਬ ਆ ਗਿਆ। ਸੱਜਣ ਨੇ ਇਕ ਸ਼ਬਦ ਸੁਣਿਆ, ਜੀਵਨ ਬਦਲ ਗਿਆ, ਅਸੀਂ ਰੋਜ਼ ਕਈ ਸ਼ਬਦ ਸੁਣਦੇ ਹਾਂ, ਜੀਵਨ ਵਿੱਚ ਤਬਦੀਲੀ ਨਹੀਂ ਆਉਂਦੀ, ਕਾਰਨ ਸਪਸ਼ਟ ਹੈ, ਸਾਡੀ ਸੁਰਤਿ, ਗੁਰੂ ਸ਼ਬਦ ਦਾ ਚੇਲਾ ਨਹੀਂ ਬਣ ਰਹੀ, ਅਸੀਂ ਤਾਂ ਅਜ ਸ਼ਬਦਾਂ ਨੂੰ ਵੀ ਦੁਨਿਆਵੀ ਗੀਤਾਂ ਵਾਂਗ ਗਾ-ਸੁਣ ਰਹੇ ਹਾਂ। ਜਿਵੇਂ ਭਗਤ ਕਬੀਰ ਜੀ ਫੁਰਮਾਂਉਂਦੇ ਹਨ:

"ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥"

(ਪੰਨਾ ੩੩੫)

ਇਹੀ ਗਲ ਸਤਿਗੁਰੂ ਸਾਨੂੰ ਬਾਰਬਾਰ ਦ੍ਰਿੜ ਕਰਾਉਂਦੇ ਹਨ। ਸਤਿਗੁਰੂ ਤਾਂ ਇਹ ਵੀ ਨਹੀਂ ਕਹਿੰਦੇ ਕਿ ਇਹ ਮੇਰੀ ਬਾਨੀ ਹੈ, ਬਲਕਿ ਗੁਰਬਾਣੀ ਦੇ ਅਨੇਕ ਪ੍ਰਮਾਣ ਹਨ ਜੋ ਸਪਸ਼ਟ ਕਰਦੇ ਹਨ ਕਿ ਬਾਨੀ ਤਾਂ ਅਕਾਲ-ਪੁਰਖੁ ਦੀ ਬਾਨੀ ਹੈ:

"ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥"

(ਸੋਰਠਿ ਮਹਲਾ ੫, ਪੰਨਾ ੬੨੮)

"ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥"

(ਤਿਲੰਗ ਮਹਲਾ ੧, ਪੰਨਾ ੭੨੨)

"ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ,
ਹਰਿ ਕਰਤਾ ਆਪਿ ਮੁਹਹੁ ਕਢਾਏ ॥" (ਮ: ੪, ਪੰਨਾ ੩੦੮)

"ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ ॥"

(ਸੂਹੀ ਮਹਲਾ ੫, ਪੰਨਾ ੭੬੩)

ਉਪਰੋਕਤ ਪ੍ਰਮਾਣਾਂ ਤੋਂ ਸਪਸ਼ਟ ਹੈ ਕਿ ਗੁਰਬਾਣੀ ਇਲਾਹੀ ਬਾਣੀ ਹੈ, ਅਕਾਲ-ਪੁਰਖੁ ਦਾ ਉਹ ਇਲਾਹੀ ਗਿਆਨ ਜੋ ਸਤਿਗੁਰੂ ਦੇ ਹਿਰਦੇ ਵਿੱਚ ਪ੍ਰਗਟ ਹੋਇਆ ਅਤੇ ਗੁਰਬਾਣੀ ਰੂਪ ਵਿੱਚ ਸਤਿਗੁਰੂ ਦੇ ਮੁਖਾਰਬਿੰਦ ਤੋਂ ਉਚਾਰਨ ਹੋਕੇ ਜਾਂ ਕਲਮ ਰਾਹੀਂ ਲਿੱਖ ਕੇ ਸਾਡੇ ਤਕ ਪਹੁੰਚਿਆ। ਇਹ ਇਲਾਹੀ ਬਾਣੀ ਗੁਰੂ ਹੈ, ਇਸ ਇਲਾਹੀ ਬਾਣੀ ਦਾ 'ਇਲਾਹੀ ਗਿਆਨ' ਗੁਰੂ ਹੈ।

ਨਾਮ ਜਪਣਾ, ਸਿਮਰਨਾ ਜਾਂ ਧਿਆਉਣਾ ਕੀ ਹੈ ?

ਇਸ ਤੋਂ ਪਹਿਲਾਂ ਕਿ ਅਸੀਂ ਇਹ ਸਮਝੀਏ ਕਿ ਸ਼ਬਦ ਗੁਰੂ ਤੋਂ ਅਮੋਲਕ ਨਾਮ ਧਨੁ ਕਿਵੇਂ ਪ੍ਰਾਪਤ ਕੀਤਾ ਜਾਂਦਾ ਹੈ? ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਨਾਮ ਜਪਣਾ, ਸਿਮਰਨਾ ਜਾਂ ਧਿਆਉਣਾ ਹੈ ਕੀ? ਹੇਠ ਦਿੱਤੇ ਗੁਰਬਾਣੀ ਦੇ ਕੁਝ ਪ੍ਰਮਾਣ ਸਾਨੂੰ ਇਸ ਬਾਰੇ ਸਪਸ਼ਟ ਅਗਵਾਈ ਦੇਂਦੇ ਹਨ:

"ਮਨੁ ਤਨੁ ਧਨੁ ਜਿਨਿ ਪ੍ਰਭਿ ਦੀਆ ਰਖਿਆ ਸਹਜਿ ਸਵਾਰਿ ॥
ਸਰਬ ਕਲਾ ਕਰਿ ਥਾਪਿਆ ਅੰਤਰਿ ਜੋਤਿ ਅਪਾਰ॥
ਸਦਾ ਸਦਾ ਪ੍ਰਭੁ ਸਿਮਰੀਐ ਅੰਤਰਿ ਰਖੁ ਉਰਧਾਰਿ ॥"

{ਸਿਰੀ ਰਾਗੁ ਮਹਲਾ ੫,ਪੰਨਾ ੪੭}

ਜਿਸ ਪ੍ਰਭੂ ਨੇ ਇਹ ਮਨ ਦਿੱਤਾ ਹੈ, (ਵਰਤਣ ਲਈ) ਧਨ ਦਿੱਤਾ ਹੈ, ਜਿਸ ਪ੍ਰਭੂ ਨੇ ਮਨੁੱਖ ਦੇ ਸਰੀਰ ਨੂੰ ਸਵਾਰ ਬਣਾ ਕੇ ਰੱਖਿਆ ਹੈ, ਜਿਸ ਨੇ (ਸਰੀਰ ਵਿਚ) ਸਾਰੀਆਂ (ਸਰੀਰਕ) ਤਾਕਤਾਂ ਪੈਦਾ ਕਰ ਕੇ ਸਰੀਰ ਰਚਿਆ ਹੈ, ਤੇ ਸਰੀਰ ਵਿਚ ਆਪਣੀ ਬੇਅੰਤ ਜੋਤਿ ਟਿਕਾ ਦਿੱਤੀ ਹੈ, (ਹੇ ਭਾਈ !) ਉਸ ਪ੍ਰਭੂ ਨੂੰ ਸਦਾ ਹੀ ਸਿਮਰਦੇ ਰਹਿਣਾ ਚਾਹੀਦਾ ਹੈ । (ਹੇ ਭਾਈ !) ਆਪਣੇ ਹਿਰਦੇ ਵਿਚ ਉਸ ਦੀ ਯਾਦ ਟਿਕਾ ਰੱਖ ।-

"ਹਰਿ ਜਪੀਐ ਭਇ ਸਚਿ ਪਿਆਰਿ ॥
ਨਾਨਕ ਨਾਮੁ ਗੁਰਮਤਿ ਉਰਧਾਰਿ ॥8॥3॥25॥"

{ਆਸਾ ਮਹਲਾ ੩, ਪੰਨਾ ੪੨੪}

ਪਰਮਾਤਮਾ ਦੇ ਡਰ-ਅਦਬ ਵਿਚ ਰਹਿ ਕੇ ਸਦਾ-ਥਿਰ ਹਰੀ ਦੇ ਪ੍ਰੇਮ ਵਿਚ ਮਸਤ ਹੋ ਕੇ ਹਰੀ-ਨਾਮ ਦਾ ਜਾਪ ਹੀ ਕਰਨਾ ਚਾਹੀਦਾ ਹੈ ।ਹੇ ਨਾਨਕ ! (ਆਖ— ਹੇ ਭਾਈ !) ਗੁਰੂ ਦੀ ਮਤਿ ਲੈ ਕੇ ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਟਿਕਾਈ ਰੱਖ ।8।3।25।

"ਗੁਰਮੁਖਿ ਨਿਰਮਲੁ ਮੈਲੁ ਨ ਲਾਗੈ ॥
ਨਾਨਕ ਹਿਰਦੈ ਨਾਮੁ ਵਡੇ ਧੁਰਿ ਭਾਗੈ ॥4॥15॥"

{ਆਸਾ ਮਹਲਾ ੧, ਪੰਨਾ ੩੫੩}

ਗੁਰੂ ਦੇ ਸਨਮੁਖ ਰਹਿ ਕੇ (ਨਾਮ ਦਾ ਆਨੰਦ ਲਿਆਂ) ਜੀਵਨ ਪਵਿਤ੍ਰ ਰਹਿੰਦਾ ਹੈ ਤੇ ਵਿਕਾਰਾਂ ਦੀ ਮੈਲ ਨਹੀਂ ਲਗਦੀ । ਹੇ ਨਾਨਕ ! ਧੁਰੋਂ ਪਰਮਾਤਮਾ ਵਲੋਂ ਹੀ ਮੇਹਰ ਹੋਵੇ ਤਾਂ ਨਾਮ ਹਿਰਦੇ ਵਿਚ ਵੱਸਦਾ ਹੈ ।4।15।

"ਹਰਿ ਹਰਿ ਨਾਮੁ ਅੰਤਰਿ ਉਰਿ ਧਾਰਿ ॥

ਸੀਘਰ ਕਾਰਜੁ ਲੇਹੁ ਸਵਾਰਿ ॥"

{ਗਉੜੀ ਗੁਆਰੇਰੀ ਮਹਲਾ ੫, ਪੰਨਾ ੧੭੬}

(ਹੇ ਭਾਈ !) ਆਪਣੇ ਅੰਦਰ ਆਪਣੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਸੰਭਾਲ ਕੇ ਰੱਖ ਤੇ (ਇਸ ਤਰ੍ਹਾਂ) ਆਪਣਾ ਮਨੁੱਖਾ ਜੀਵਨ ਦਾ ਮਨੋਰਥ ਸਵਾਰ ਲੈ ।

"ਉਰਿ ਧਾਰੈ ਜੋ ਅੰਤਰਿ ਨਾਮੁ ॥ ਸਰਬ ਮੈ ਪੇਖੈ ਭਗਵਾਨੁ ॥
ਨਿਮਖ ਨਿਮਖ ਠਾਕੁਰ ਨਮਸਕਾਰੈ ॥
ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥"

{ਗਉੜੀ ਸੁਖਮਨੀ ਮ: ੫, ਪੰਨਾ ੨੭੪}

ਜੋ ਮਨੁੱਖ ਸਦਾ ਆਪਣੇ ਹਿਰਦੇ ਵਿਚ ਅਕਾਲ ਪੁਰਖ ਦਾ ਨਾਮ ਟਿਕਾ ਰੱਖਦਾ ਹੈ, ਅਤੇ ਭਗਵਾਨ ਨੂੰ ਸਭਨਾਂ ਵਿਚ ਵਿਆਪਕ ਵੇਖਦਾ ਹੈ, ਜੋ ਪਲ ਪਲ ਆਪਣੇ ਪ੍ਰਭੂ ਨੂੰ ਜੁਹਾਰਦਾ ਹੈ; ਹੇ ਨਾਨਕ ! ਉਹ (ਅਸਲੀ) ਅਪਰਸ ਹੈ ਅਤੇ ਉਹ ਸਭ ਜੀਵਾਂ ਨੂੰ (ਸੰਸਾਰ-ਸਮੁੰਦਰ ਤੋਂ) ਤਾਰ ਲੈਂਦਾ ਹੈ ।

ਉਪਰੋਕਤ ਪ੍ਰਮਾਣ ਬਿਲਕੁਲ ਸਪਸ਼ਟ ਹਨ ਕਿ ਅਕਾਲ-ਪੁਰਖੁ ਨੂੰ ਸਿਮਰਨਾ, ਧਿਆਉਣਾ ਜਾਂ ਨਾਮ ਜਪਣਾ ਹੈ, ਅਕਾਲ ਪੁਰਖੁ ਦਾ ਪਿਆਰ, ਉਸ ਦੀ ਯਾਦ, ਉਸ ਦੀ ਹੋਂਦ ਅਤੇ ਸਮਰਥਾ ਦਾ ਵਿਸ਼ਵਾਸ, ਆਪਣੇ ਹਿਰਦੇ ਵਿੱਚ ਟਿਕਾ ਲੈਣਾ, ਆਪਣੇ ਮਨ ਵਿੱਚ ਪੱਕਾ ਕਰ ਲੈਣਾ। ਆਓ ! ਹੁਣ ਸਤਿਗੁਰੂ ਨੂੰ ਹੀ ਪੁਛੀਏ ਕਿ ਅਕਾਲ-ਪੁਰਖ ਦਾ ਅਮੋਲਕ ਨਾਮ ਸਾਡੇ ਹਿਰਦੇ ਵਿੱਚ ਕਿਵੇਂ ਟਿਕੇਗਾ।



ਸਤਿਗੁਰੂ ਪਾਸੋਂ ਨਾਮ ਧਨੁ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ ?

ਨਾਮ ਧਨੁ ਕੇਵਲ ਗੁਰੂ ਤੋਂ ਮਿਲਦਾ ਹੈ ਅਤੇ ਗੁਰੂ, ਪਾਵਨ ਗੁਰਬਾਣੀ ਹੈ, ਗੁਰਬਾਣੀ ਦਾ ਇਲਾਹੀ ਗਿਆਨ ਹੈ। ਇਸ ਲਈ ਸਤਿਗੁਰੂ ਫੁਰਮਾਂਉਂਦੇ ਹਨ:

"ਗੁਰਬਾਣੀ ਵਰਤੀ ਜਗ ਅੰਤਰਿ,
ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥3॥"

{ਮਾਰੂ ਮਹਲਾ ੩, ਪੰਨਾ ੧੦੬੬}

ਆਓ ਹੁਣ ਗੁਰਬਾਣੀ ਗੁਰੂ ਤੋਂ ਪੁਛੀਏ ਕਿ ਸਤਿਗੁਰੂ ਜੀ ਆਪ ਪਾਸੋਂ ਨਾਮ ਧਨੁ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ? ਇਹ ਇਲਾਹੀ ਨਾਮ ਸਾਡੇ ਹਿਰਦੇ ਵਿੱਚ ਕਿਵੇਂ ਵੱਸੇਗਾ। ਸਤਿਗੁਰੂ ਬਖਸ਼ਿਸ਼ ਕਰਦੇ ਸਮਝਾਉਂਦੇ ਹਨ:

ਬਿਖੁ ਮਾਇਆ ਚਿਤੁ ਮੋਹਿਆ ਭਾਈ ਚਤੁਰਾਈ ਪਤਿ ਖੋਇ ॥
ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ਜੇ ਗੁਰ ਗਿਆਨੁ ਸਮੋਇ॥

{ਸੋਰਠਿ ਮਹਲਾ ੧, ਪੰਨਾ ੬੩੭}

ਹੇ ਪ੍ਰਭੂ ! (ਜੀਵ ਦਾ) ਚਿੱਤ ਆਤਮਕ ਮੌਤ ਲਿਆਉਣ ਵਾਲੀ ਮਾਇਆ ਵਿਚ ਮੋਹਿਆ ਰਹਿੰਦਾ ਹੈ (ਮਾਇਆ ਰੁਚੀ ਵਾਲੀ) ਸਿਆਣਪ ਨਾਲ ਆਪਣੀ ਇੱਜ਼ਤ ਗਵਾ ਲੈਂਦਾ ਹੈ । ਪਰ ਜੇ ਗੁਰੂ ਦਾ (ਦਿੱਤਾ) ਗਿਆਨ ਜੀਵ (ਦੇ ਮਨ ਵਿਚ) ਟਿਕ ਜਾਏ ਤਾਂ ਇਸ ਦੇ ਚਿੱਤ ਵਿਚ ਠਾਕੁਰ ਵੱਸ ਪੈਂਦਾ ਹੈ, ਤਾਂ ਜੀਵ ਸਦਾ-ਥਿਰ ਪ੍ਰਭੂ ਵਿਚ ਜੁੜਿਆ ਰਹਿੰਦਾ ਹੈ ।

ਜਿਤਨਾ ਗੁਰਬਾਣੀ ਵਿਚਾਰ ਕੇ ਪੜ੍ਹਾਂਗੇ, ਅਤੇ ਉਸ ਉਤੇ ਵਿਸ਼ਵਾਸ ਲਿਆਵਾਂਗੇ, ਉਤਨਾ ਹੀ ਗੁਰੂ ਦਾ ਗਿਆਨ ਮਨ ਵਿੱਚ ਟਿਕੇਗਾ। ਸਤਿਗੁਰੂ ਨਿਰਣਾ ਦੇ ਰਹੇ ਹਨ ਕਿ ਜੇ ਸਤਿਗੁਰੂ ਦਾ ਗਿਆਨ ਮਨ ਵਿੱਚ ਟਿਕੇਗਾ ਤਾਂ ਅਕਾਲ ਪੁਰਖੁ ਮਨ ਵਿੱਚ ਵੱਸ ਪਵੇਗਾ। ਜੋ ਅਸਲ ਵਿੱਚ ਨਾਮ ਸਿਮਰਨ ਹੈ। ਹੇਠਲੀਆਂ ਪੰਕਤੀਆਂ ਵਿੱਚ ਵੀ ਸਤਿਗੁਰੂ ਇਹੀ ਸਮਝਾ ਰਹੇ ਹਨ ਕਿ ਨਾਮ ਧਨੁ ਦੇ ਖਜਾਨੇ ਉਸੇ ਨੂੰ ਪ੍ਰਾਪਤ ਹੋਣਗੇ ਜਿਸਦੇ ਹਿਰਦੇ ਵਿੱਚ ਗੁਰੂ ਦਾ ਸ਼ਬਦ ਵੱਸ ਜਾਵੇਗਾ, ਭਾਵ ਜੋ ਗੁਰੂ ਸ਼ਬਦ ਤੋਂ ਗੁਰੂ ਦਾ ਗਿਆਨ ਪ੍ਰਾਪਤ ਕਰਕੇ ਮਨ ਵਿੱਚ ਨਾਮ ਵਸਾ ਲਵੇਗਾ। ਇਸੇ ਗੱਲ ਦੀ ਪ੍ਰੋੜਤਾ ਗੁਰੂ ਅਰਜਨ ਸਾਹਿਬ ਹੇਠਲੇ ਸ਼ਬਦ ਵਿੱਚ ਕਰਦੇ ਹਨ:

"ਨਾਮ ਨਿਧਾਨ ਤਿਸਹਿ ਪਰਾਪਤਿ
ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ ॥"

(ਮਾਝ ਮਹਲਾ ੫, ਪੰਨਾ ੧੦੧)

ਪ੍ਰਭੂ-ਨਾਮ ਦੇ ਖ਼ਜ਼ਾਨੇ ਸਿਰਫ਼ ਉਸ ਨੂੰ ਮਿਲਦੇ ਹਨ, ਜਿਸ ਦੇ ਮਨ ਵਿਚ ਗੁਰੂ ਦਾ ਸ਼ਬਦ ਆ ਵੱਸਦਾ ਹੈ ।2।

ਪਹਿਲੇ ਤਾਂ ਅਜ ਗੁਰਬਾਣੀ ਪੜ੍ਹਨ ਵਾਲੇ ਹੀ ਵਿਰਲੇ ਰਹਿ ਗਏ ਹਨ, ਫੇਰ ਜਿਹੜੇ ਵਿਰਲੇ ਹਨ ਵੀ, ਉਨ੍ਹਾਂ ਵਿੱਚੋਂ ਵੀ ਬਹੁਤੇ ਜਾਂ ਤਾਂ ਕੇਵਲ ਗੁਰਬਾਣੀ ਦੇ ਜਪੁ ਕਰਨ ਲਗੇ ਹੋਏ ਹਨ ਜਾਂ ਕਿਸੇ ਸ਼ਬਦ ਦੀ ਤੋਤਾ ਰਟਨੀ ਤੇ ਲੱਗੇ ਹੋਏ ਹਨ। ਸਤਿਗੁਰੂ ਸਾਨੂੰ ਸਮਝਾਂਉਂਦੇ ਹਨ, ਭੋਲਿਆ ਇਹ ਜਪੁ ਕਰਨ ਦੀ ਜਾਚ ਸਤਿਗੁਰੂ ਕੋਲੋਂ ਪੁਛਣੀ ਸੀ:

"ਕਿਸੁ ਹਉ ਸੇਵੀ, ਕਿਆ ਜਪੁ ਕਰੀ, ਸਤਗੁਰ ਪੂਛਉ ਜਾਇ ॥
ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥
ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥"

(ਸਿਰੀ ਰਾਗੁ ਮਹਲਾ ੩, ਪੰਨਾ ੩੪)

ਜਦੋਂ ਮੈਂ ਆਪਣੇ ਗੁਰੂ ਪਾਸੋਂ ਪੁੱਛਦਾ ਹਾਂ ਕਿ ਮੈਂ ਕਿਸ ਦੀ ਸੇਵਾ ਕਰਾਂ ਤੇ ਕੇਹੜਾ ਜਪ ਕਰਾਂ (ਤਾਂ ਗੁਰੂ ਪਾਸੋਂ ਉਪਦੇਸ਼ ਮਿਲਦਾ ਹੈ ਕਿ) ਮੈਂ ਆਪਣੇ ਅੰਦਰੋਂ ਹਉਮੈ ਦੂਰ ਕਰ ਕੇ ਗੁਰੂ ਦਾ ਹੁਕਮ ਮੰਨਾਂ । (ਗੁਰੂ ਦਾ ਹੁਕਮ ਮੰਨਣਾ ਹੀ ਇਕ) ਐਸੀ ਸੇਵਾ ਹੈ ਐਸੀ ਚਾਕਰੀ ਹੈ (ਜਿਸ ਦੀ ਬਰਕਤਿ ਨਾਲ ਪਰਮਾਤਮਾ ਦਾ) ਨਾਮ ਮਨ ਵਿਚ ਆ ਵੱਸਦਾ ਹੈ ।

ਸਤਿਗੁਰੂ ਦੀ ਆਗਿਆ ਤਾਂ ਬਿਲਕੁਲ ਸਪਸ਼ਟ ਹੈ ਕਿ ਅਸਲ ਜਪੁ ਤਾਂ ਹੈ, ਗੁਰੂ ਦਾ ਹੁਕਮ ਮੰਨਣਾ, ਸਤਿਗੁਰੂ ਦੀ ਰਜ਼ਾ ਵਿੱਚ ਜੀਵਨ ਬਤੀਤ ਕਰਨਾ। ਇਹੀ ਵਾਹਿਗੁਰੂ ਦਾ ਨਾਮ ਹਿਰਦੇ ਵਿੱਚ ਵਸਾਉਣ ਦਾ ਤਰੀਕਾ ਹੈ। ਇਹੀ ਗਲ ਸਤਿਗੁਰੂ ਸਾਨੂੰ ਹੇਠਲੀਆਂ ਪੰਕਤੀਆਂ ਵਿੱਚ ਦ੍ਰਿੜ ਕਰਾ ਰਹੇ ਹਨ।

"ਮਨ ਮੇਰੇ, ਗੁਰ ਕੀ ਮੰਨਿ ਲੈ ਰਜਾਇ ॥
ਮਨੁ ਤਨੁ ਸੀਤਲੁ ਸਭੁ ਥੀਐ ਨਾਮੁ ਵਸੈ ਮਨਿ ਆਇ ॥"

(ਸਿਰੀ ਰਾਗੁ ਮਹਲਾ ੩, ਪੰਨਾ ੩੭)

ਹੇ ਮੇਰੇ ਮਨ ! ਗੁਰੂ ਦੇ ਹੁਕਮ ਵਿਚ ਤੁਰ । (ਜੇਹੜਾ ਮਨੁੱਖ ਗੁਰੂ ਦਾ ਹੁਕਮ ਮੰਨਦਾ ਹੈ ਉਸ ਦਾ) ਮਨ (ਉਸ ਦਾ ਸਰੀਰ) ਸ਼ਾਂਤ ਹੋ ਜਾਂਦਾ ਹੈ, (ਉਸ ਦੇ) ਮਨ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ ।

ਗੁਰੂ ਸ਼ਬਦ ਦੁਆਰਾ, ਗੁਰੂ ਦਾ ਗਿਆਨ ਪ੍ਰਾਪਤ ਕਰਕੇ, ਉਸ ਓਨੁਸਾਰ

ਜੀਵਨ ਨੂੰ ਢਾਲ ਲੈਣਾ ਹੀ ਗੁਰੂ ਦੀ ਰਜ਼ਾ ਮੰਨਣਾ ਹੈ ਅਤੇ ਸਤਿਗੁਰੂ ਨੇ ਉਪਰੋਕਤ ਪ੍ਰਮਾਣ ਵਿੱਚ ਸਪਸ਼ਟ ਕਰ ਦਿੱਤਾ ਹੈ ਕਿ ਗੁਰੂ ਹੁਕਮ ਅਨੁਸਾਰ ਜੀਵਨ ਜੀਣ ਨਾਲ ਨਾਮ ਸਹਿਜੇ ਹੀ ਮਨ ਵਿੱਚ ਆ ਵਸਦਾ ਹੈ। ਅਸਲ ਵਿੱਚ ਜਿਵੇਂ ਜਿਵੇਂ ਆਪਣੇ ਜੀਵਨ ਨੂੰ ਗੁਰੂ ਸ਼ਬਦ ਦੀ ਕਸਵੱਟੀ ਤੇ ਪਰਖਾਂਗੇ, ਆਪਣੇ ਵਿਕਾਰਾਂ ਦੀ ਪਹਿਚਾਣ ਕਰਕੇ, ਗੁਰੂ ਗਿਆਨ ਨਾਲ ਇਨ੍ਹਾਂ ਵਿਕਾਰਾਂ ਤੋਂ ਮੁਕਤੀ ਹਾਸਿਲ ਕਰ ਲਵਾਂਗੇ । ਨਾਮ ਨਾਲ ਸਾਂਝ ਬਣ ਜਾਵੇਗੀ। ਬਸ ਲੋੜ ਗੁਰੂ ਸ਼ਬਦ ਦੀ ਕਸਵੱਟੀ ਤੇ ਅੰਦਰ ਭਾਲਣ ਦੀ, ਭਾਵ, ਸਵੈ ਪੜਚੋਲ ਕਰਨ ਦੀ ਹੈ ਕਿ ਜੋ ਕਰਮ, ਨਿਤ ਦਾ ਆਚਾਰ ਵਿਹਾਰ, ਅਸੀਂ ਕਰ ਰਹੇ ਹਾਂ, ਕੀ ਉਹ ਗੁਰਮਤਿ ਅਨੁਸਾਰ ਹੈ ?

"ਜਿਨੀ ਅੰਦਰੁ ਭਾਲਿਆ ਗੁਰ ਸਬਦਿ ਸੁਹਾਵੈ ॥
ਜੋ ਇਛਨਿ ਸੋ ਪਾਇਦੇ ਹਰਿ ਨਾਮੁ ਧਿਆਵੈ ॥"

{ਮਾਰੂ ਵਾਰ ਮਹਲਾ ੩, ਪੰਨਾ ੧੦੯੧}

ਸਤਿਗੁਰੂ ਦੇ ਸੋਹਣੇ ਸ਼ਬਦ ਦੀ ਰਾਹੀਂ ਜਿਨ੍ਹਾਂ ਨੇ ਆਪਣਾ ਮਨ ਖੋਜਿਆ ਹੈ, ਉਹ ਹਰਿ-ਨਾਮ ਸਿਮਰਦੇ ਹਨ ਤੇ ਮਨ-ਇੱਛਤ ਫਲ ਪਾਂਦੇ ਹਨ।

ਆਪਣੇ ਅੰਦਰ ਖੋਜਣਾ ਜਾਂ ਆਪਣੇ ਮਨ ਨੂੰ ਖੋਜਣਾ ਇਕ ਬਹੁਤ ਹੀ ਵਧੀਆ ਗੁਣ ਹੈ, ਕਿਉਂਕਿ ਇਹੀ ਇਕ ਸਾਧਨ ਹੈ, ਆਪਣੇ ਔਗੁਣਾਂ ਦੀ, ਆਪਣੇ ਵਿਕਾਰਾਂ ਦੀ ਪਹਿਚਾਣ ਕਰਨ ਦਾ। ਆਮ ਤੌਰ ਤੇ ਅਸੀਂ ਦੂਜਿਆਂ ਦੇ ਔਗੁਣ ਹੀ ਵੇਖਦੇ ਰਹਿੰਦੇ ਹਾਂ, ਆਪਣੇ ਅੰਦਰ ਕਦੇ ਝਾਤੀ ਨਹੀਂ ਮਾਰੀ। ਇਸੇ ਕਰਕੇ ਭਗਤ ਕਬੀਰ ਜੀ ਫੁਰਮਾਂਉਂਦੇ ਹਨ:

"ਬੰਦੇ ਖੋਜੁ ਦਿਲ ਹਰ ਰੋਜ, ਨਾ ਫਿਰੁ ਪਰੇਸਾਨੀ ਮਾਹਿ ॥ "

{ਪੰਨਾ ੭੨੭}

ਹੇ ਭਾਈ ! (ਆਪਣੇ ਹੀ) ਦਿਲ ਨੂੰ ਹਰ ਵੇਲੇ ਖੋਜ, ਘਬਰਾਹਟ ਵਿਚ ਨਾਹ ਭਟਕ ।

ਉਪਰੋਕਤ ਸ਼ਬਦ ਵਿੱਚ ਤਾਂ ਸਤਿਗੁਰੂ ਸਾਨੂੰ ਸਮਝਾ ਰਹੇ ਹਨ ਕਿ ਮਨ ਦੀ ਪਰਖ ਵੀ ਗੁਰਬਾਣੀ ਦੀ ਕਸਵੱਟੀ ਤੇ ਕਰਨੀ ਹੈ, ਕਿ ਜੋ ਕਰਮ ਕਰ ਰਹੇ ਹਾਂ ਕੀ ਉਹ ਗੁਰਮਤਿ ਅਨੁਸਾਰ ਹਨ? ਸਾਨੂੰ ਚਾਹੀਦਾ ਤਾਂ ਇਹ ਹੈ ਕਿ ਰੋਜ਼ ਸੌਣ ਤੋਂ ਪਹਿਲਾਂ, ਸੋਹਿਲਾ ਬਾਣੀ ਪੜ੍ਹਨ ਦੇ ਨਾਲ ਹੀ, ਆਪਣੇ ਸਾਰੀ ਦਿਹਾੜੀ ਕੀਤੇ ਕਰਮਾਂ ਦਾ ਲੇਖਾ-ਜੋਖਾ ਵੀ ਕਰ ਲਈਏ। ਜੇ ਇਹ ਲੇਖਾ-ਜੋਖਾ ਕਰਨ ਦੀ ਆਦਤ ਪਾ ਲਈਏ ਤਾਂ ਜੋ ਕਰਮ ਅਜ ਅਨਭੋਲ ਗੁਰਮਤਿ ਵਿਰੋਧੀ ਹੋ ਗਏ ਹੋਣ, ਕਲ ਦੁਬਾਰਾ ਨਹੀਂ ਹੋਣਗੇ।

ਸਤਿਗੁਰੂ ਬਖ਼ਸ਼ਿਸ਼ ਕਰਦੇ, ਸਮਝਾਉਂਦੇ ਹਨ, ਇਹ ਨਾਮ ਸਿਮਰਨ ਹੀ ਹੈ।

"ਗੁਰਬਾਣੀ ਸੁਣਿ ਮੈਲੁ ਗਵਾਏ ॥
ਸਹਜੇ ਹਰਿ ਨਾਮੁ ਮੰਨਿ ਵਸਾਏ ॥"

(ਧਨਾਸਰੀ ਮਹਲਾ ੩, ਪੰਨਾ ੬੬੫)

ਹੇ ਭਾਈ ! ਗੁਰੂ ਦੀ ਬਾਣੀ ਸੁਣਿਆ ਕਰ, (ਇਹ ਬਾਣੀ ਮਨ ਵਿਚੋਂ ਵਿਕਾਰਾਂ ਦੀ) ਮੈਲ ਦੂਰ ਕਰ ਦੇਂਦੀ ਹੈ ।(ਇਹ ਬਾਣੀ) ਆਤਮਕ ਅਡੋਲਤਾ ਵਿਚ (ਟਿਕਾ ਕੇ) ਪਰਮਾਤਮਾ ਦਾ ਨਾਮ ਮਨ ਵਿਚ ਵਸਾ ਦੇਂਦੀ ਹੈ ।

ਜਿਸ ਨਾਮ ਜਪਣ ਨੂੰ ਆਮ ਤੌਰ ਤੇ ਬਹੁਤ ਔਖੀ ਘਾਟੀ ਆਖਿਆ ਜਾਂਦਾ ਹੈ, ਸਤਿਗੁਰੂ ਸਮਝਾਉਂਦੇ ਹਨ, ਜੇ ਗੁਰਬਾਣੀ ਪੜ੍ਹ, ਸੁਣ, ਵਿਚਾਰ ਕੇ, ਗੁਣਾਂ ਨੂੰ ਜੀਵਨ ਵਿੱਚ ਵਸਾ ਕੇ ਆਪਣੇ ਮਨ ਤੇ ਚੜ੍ਹੀ ਮੈਲ ਧੋ ਲਈਏ ਤਾਂ ਅਕਾਲ-ਪੁਰਖ ਦਾ ਅਗੰਮੀ ਨਾਮ ਸਹਿਜੇ ਹੀ ਸਾਡੇ ਹਿਰਦੇ ਵਿੱਚ ਵਸ ਜਾਵੇਗਾ। ਗੱਲ ਸਪਸ਼ਟ ਹੈ ਜੇ ਗੁਰਬਾਣੀ ਦੇ ਗੁਣ ਜੀਵਨ ਵਿੱਚ ਧਾਰਨ ਨਹੀਂ ਕੀਤੇ ਤਾਂ ਭਾਵੇਂ ਜਿਨੇ ਮਰਜ਼ੀ ਰੱਟੇ ਲਾ ਲਈਏ, ਮਨ ਮੈਲਾ ਦਾ ਮੈਲਾ ਰਹਿਣਾ ਹੈ ਅਤੇ ਨਾਮ ਧਨੁ ਪ੍ਰਾਪਤ ਨਹੀਂ ਹੋਣਾ।

"ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ ॥
ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ ॥
ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ॥"

(ਮਾਰੂ ਵਾਰ ਮਹਲਾ ੩, ਪੰਨਾ ੧੦੮੭)

(ਗਿਆਨ, ਮਾਨੋ) ਬੜਾ ਤੇਜ਼ ਖੰਡਾ ਹੈ, ਇਹ ਗਿਆਨ ਗੁਰੂ ਤੋਂ ਮਿਲਦਾ ਹੈ, (ਜਿਸ ਨੂੰ ਮਿਲਿਆ ਹੈ ਉਸ ਦਾ) ਮਾਇਆ ਦੀ ਖ਼ਾਤਰ ਭਟਕਣਾ, ਮੋਹ, ਲੋਭ ਤੇ ਅਹੰਕਾਰ-ਰੂਪ ਕਿਲ੍ਹਾ (ਜਿਸ ਵਿਚ ਉਹ ਘਿਰਿਆ ਪਿਆ ਸੀ, ਇਸ ਗਿਆਨ-ਖੜਗ ਨਾਲ) ਕੱਟਿਆ ਜਾਂਦਾ ਹੈ; ਗੁਰੂ ਦੇ ਸ਼ਬਦ ਵਿਚ ਸੁਰਤਿ ਜੋੜਿਆਂ ਉਸ ਦੇ ਮਨ ਵਿਚ ਪਰਮਾਤਮਾ ਦਾ ਨਾਮ ਵੱਸ ਪੈਂਦਾ ਹੈ ।

ਜਦ ਗੁਰੂ ਸ਼ਬਦ ਦੀ ਵਿਚਾਰ ਨਾਲ ਸਤਿਗੁਰੂ ਕੋਲੋਂ ਗਿਆਨ ਦੀ ਖੜਗ ਹਾਸਲ ਕਰ ਲਈ, ਫੇਰ ਗਿਆਨ ਖੜਗ ਦੀ ਸ਼ਕਤੀ ਨਾਲ, ਗਿਆਨ ਖੜਗ ਦੇ ਵਾਰ ਨਾਲ, ਸਾਰੀ ਦੁਬਿਧਾ ਦੂਰ ਹੋ ਗਈ, ਜਿਹੜੇ ਵਿਕਾਰ ਜੀਵਨ ਤੇ ਭਾਰੂ ਸਨ, ਜਿਨ੍ਹਾਂ ਦਾ ਗੁਲਾਮ ਬਣ ਕੇ ਜੀਵਨ ਬਤੀਤ ਕਰ ਰਹੇ ਸਾਂ, ਉਹ ਵਿਕਾਰ ਵੀ ਵੱਸ ਵਿੱਚ ਆ ਗਏ, ਫਿਰ ਜੀਵਨ ਵਿੱਚੋਂ ਔਗੁਣ ਨਿਕਲ ਗਏ ਤੇ ਮਨ ਸੁੱਚਾ ਹੋ ਗਿਆ। ਔਗੁਣਾਂ ਦੀ ਜਗ੍ਹਾ ਜੀਵਨ ਗੁਣਾਂ ਨਾਲ ਸ਼ਿੰਗਾਰਿਆ ਗਿਆ। ਸਤਿਗੁਰੂ ਬਖਸ਼ਿਸ਼ ਕਰਦੇ ਹਨ ਕਿ ਜੀਵਨ

ਨੂੰ ਗੁਣਾਂ ਨਾਲ ਸ਼ਿੰਗਾਰਨ ਨਾਲ ਹੀ ਨਾਮ ਧਨੁ ਪ੍ਰਾਪਤ ਹੋ ਜਾਵੇਗਾ।

"ਸਾਚੀ ਬਾਣੀ ਸੂਚਾ ਹੋਇ ॥
ਗੁਣ ਤੇ ਨਾਮੁ ਪਰਾਪਤਿ ਹੋਇ ॥" {ਆਸਾ ਮਹਲਾ ੩, ਪੰਨਾ ੩੬੬।}

ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਦੀ ਸਿਫ਼ਤਿ-ਸਣਾਲਾਹ ਦੀ ਬਾਣੀ ਦੀ ਬਰਕਤਿ ਨਾਲ ਮਨੁੱਖ ਪਵਿਤ੍ਰ ਜੀਵਨ ਵਾਲਾ ਹੋ ਜਾਂਦਾ ਹੈ । ਸਿਫ਼ਤਿ-ਸਾਲਾਹ ਦੀ ਬਰਕਤਿ ਨਾਲ ਉਸ ਨੂੰ ਪਰਮਾਤਮਾ ਦੇ ਨਾਮ ਦਾ ਸੌਦਾ ਮਿਲ ਜਾਂਦਾ ਹੈ ।

ਜਦੋਂ ਨਾਮ ਹਿਰਦੇ ਵਿੱਚ ਵੱਸ ਗਿਆ, ਜੀਵਨ ਪਵਿੱਤਰ ਹੋ ਗਿਆ, ਫਿਰ ਮਨੁੱਖ ਜੋ ਕਰਮ ਕਰਦਾ ਹੈ, ਧਰਮ ਦਾ ਕਰਦਾ ਹੈ। ਵਾਹਿਗੁਰੂ ਦੇ ਭਓ ਅਤੇ ਭਾਓ ਵਿੱਚ ਕੀਤਾ ਉਸ ਦਾ ਹਰ ਕਰਮ, ਭਾਵੇਂ ਉਹ ਆਪਣੀ ਗ੍ਰਹਿਸਥੀ ਨੂੰ ਪਾਲਣ ਲਈ ਸੁਕ੍ਰਿਤ ਹੋਵੇ, ਭਾਵੇਂ ਕੌਮ ਦੀ ਅਣੱਖ ਵਾਸਤੇ ਯਾ ਕਿਸੇ ਮਜ਼ਲੂਮ ਦੀ ਰੱਖਿਆ ਲਈ ਮੈਦਾਨੇ ਜੰਗ ਵਿੱਚ ਜੂਝ ਰਿਹਾ ਹੋਵੇ, ਭਾਵੇਂ ਉਹ ਦੀਨ ਦੁੱਖੀ ਦੀ ਸੇਵਾ ਕਰ ਰਿਹਾ ਹੋਵੇ, ਉਸ ਦਾ ਹਰ ਕਰਮ ਨਾਮ ਸਿਮਰਨ ਹੁੰਦਾ ਹੈ।

ਜਿਵੇਂ ਜਿਵੇਂ ਵਿਕਾਰ ਕਾਬੂ ਵਿੱਚ ਆਈ ਜਾਂਦੇ ਹਨ, ਜੀਵਨ ਔਗੁਣਾਂ ਤੋਂ ਮੁਕਤ ਹੋਈ ਜਾਂਦਾ ਹੈ, ਅਤੇ ਗੁਣਾਂ ਨਾਲ ਸ਼ਿੰਗਾਰਿਆ ਜਾਂਦਾ ਹੈ। ਗੁਣਾਂ ਨਾਲ ਸ਼ਿੰਗਾਰਿਆ ਜੀਵਨ, ਹਰ ਦਿਨ ਪ੍ਰਮਾਤਮਾ ਦੇ ਨੇੜੇ ਹੋਈ ਜਾਂਦਾ ਹੈ। ਜਿਵੇਂ ਕਿ ਸ਼ੇਖ ਫਰੀਦ ਜੀ ਫੁਰਮਾਂਉਂਦੇ ਹਨ:

"ਆਪੁ ਸਵਾਰਹਿ ਮੈ ਮਿਲਹਿ, ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂੰ ਮੇਰਾ ਹੋਇ ਰਹਹਿ, ਸਭੁ ਜਗੁ ਤੇਰਾ ਹੋਇ ॥95॥"
{ਪੰਨਾ ੧੩੮੨}

ਹੇ ਫਰੀਦ ! ਜੇ ਤੂੰ ਆਪਣੇ ਆਪ ਨੂੰ ਸਵਾਰ ਲਏਂ, ਤਾਂ ਤੂੰ ਮੈਨੂੰ ਮਿਲ ਪਏਂਗਾ, ਤੇ ਮੇਰੇ ਵਿਚ ਜੁੜਿਆਂ ਹੀ ਤੈਨੂੰ ਸੁਖ ਹੋਵੇਗਾ (ਦੁਨੀਆ ਦੇ ਪਦਾਰਥਾਂ ਵਿਚ ਨਹੀਂ) । ਜੇ ਤੂੰ ਮੇਰਾ ਬਣ ਜਾਏਂ, (ਭਾਵ, ਦੁਨੀਆ ਵਾਲਾ ਪਿਆਰ ਛੱਡ ਕੇ ਮੇਰੇ ਨਾਲ ਪਿਆਰ ਕਰਨ ਲੱਗ ਪਏਂ, ਤਾਂ) ਸਾਰਾ ਜਗਤ ਤੇਰਾ ਬਣ ਜਾਏਗਾ (ਭਾਵ, ਮਾਇਆ ਤੇਰੇ ਪਿੱਛੇ ਪਿੱਛੇ ਦੌੜੇਗੀ) ।95।

ਇਹੀ ਜੀਵਨ ਦਾ ਅਸਲੀ ਮਕਸਦ ਹੈ, ਵਾਹਿਗੁਰੂ ਨੂੰ ਪਾਉਣਾ, ਅਕਾਲ-ਪੁਰਖ ਨਾਲ ਅਭੇਦ ਹੋਣਾ।

ਕੀ ਨਾਮ ਸਿਮਰਨ ਲਈ ਕਿਸੇ ਖਾਸ ਵਿਧੀ ਦੀ ਲੋੜ ਹੈ ?

ਵੈਸੇ ਤਾਂ ਜੇ ਉਪਰੋਕਤ ਵਿਚਾਰ ਦੀ ਸਮਝ ਲੱਗ ਗਈ ਹੋਵੇ ਤਾਂ ਇਹ ਸੁਆਲ ਕੋਈ ਮਹਤੱਤਾ ਹੀ ਨਹੀਂ ਰਖਦਾ। ਪਰ ਅਜ ਸਿੱਖ ਕੌਮ ਵਿੱਚ ਵੱਡੇ ਭੁਲੇਖੇ ਪਾਏ ਜਾ ਰਹੇ ਹਨ, ਥਾਂ ਥਾਂ ਤੇ ਨਾਮ ਦੇ ਨਾਂ ਤੇ ਕੂੜ ਦੇ ਵਪਾਰੀ ਤੁਰੇ ਫਿਰਦੇ ਹਨ ਜੋ ਨਵੇਂ ਨਵੇਂ ਤਰੀਕੇ ਦਸ ਰਹੇ ਹਨ। ਕੋਈ ਕਹਿੰਦਾ ਹੈ ਨਾਮ ਇੰਝ ਜਪਣਾ ਹੈ ਤੇ ਕੋਈ ਕਹਿੰਦਾ ਹੈ ਨਾਮ ਉੰਝ ਜਪਣਾ ਹੈ। ਜੋਗ ਮੱਤ ਦੇ ਪ੍ਰਾਣਾਯਾਮ ਦੇ ਤਰੀਕੇ, ਜਿਨ੍ਹਾਂ ਨੂੰ ਗੁਰਮਤਿ ਪੂਰਨ ਤੌਰ ਤੇ ਰੱਦ ਕਰਦੀ ਹੈ, ਨੂੰ ਹੀ ਗੁਰਮਤਿ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਅਤੇ ਉਸੇ ਅਨੁਸਾਰ ਨਾਮ ਸਿਮਰਨ ਕਰਾਏ ਜਾ ਰਹੇ ਹਨ, ਜਦੋਂ ਸਾਹ ਅੰਦਰ ਜਾਵੇ, ਵਾਹਿ ਅੰਦਰ ਲੈ ਜਾਓ, ਜਦੋਂ ਸਾਹ ਬਾਹਰ ਕੱਢੋ, ਗੁਰੂ ਬਾਹਰ ਕੱਢ ਦਿਓ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਫੁਰਮਾਂਉਂਦੀ ਹੈ:

"ਆਸਨੁ ਪਵਨ ਦੂਰਿ ਕਰਿ ਬਵਰੇ ॥
ਛੋਡਿ ਕਪਟੁ ਨਿਤ ਹਰਿ ਭਜੁ ਬਵਰੇ ॥1॥"

{ਬਿਲਾਵਲ ਕਬੀਰ ਜੀ-ਪੰਨਾ ੮੫੭}

ਹੇ ਝੱਲੇ ਜੋਗੀ । ਜੋਗ-ਅੱਭਿਆਸ ਤੇ ਪ੍ਰਾਣਾਯਾਮ ਨੂੰ ਤਿਆਗ । ਇਸ ਪਖੰਡ ਨੂੰ ਛੱਡ, ਤੇ ਸਦਾ ਪ੍ਰਭੂ ਦੀ ਬੰਦਗੀ ਕਰ ।1।

ਕੋਈ ਕਹਿੰਦਾ ਹੈ ਸੱਜੀ ਨਾਸ ਰਾਹੀਂ ਸਾਹ ਖਿਚਦਿਆਂ ਵਾਹਿ ਅੰਦਰ ਲਿਜਾਓ ਅਤੇ ਖੱਬੀ ਨਾਸ ਰਾਹੀਂ ਸਾਹ ਨਾਲ ਗੁਰੂ ਨੂੰ ਬਾਹਰ ਕੱਢ ਦਿਓ। ਕੋਈ ਕਹਿੰਦਾ ਹੈ, ਬਿਲਕੁਲ ਹਨੇਰਾ ਕਰ ਲਵੋ, ਕੋਈ ਕਹਿੰਦਾ ਹੈ ਰੋਸ਼ਨੀ ਮੱਧਮ ਕਰ ਲਓ ਅਤੇ ਕੋਈ ਕਹਿੰਦਾ ਹੈ ਨਾਮ ਸਿਮਰਨ ਲਈ ਬਹੁਤ ਤੇਜ਼ ਰੋਸ਼ਨੀ ਹੋਣੀ ਚਾਹੀਦੀ ਹੈ, ਹਜ਼ਾਰ ਹਜ਼ਾਰ ਵਾਟ ਦੇ ਬਲਬ ਜਗਾ ਲਓ, ਬੈਠਣ ਦੇ, ਆਸਣ ਲਾਉਣ ਦੇ, ਕਈ ਕਈ ਤਰੀਕੇ ਦਸੇ ਜਾ ਰਹੇ ਹਨ, ਇਸ ਲਈ ਜ਼ਰੂਰੀ ਹੈ ਕਿ ਇਸ ਬਾਰੇ ਵੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਹੀ ਅਗਵਾਈ ਲੈ ਲਈ ਜਾਵੇ। ਸਤਿਗੁਰੂ ਦੀ ਬਾਣੀ ਵਿੱਚ ਇਸ ਬਾਰੇ ਸਪਸ਼ਟ ਅਤੇ ਲਾਜੁਆਬ ਪ੍ਰਮਾਣ ਹਨ।

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਭ ਤੋਂ ਪਹਿਲੀ ਬਾਣੀ 'ਜਪੁ' ਹੈ। ਜਪੁ ਦਾ ਭਾਵ ਹੈ ਜਪਣਾ। ਜਿਥੇ ਇਹ ਮਨੁੱਖਾ ਜੀਵਨ ਵਿੱਚ ਨਾਮ ਜਪਣ ਦੀ ਮਹਤੱਤਾ ਨੂੰ ਦਰਸਾਉਂਦੀ ਹੈ ਉਥੇ ਨਾਮ ਜਪਣ ਦੇ ਤਰੀਕਿਆਂ ਦੀ ਵੱਡਮੁਲੀ ਅਗਵਾਈ ਵੀ ਸਾਨੂੰ ਇਸ ਬਾਣੀ ਤੋਂ ਮਿਲਦੀ ਹੈ। ਸਭ ਤੋਂ ਪਹਿਲਾਂ ਤਾਂ ਸਤਿਗੁਰੂ ਨੇ ਮੰਗਲਾ ਚਰਨ ਦਰਜ ਕੀਤਾ ਹੈ, ਜਿਸ ਨੂੰ ਅਸੀਂ ਸਿੱਖ ਧਰਮ ਦਾ ਮੂਲ ਸਿਧਾਂਤ ਹੋਣ ਕਾਰਨ, ਮੂਲ ਮੰਤਰ

ਵੀ ਆਖ ਦੇਂਦੇ ਹਾਂ, ਇਸ ਵਿੱਚ ਅਕਾਲ-ਪੁਰਖ ਨੂੰ ਕਿਸੇ ਇਕ ਸ਼ਬਦ ਨਾਲ ਨਹੀਂ ਬਲਕਿ ਉਸ ਦੇ ਅਨਮੋਲ ਗੁਣਾਂ ਨਾਲ ਯਾਦ ਕੀਤਾ ਗਿਆ ਹੈ।

"ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥"

ਇਸ ਬਾਣੀ ਦੀ ਪਹਿਲੀ ਪਉੜੀ ਵਿੱਚ ਧਰਮ ਦੇ ਨਾਂ ਤੇ ਕੀਤੇ ਜਾ ਰਹੇ ਸਾਰੇ ਕਰਮਕਾਂਡਾਂ ਅਤੇ ਸਮਾਧੀ ਦੇ ਤਰੀਕਿਆਂ ਨੂੰ ਰੱਦ ਕਰਕੇ, ਮਨੁੱਖਾ ਜੀਵਨ ਵਿੱਚ ਕੀਤੀ ਜਾਣ ਵਾਲੀ ਪ੍ਰਾਪਤੀ, ਸਚਿਆਰ ਹੋਣਾ ਭਾਵ ਉੱਚਾ-ਸੁੱਚਾ ਕਿਰਦਾਰ ਬਨਾਉਣਾ ਦਸਿਆ ਹੈ:

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥"

ਅਤੇ ਇਸ ਨੂੰ ਪ੍ਰਾਪਤ ਕਰਨ ਦਾ ਤਰੀਕਾ ਦਸਿਆ ਹੈ,

"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥1॥"

ਭਾਵ ਆਪਣਾ ਜੀਵਨ ਅਕਾਲ-ਪੁਰਖ ਦੇ ਭੈ ਅਤੇ ਭਾਓ ਵਿੱਚ ਬਤੀਤ ਕਰਨਾ। ਇਸ ਦੀਆਂ ਬਾਕੀ ਸਾਰੀਆਂ ਪਉੜੀਆਂ ਸਥਾਪਤ ਧਾਰਨਾਵਾਂ ਨੂੰ ਰੱਦ ਕਰਕੇ, ਹੁਕਮਿ ਰਜਾਈ ਚਲਣਾ ਨੂੰ ਅਮਲੀ ਰੂਪ ਵਿੱਚ, ਜੀਵਨ ਵਿੱਚ ਅਪਨਾਉਣ ਦੇ ਤਰੀਕੇ ਦਸਦੀਆਂ ਹਨ।

ਜਪੁ ਬਾਣੀ ਦੀਆਂ 28 ਤੋਂ 31 ਨੰਬਰ ਪਉੜੀਆਂ ਜੋਗੀਆਂ ਨੂੰ ਸੰਬੋਧਿਤ ਹਨ ਜਿਨ੍ਹਾਂ ਦੇ ਜੀਵਨ ਦਰਸ਼ਨ ਵਿੱਚ ਲੰਬੀਆਂ ਲੰਬੀਆਂ ਸਮਾਧੀਆਂ ਲਾਉਣ ਅਤੇ ਤੱਪ ਸਾਧਣ ਲਈ ਵਿਵਸਥਾ ਹੈ। ਸਤਿਗੁਰੂ ਉਨ੍ਹਾਂ ਨੂੰ ਧਾਰਮਿਕ ਪਹਿਰਾਵੇ ਅਤੇ ਸਮਾਧੀਆਂ ਦਾ ਵਿਖਾਵੇ ਵਾਲਾ ਪਖੰਡ ਛੱਡ ਕੇ ਉਚਾ-ਸੁੱਚਾ ਕਿਰਦਾਰ ਬਨਾਉਣ ਦੀ ਨਸੀਹਤ ਦੇਂਦੇ ਹਨ:

"ਮੁੰਦਾ ਸੰਤੋਖੁ, ਸਰਮੁ ਪਤੁ ਝੋਲੀ, ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ, ਕੁਆਰੀ ਕਾਇਆ ਜੁਗਤਿ, ਡੰਡਾ ਪਰਤੀਤਿ ॥"

(ਹੇ ਜੋਗੀ !) ਜੇ ਤੂੰ ਸੰਤੋਖ ਨੂੰ ਆਪਣੀਆਂ ਮੁੰਦਰਾਂ ਬਣਾਵੇ, ਮਿਹਨਤ ਨੂੰ ਖੱਪਰ ਤੇ ਝੋਲੀ, ਅਤੇ ਅਕਾਲ ਪੁਰਖ ਦੇ ਧਿਆਨ ਦੀ ਸੁਆਹ (ਪਿੰਡੇ ਤੇ ਮਲੇਂ), ਮੌਤ (ਦਾ ਭਉ) ਤੇਰੀ ਗੋਦੜੀ ਹੋਵੇ, ਸਰੀਰ ਨੂੰ ਵਿਕਾਰਾਂ ਤੋਂ ਬਚਾ ਕੇ ਰੱਖਣਾ ਤੇਰੇ ਲਈ ਜੋਗ ਦੀ ਰਹਿਤ ਹੋਵੇ ਅਤੇ ਸ਼ਰਧਾ ਨੂੰ ਡੰਡਾ ਬਣਾਵੇਂ (ਤਾਂ ਅੰਦਰੋਂ ਕੂੜ ਦੀ ਕੰਧ ਟੁੱਟ ਸਕਦੀ ਹੈ)।

ਸਾਰੀ ਜਪੁ ਬਾਣੀ ਵਿੱਚ ਨਾ ਤਾਂ ਕਿਤੇ ਕਿਸੇ ਇਕ ਅੱਖਰ ਨੂੰ ਬਾਰ ਬਾਰ ਦੁਹਰਾਇਆ ਗਿਆ ਹੈ ਅਤੇ ਨਾਹੀ ਰਟਨ ਦੀ ਸਿੱਖਿਆ ਦਿੱਤੀ ਗਈ ਹੈ ਬਲਕਿ

ਅਗੋਂ 32ਵੀਂ ਪਉੜੀ ਵਿੱਚ ਤਾਂ ਰਟੇ ਲਾਉਣ ਨੂੰ ਕਿਸੇ ਕੂੜੇ ਵਿਅਕਤੀ ਦੀ ਕੂੜੀ ਸੋਚ ਦਸ ਕੇ ਪੂਰਨ ਰੂਪ ਵਿੱਚ ਰੱਦ ਕਰ ਕੇ ਆਪਣੇ ਜੀਵਨ ਨੂੰ ਅਕਾਲ ਪੁਰਖ ਦੀ ਬਖਸ਼ਿਸ਼ ਦੇ ਪਾਤਰ ਬਨਾਉਣ ਲਈ ਕਿਹਾ ਗਿਆ ਹੈ:

"ਏਤੁ ਰਾਹਿ ਪਤਿ ਪਵੜੀਆ, ਚੜੀਐ ਹੋਇ ਇਕੀਸ ॥
ਸੁਣਿ ਗਲਾ ਆਕਾਸ ਕੀ, ਕੀਟਾ ਆਈ ਰੀਸ ॥
ਨਾਨਕ, ਨਦਰੀ ਪਾਈਐ, ਕੂੜੀ ਕੂੜੈ ਠੀਸਿ ॥32॥"

ਇਸ ਰਸਤੇ ਵਿਚ (ਪਰਮਾਤਮਾ ਨਾਲੋਂ ਵਿੱਥ ਦੂਰ ਕਰਨ ਵਾਲੇ ਰਾਹ ਵਿਚ) ਅਕਾਲ ਪੁਰਖ ਨੂੰ ਮਿਲਣ ਵਾਸਤੇ ਜੋ ਪਉੜੀਆਂ ਹਨ, ਉਹਨਾਂ ਉੱਤੇ ਆਪਾ-ਭਾਵ ਗਵਾ ਕੇ ਹੀ ਚੜ੍ਹ ਸਕੀਦਾ ਹੈ। (ਲੱਖਾਂ ਜੀਭਾਂ ਨਾਲ ਭੀ ਗਿਣਤੀ ਦੇ ਸਿਮਰਨ ਨਾਲ ਕੁਝ ਨਹੀਂ ਬਣਦਾ। ਆਪਾ-ਭਾਵ ਦੂਰ ਕਰਨ ਤੋਂ ਬਿਨਾ ਇਹ ਗਿਣਤੀ ਦੇ ਪਾਠਾਂ ਵਾਲਾ ਉੱਦਮ ਇਉਂ ਹੈ, ਮਾਨੋ,) ਆਕਾਸ਼ ਦੀਆਂ ਗੱਲਾਂ ਸੁਣ ਕੇ ਕੀੜਿਆਂ ਨੂੰ ਭੀ ਇਹ ਰੀਸ ਆ ਗਈ ਹੈ (ਕਿ ਅਸੀਂ ਭੀ ਆਕਾਸ਼ ਤੇ ਅੱਪੜ ਜਾਈਏ)। ਹੇ ਨਾਨਕ! ਜੇ ਅਕਾਲ ਪੁਰਖ ਮਿਹਰ ਦੀ ਨਜ਼ਰ ਕਰੇ, ਤਾਂ ਹੀ ਉਸ ਨੂੰ ਮਿਲੀਦਾ ਹੈ, (ਨਹੀਂ ਤਾਂ) ਕੂੜੇ ਮਨੁੱਖ ਦੀ ਆਪਣੇ ਆਪ ਦੀ ਨਿਰੀ ਕੂੜੀ ਹੀ ਵਡਿਆਈ ਹੈ (ਕਿ ਮੈਂ ਸਿਮਰਨ ਕਰ ਰਿਹਾ ਹਾਂ) ।33।

ਹੇਠਲਾ ਪ੍ਰਮਾਣ ਭਗਤ ਕਬੀਰ ਜੀ ਦੇ ਸਲੋਕਾਂ ਵਿੱਚੋਂ ਹੈ, ਜੋ ਉਨ੍ਹਾਂ ਭਗਤ ਨਾਮ ਦੇਵ ਜੀ ਅਤੇ ਭਗਤ ਤਰਲੋਚਨ ਜੀ ਬਾਰੇ ਲਿਖਿਆ ਹੈ। ਜਿਸ ਤੋਂ ਸਾਨੂੰ ਇਕ ਤਾਂ ਇਹ ਪਤਾ ਲਗਦਾ ਹੈ ਕਿ ਭਗਤ ਨਾਮ ਦੇਵ ਜੀ ਅਤੇ ਭਗਤ ਤ੍ਰਿਲੋਚਨ ਜੀ ਨਾ ਕੇਵਲ ਸਮਕਾਲੀ ਸਨ, ਸਗੋਂ ਚੰਗੇ ਮਿੱਤਰ ਵੀ ਸਨ ਅਤੇ ਨੇੜੇ-ਨੇੜੇ ਰਹਿੰਦੇ ਸਨ। ਇਹ ਵੀ ਸਪਸ਼ਟ ਹੁੰਦਾ ਹੈ ਕਿ ਜਿਨ੍ਹਾਂ ਨੂੰ ਅਕਾਲ-ਪੁਰਖ ਨਾਲ ਪਿਆਰ ਪੈ ਗਿਆ, ਉਹ ਸਾਰੇ ਜਾਤਿ-ਪਾਤਿ ਦੇ ਬੰਧਨਾਂ ਤੋਂ ਮੁਕਤ ਹੋ ਗਏ, ਤਾਂਹੀ ਤਾਂ ਬ੍ਰਾਹਮਣੀ ਵਿਵਸਥਾ ਅਨੁਸਾਰ ਉਚ ਜਾਤ ਦੇ ਕਹੇ ਜਾਂਦੇ(ਬ੍ਰਾਹਮਣ) ਤ੍ਰਿਲੋਚਨ ਜੀ, ਨੀਚ ਜਾਤ ਦੇ ਸਮਝੇ ਜਾਂਦੇ (ਛੀਪੇ)ਨਾਮ ਦੇਵ ਜੀ ਕੋਲੋਂ ਧਾਰਮਿਕ ਅਗਵਾਈ ਲੈਣ ਜਾਂਦੇ ਹਨ। ਭਗਤ ਕਬੀਰ ਜੀ ਦੱਸਦੇ ਹਨ ਕਿ ਇਕ ਦਿਨ ਭਗਤ ਤ੍ਰਿਲੋਚਨ ਜੀ ਮਨ ਵਿੱਚ ਇਹ ਵਿਚਾਰ ਬਣਾਕੇ ਭਗਤ ਨਾਮ ਦੇਵ ਜੀ ਕੋਲ ਗਏ ਕਿ ਦੋਵੇਂ ਕਿਧਰੇ ਬੈਠ ਕੇ ਪਰਮਾਤਮਾ ਦਾ ਨਾਮ ਜਪਾਂਗੇ ਪਰ ਜਦੋਂ ਭਗਤ ਨਾਮ ਦੇਵ ਜੀ ਆਪਣੇ ਛਪਾਈ ਦੇ ਕੰਮ ਵਿੱਚ ਹੀ ਲੱਗੇ ਰਹੇ ਤਾਂ ਭਗਤ ਤ੍ਰਿਲੋਚਨ ਜੀ ਨੇ ਇਕ ਮਿਹਣਾ ਮਾਰਿਆ:

"ਨਾਮਾ ਮਾਇਆ ਮੋਹਿਆ, ਕਹੈ ਤਿਲੋਚਨੁ ਮੀਤ ॥
ਕਾਹੇ ਛੀਪਹੁ ਛਾਇਲੈ, ਰਾਮ ਨ ਲਾਵਹੁ ਚੀਤੁ ॥"

ਤ੍ਰਿਲੋਚਨ ਆਖਦਾ ਹੈ.....ਹੇ ਮਿੱਤ੍ਰ ਨਾਮਦੇਵ! ਤੂੰ ਤਾਂ ਮਾਇਆ ਵਿਚ ਫਸਿਆ ਜਾਪਦਾ ਹੈਂ। ਇਹ ਅੰਬਰੇ ਕਿਉਂ ਠੋਕ ਰਿਹਾ ਹੈਂ ? ਪਰਮਾਤਮਾ ਦੇ (ਚਰਨਾਂ) ਨਾਲ ਕਿਉਂ ਚਿੱਤ ਨਹੀਂ ਜੋੜਦਾ ?

ਅਗੋਂ ਜੋ ਜੁਆਬ ਭਗਤ ਨਾਮ ਦੇਵ ਜੀ ਨੇ ਭਗਤ ਤ੍ਰਿਲੋਚਨ ਜੀ ਨੂੰ ਦਿੱਤਾ, ਜੇ ਸਾਨੂੰ ਵੀ ਸਮਝ ਲੱਗ ਜਾਵੇ ਤਾਂ ਸ਼ਾਇਦ ਨਾਮ ਸਿਮਰਨ ਦੇ ਤਰੀਕਿਆਂ ਬਾਰੇ ਸਾਡੇ ਸਾਰੇ ਭਰਮ ਭੁਲੇਖੇ ਦੂਰ ਹੋ ਜ੍ਹਾਣ:

"ਨਾਮਾ ਕਹੈ ਤਿਲੋਚਨਾ, ਮੁਖ ਤੇ ਰਾਮੁ ਸੰਮ੍ਹਾਲਿ ॥
ਹਾਥ ਪਾਉ ਕਰਿ ਕਾਮੁ ਸਭੁ, ਚੀਤੁ ਨਿਰੰਜਨ ਨਾਲਿ॥"

(ਸਲੋਕ ਭਗਤ ਕਬੀਰ ਜੀਉ ਕੇ ਪੰਨਾ ੧੩੭੫-੧੩੭੬)

ਨਾਮਦੇਵ (ਅੱਗੋਂ) ਉੱਤਰ ਦੇਂਦਾ ਹੈ—

ਹੇ ਤ੍ਰਿਲੋਚਨ ! ਮੂੰਹ ਨਾਲ ਪਰਮਾਤਮਾ ਦਾ ਨਾਮ ਲੈ; ਹੱਥ ਪੈਰ ਵਰਤ ਕੇ ਸਾਰਾ ਕੰਮ-ਕਾਜ ਕਰ, ਅਤੇ ਆਪਣਾ ਚਿੱਤ ਮਾਇਆ-ਰਹਿਤ ਪਰਮਾਤਮਾ ਨਾਲ ਜੋੜ ।

ਸਿੱਖ ਧਰਮ ਗ੍ਰਿਹਸਤੀਆਂ ਅਤੇ ਕਿਰਤੀਆਂ ਦਾ ਧਰਮ ਹੈ। ਇਥੇ ਤਾਂ ਅਕਾਲ-ਪੁਰਖ ਨੂੰ ਹਿਰਦੇ ਵਿੱਚ ਵਸਾ ਕੇ, ਆਪਣੀ ਸੁਕ੍ਰਿਤ ਕਰਦੇ ਹੋਏ, ਗ੍ਰਿਹਸਤ ਪਾਲਣ ਦਾ ਸਿਧਾਂਤ ਹੈ। ਸਾਰੀ ਗੱਲ ਤਾਂ ਇਹ ਹੈ ਕਿ ਇਹ ਸਾਰੇ ਫਰਜ਼ ਨਿਬਾਹੁੰਦੇ ਹੋਏ, ਕਦੇ ਵਾਹਿਗੁਰੂ ਨਾ ਭੁੱਲੇ, ਸਾਡੇ ਚਿੱਤ ਵਿੱਚ ਰਹੇ ਤਾਂਕਿ ਸਾਡੇ ਕਰਮ, ਨਿਰਮਲ ਕਰਮ ਰਹਿਣ, ਪਾਪ ਕਰਮ ਨਾ ਬਣ ਜਾਣ। ਆਪਣੇ ਗ੍ਰਿਹਸਤ ਦੇ ਫਰਜ਼ ਨਿਭਾਂਉਂਦੇ ਹੋਏ, ਵਾਹਿਗੁਰੂ ਨੂੰ ਕਿਵੇਂ ਚਿੱਤ ਵਿੱਚ ਵਸਾ ਕੇ ਰਖਣਾ ਹੈ, ਇਸ ਗਲ ਨੂੰ ਹੋਰ ਸਪਸ਼ਟ ਕਰਦਾ ਹੋਇਆ, ਭਗਤ ਤ੍ਰਿਲੋਚਨ ਜੀ ਨੂੰ ਹੀ ਮੁਖਾਤਿਬ ਕਰਕੇ ਉਚਾਰਣ ਕੀਤਾ ਭਗਤ ਨਾਮਦੇਉ ਜੀ ਦਾ ਇਕ ਹੋਰ ਸ਼ਬਦ ਪੰਨਾ ੯੭੨ ਤੇ ਰਾਮਕਲੀ ਰਾਗ ਵਿੱਚ ਸੁਸ਼ੋਭਿਤ ਹੈ :

"ਮਨੁ ਰਾਮ ਨਾਮਾ ਬੇਧੀਅਲੇ ॥
ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥"

ਜਿਵੇਂ ਸੁਨਿਆਰੇ ਦਾ ਮਨ (ਹੋਰਨਾਂ ਨਾਲ ਗੱਲਾਂ-ਬਾਤਾਂ ਕਰਦਿਆਂ ਭੀ, ਕੁਠਾਲੀ ਵਿਚ ਪਾਏ ਹੋਏ ਸੋਨੇ ਵਿਚ) ਜੁੜਿਆ ਰਹਿੰਦਾ ਹੈ, ਤਿਵੇਂ ਮੇਰਾ ਮਨ ਪਰਮਾਤਮਾ ਦੇ ਨਾਮ ਵਿਚ ਵਿੰਝਾ ਹੋਇਆ ਹੈ।

ਇਸ ਸ਼ਬਦ ਵਿੱਚ ਭਗਤ ਨਾਮ ਦੇਵ ਜੀ ਆਮ ਜੀਵਨ ਵਿੱਚੋਂ ਪੰਜ ਕਮਾਲ ਦੇ ਪ੍ਰਮਾਣ ਦੇਕੇ ਸਿਧਾਂਤ ਨੂੰ ਸਪਸ਼ਟ ਕਰਦੇ ਹਨ। ਪਹਿਲੇ ਰਹਾਉ ਦੇ ਬੰਦ ਵਿੱਚ ਜਿੱਥੇ

ਸੁਨਿਆਰੇ ਦਾ ਪ੍ਰਮਾਣ ਦਿੱਤਾ ਹੈ, ਦੂਸਰਾ ਬੱਚਿਆਂ ਦੇ ਪਤੰਗ ਉਡਾਉਣ ਦਾ ਪ੍ਰਮਾਣ ਦੇਕੇ ਫੁਰਮਾਉਂਦੇ ਹਨ, ਜਿਵੇਂ ਬੱਚਾ ਪਤੰਗ ਉਡਾਉਂਦਾ ਹੋਇਆ, ਸੰਗੀ-ਸਾਥੀ, ਦੋਸਤਾਂ ਨਾਲ ਗੱਲਾਂ ਬਾਤਾਂ ਕਰਦਾ ਹੋਇਆ, ਧਿਆਨ ਪਤੰਗ ਦੀ ਡੋਰ ਵਿੱਚ ਰਖਦਾ ਹੈ:"ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ ॥1॥", ਅਜ ਸ਼ਹਿਰਾਂ ਵਿੱਚ ਭਾਵੇਂ ਪਾਣੀ ਦੇ ਨਲਕੇ ਸਾਡੇ ਘਰਾਂ ਦੇ ਅੰਦਰ ਵੱਗ ਰਹੇ ਹਨ, ਪਰ ਪੁਰਾਤਨ ਸਮਿਆਂ ਵਿੱਚ ਪਾਣੀ ਦੂਰੋਂ ਖੂਹਾਂ, ਤਲਾਬਾਂ ਤੋਂ ਭਰ ਕੇ ਲਿਆਉਣਾ ਪੈਂਦਾ ਸੀ ਅਤੇ ਅਕਸਰ ਇਹ ਕੰਮ ਘਰ ਦੀਆਂ ਔਰਤਾਂ ਕਰਦੀਆਂ। ਅਜ ਵੀ ਰਾਜਸਥਾਨ ਆਦਿ ਦੇ ਕਈ ਇਲਾਕਿਆਂ ਵਿੱਚ ਇੰਝ ਹੀ ਹੁੰਦਾ ਹੈ। ਤੀਸਰਾ ਪ੍ਰਮਾਣ ਬੀਬੀਆਂ ਦੇ ਪਾਣੀ ਭਰਨ ਜਾਣ ਦਾ ਦੇਕੇ ਸਮਝਾਂਉਂਦੇ ਹਨ, ਜਿਵੇਂ ਪਾਣੀ ਦੀ ਗਾਗਰ ਚੁੱਕੀ ਔਰਤਾਂ, ਸਹੇਲੀਆਂ ਨਾਲ ਹੱਸਦੀਆਂ ਖੇਡਦੀਆਂ ਹੋਈਆਂ ਵੀ ਧਿਆਨ ਸਿਰ ਤੇ ਚੁੱਕੀ ਗਾਗਰ ਵਿੱਚ ਰਖਦੀਆਂ ਹਨ ਅਤੇ ਉਸ ਨੂੰ ਡਿੱਗਣ ਨਹੀਂ ਦੇਂਦੀਆਂ:"ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ ॥2॥", ਕਈ ਮੀਲਾਂ ਤੇ ਚਰਦੀ ਹੋਈ ਗਊ ਦਾ ਧਿਆਨ ਆਪਣੇ ਵਛੇਰੇ ਵਿੱਚ ਰਹਿੰਦਾ ਹੈ:"ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ ॥3॥", ਘਰ ਦੇ ਕੰਮ ਕਾਜ ਵਿੱਚ ਰੁੱਝੀ ਔਰਤ ਦਾ ਧਿਆਨ ਪਾਲਣੇ ਵਿੱਚ ਪਾਏ ਆਪਣੇ ਬੱਚੇ ਵਿੱਚ ਰਹਿੰਦਾ ਹੈ:"ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥4॥1॥", ਤਿਵੇਂ ਜੀਵਨ ਦੇ ਕਾਰ ਵਿਹਾਰ ਕਰਦਿਆਂ ਸਾਡਾ ਚਿੱਤ ਅਕਾਲ-ਪੁਰਖ ਨਾਲ ਜੁੜਿਆ ਰਹਿਣਾ ਚਾਹੀਦਾ ਹੈ। ਇਥੇ ਕਿਸੇ ਵਿਸ਼ੇਸ਼ ਤਰੀਕਿਆਂ ਜਾਂ ਆਸਣਾਂ ਦੀ ਗੱਲ ਤਾਂ ਸੋਚੀ ਵੀ ਨਹੀਂ ਜਾ ਸਕਦੀ।

ਨੌਵੇਂ ਸਤਿਗੁਰੂ, ਤੇਗ ਬਹਾਦੁਰ ਪਾਤਿਸ਼ਾਹ ਨੇ ਤਾਂ ਆਪਣੇ ਦੋ ਸਲੋਕਾਂ ਵਿੱਚ ਜਿਵੇਂ ਸਾਰੀ ਗੱਲ ਦਾ ਤੱਤਸਾਰ ਕੱਢ ਦਿੱਤਾ ਹੈ। ਜਿਥੇ ਸਤਿਗੁਰੂ ਇਸ ਗੱਲ ਦੀ ਚੇਤਾਵਨੀ ਦੇਂਦੇ ਹਨ ਕਿ ਜੇ ਅਕਾਲ-ਪੁਰਖ ਦੀ ਸਿਫਤ ਸਲਾਹ ਨਹੀਂ ਕੀਤੀ, ਭਾਵ ਸਿਮਰਨ ਨਹੀਂ ਕੀਤਾ, ਤਾਂ ਇਹ ਮਨੁੱਖਾ ਜਨਮ ਅਜਾਈਂ ਗੁਆ ਲਿਆ, ਉਥੇ ਨਾਲ ਹੀ ਪ੍ਰਮਾਤਮਾਂ ਨੂੰ ਸਿਮਰਨ, ਦੀ ਜਾਚ ਮੱਛੀ ਕੋਲੋਂ ਸਿਖਣ ਦੀ ਸਲਾਹ ਦੇਂਦੇ ਹਨ:

"ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥"

(ਸਲੋਕ ਮਹਲਾ ੯, ਪੰਨਾ ੧੪੨੬)

ਹੇ ਭਾਈ ! ਜੇ ਤੂੰ ਪਰਮਾਤਮਾ ਦੇ ਗੁਣ ਕਦੇ ਨਹੀਂ ਗਾਏ, ਤਾਂ ਤੂੰ ਆਪਣਾ ਮਨੁੱਖਾ ਜਨਮ ਨਿਕੰਮਾ ਕਰ ਲਿਆ । ਹੇ ਨਾਨਕ ! ਆਖ—ਹੇ ਮਨ ! ਪਰਮਾਤਮਾ

ਦਾ ਭਜਨ ਕਰਿਆ ਕਰ (ਉਸ ਨੂੰ ਇਉਂ ਜ਼ਿੰਦਗੀ ਦਾ ਆਸਰਾ ਬਣਾ) ਜਿਵੇਂ ਪਾਣੀ ਨੂੰ ਮੱਛੀ (ਆਪਣੀ ਜਿੰਦ ਦਾ ਆਸਰਾ ਬਣਾਈ ਰੱਖਦੀ ਹੈ) ।

ਭਲਾ ਮੱਛੀ ਕਿਥੇ ਕਿਹੜੇ ਆਸਣ ਵਿੱਚ ਬੈਠ ਕੇ ਪਾਣੀ ਪਾਣੀ ਰਟਦੀ ਹੈ? ਮੱਛੀ ਦਾ ਜੀਵਨ ਪਾਣੀ ਹੈ, ਜੇ ਉਸ ਨੂੰ ਇਕ ਪਲ ਲਈ ਪਾਣੀ ਤੋਂ ਵਿਛੋੜ ਦਿਓ, ਉਹ ਤੜਫਣਾ ਸ਼ੁਰੂ ਕਰ ਦੇਂਦੀ ਹੈ, ਕੁਝ ਪਲ ਪਾਣੀ ਨਾਲ ਮਿਲਾਪ ਨਾ ਹੋਵੇ, ਉਸ ਦੀ ਮੌਤ ਹੋ ਜਾਂਦੀ ਹੈ। ਅਸਲ ਗੱਲ ਤਾਂ ਇਹ ਹੈ ਕਿ ਸਾਡਾ ਵੀ ਅਕਾਲ-ਪੁਰਖ ਨਾਲ ਐਸਾ ਪਿਆਰ ਪੈ ਜਾਵੇ ਕਿ ਇਕ ਪਲ ਵੀ ਉਸ ਦੀ ਯਾਦ ਭੁਲਣਾ ਬਰਦਾਸ਼ਤ ਨਾ ਹੋਵੇ।

ਸਤਿਗੁਰੂ ਦਾ ਦੂਸਰਾ ਪ੍ਰਮਾਣ ਵੀ ਲਾਮਿਸਾਲ ਹੈ, ਜਿਥੇ ਸਤਿਗੁਰੂ ਨੇ ਕੁੱਤੇ ਦਾ ਪ੍ਰਮਾਣ ਦਿੱਤਾ ਹੈ। ਸਤਿਗੁਰੂ ਨੇ ਆਪਣੀ ਬਾਣੀ ਵਿੱਚ ਕੁੱਤੇ ਦੇ ਦੋ ਪ੍ਰਮਾਣ ਦਿੱਤੇ ਹਨ। ਪਹਿਲਾ ਇਕ ਅਵਾਰਾ ਕੁੱਤੇ ਦਾ ਹੈ, ਜਿਸਦਾ ਕੋਈ ਮਾਲਕ ਨਹੀਂ, ਅਤੇ ਉਹ ਤ੍ਰਿਸ਼ਨਾ ਦਾ ਮਾਰਿਆ ਥਾਂ ਥਾਂ ਭਟਕਦਾ ਫਿਰਦਾ ਹੈ:

"ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ
ਨਹ ਸੁਧ ਰਾਮ ਭਜਨ ਕੀ ॥1॥"

(ਰਾਗੁ ਆਸਾ ਮਹਲਾ ੯, ਪੰਨਾ ੪੧੧)

(ਹੇ ਭਾਈ !) ਸੁਖ ਹਾਸਲ ਕਰਨ ਵਾਸਤੇ (ਇਹ ਮਨ) ਧਿਰ ਧਿਰ ਦੀ ਖ਼ੁਸ਼ਾਮਦ ਕਰਦਾ ਫਿਰਦਾ ਹੈ (ਤੇ ਇਸ ਤਰ੍ਹਾਂ ਸੁਖ ਦੇ ਥਾਂ ਸਗੋਂ) ਦੁੱਖ ਸਹਾਰਦਾ ਹੈ। ਕੁੱਤੇ ਵਾਂਗ ਹਰੇਕ ਦੇ ਦਰ ਤੇ ਭਟਕਦਾ ਫਿਰਦਾ ਹੈ ਇਸ ਨੂੰ ਪਰਮਾਤਮਾ ਦਾ ਭਜਨ ਕਰਨ ਦੀ ਕਦੇ ਸੁਝ ਹੀ ਨਹੀਂ ਪੈਂਦੀ ।1।

ਕਿਉਂਕਿ ਬਹੁਤੇ ਸਿੱਖਾਂ ਨੇ ਵੀ ਅਜੇ ਗੁਰਬਾਣੀ ਗੁਰੂ ਤੇ ਪੂਰਨ ਵਿਸ਼ਵਾਸ ਨਹੀਂ ਲਿਆਂਦਾ, ਜੀਵਨ ਪੂਰੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਨਹੀਂ ਹੋਇਆ, ਸਾਡੇ ਵਿੱਚੋਂ ਵੀ ਬਹੁਤਿਆਂ ਦੀ ਅਵਸਥਾ ਇਸ ਲਾਵਾਰਸ ਕੁੱਤੇ ਵਰਗੀ ਹੈ। ਦੂਸਰਾ ਪ੍ਰਮਾਣ ਸਤਿਗੁਰੂ ਨੇ ਉਸ ਕੁੱਤੇ ਦਾ ਦਿੱਤਾ ਹੈ ਜੋ ਮਾਲਕ ਦਾ ਪਾਲਤੂ ਹੈ, ਜੋ ਇਕ ਮਾਲਕ ਦਾ ਵਫਾਦਾਰ ਹੈ:

"ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥
ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕਿ ਚਿਤਿ॥"

(ਸਲੋਕ ਮਹਲਾ ੯, ਪੰਨਾ ੧੪੨੮)

ਹੇ ਨਾਨਕ ! (ਆਖ—ਹੇ ਭਾਈ !) ਇਕ-ਮਨ ਹੋ ਕੇ ਇਕ-ਚਿੱਤ ਹੋ ਕੇ

ਪਰਮਾਤਮਾ ਦਾ ਭਜਨ ਇਸੇ ਤਰੀਕੇ ਨਾਲ ਕਰਿਆ ਕਰੋ (ਕਿ ਉਸ ਦਾ ਦਰ ਕਦੇ ਛਡਿਆ ਹੀ ਨਾਹ ਜਾਏ) ਜਿਵੇਂ ਕੁੱਤਾ (ਆਪਣੇ) ਮਾਲਕ ਦਾ ਘਰ (ਘਰ ਦਾ ਬੂਹਾ) ਸਦਾ (ਮੱਲੀ ਰੱਖਦਾ ਹੈ) ਕਦੇ ਭੀ ਛਡਦਾ ਨਹੀਂ ਹੈ ।

ਹੁਣ ਸੋਚੀਏ ਕੁੱਤਾ ਕਿਹੜੇ ਆਸਣ ਵਿੱਚ ਬੈਠ ਕੇ ਮਾਲਕ ਦੇ ਨਾਂ ਦੇ ਰੱਟੇ ਲਾਉਂਦਾ ਹੈ? ਮੇਰਾ ਇਕ ਨਿੱਜੀ ਤਜਰਬਾ ਹੈ, ਬਹੁਤ ਪਹਿਲੇ ਮੈਂ ਇਕ ਕੁੱਤਾ ਪਾਲਿਆ ਹੋਇਆ ਸੀ, ਜਿਸ ਦੇ ਪਿੰਡੇ ਤੇ ਬਹੁਤ ਵੱਡੀ ਜੱਤ ਸੀ। ਘਰ ਵਿੱਚ ਛੋਟੇ ਬੱਚੇ ਹੋ ਗਏ ਜੋ ਹਰ ਵੇਲੇ ਕੁੱਤੇ ਨਾਲ ਖੇਡਦੇ। ਇਕ ਡਾਕਟਰ ਨੇ ਸਮਝਾਇਆ ਕਿ ਛੋਟੇ ਬੱਚਿਆਂ ਵਾਸਤੇ ਇਹ ਬਹੁਤ ਨੁਕਸਾਨ ਦੇਹ ਹੋ ਸਕਦਾ ਹੈ। ਜੇ ਕੁੱਤੇ ਦਾ ਵਾਲ ਕਿਸੇ ਬੱਚੇ ਦੇ ਅੰਦਰ ਚਲਾ ਗਿਆ ਤਾਂ ਉਸ ਨੂੰ ਕੋਈ ਵੱਡੀ ਬਿਮਾਰੀ ਲੱਗ ਸਕਦੀ ਹੈ । ਮੇਰਾ ਇਕ ਮਿੱਤਰ ਅਕਸਰ ਐਸੇ ਹੀ ਇਕ ਕੁੱਤੇ ਦੀ ਮੰਗ ਕਰਦਾ ਰਹਿੰਦਾ ਸੀ, ਮੈਂ ਉਸ ਨੂੰ ਪੁੱਛਿਆ ਕਿ ਕੀ ਉਹ ਇਹ ਕੁੱਤਾ ਰਖਣਾ ਚਾਹੇਗਾ? ਉਸ ਖੁਸ਼ੀ ਖੁਸ਼ੀ ਹਾਂ ਕਰ ਦਿੱਤੀ । ਮੈਂ ਆਪਣੇ ਪਾਲਤੂ ਕੁੱਤੇ ਨੂੰ ਉਸ ਦੇ ਘਰ ਛੱਡ ਆਇਆ, ਜੋ ਮੇਰੇ ਘਰ ਤੋਂ ਤਕਰੀਬਨ ਅਠ ਦਸ ਕਿਲੋਮੀਟਰ ਦੂਰ ਸੀ। ਕੁਝ ਘੰਟਿਆਂ ਬਾਅਦ ਮੇਰੇ ਮਿੱਤਰ ਦਾ ਫੋਨ ਆਇਆ ਕਿ ਜਿਸ ਵੇਲੇ ਦਾ ਆਇਆ ਹੈ, ਕੁੱਤਾ ਚਊਂ ਚਊਂ ਕਰੀ ਜਾਂਦਾ ਹੈ। ਮੈਂ ਕਿਹਾ, ਕੁਦਰਤੀ ਹਾਜਤ ਨਾ ਹੋਵੇ ਸੂੰ, ਸੰਗਲੀ ਫੜ ਕੇ ਥੋੜ੍ਹੀ ਦੇਰ ਬਾਹਰ ਘੁਮਾ ਲਿਆਓ। ਥੋੜ੍ਹੀ ਦੇਰ ਬਾਅਦ ਹੀ ਮਿੱਤਰ ਦਾ ਫੋਨ ਫਿਰ ਆਇਆ, ਬਾਹਰ ਲਿਜਾਣ ਲਈ ਜਿਉਂ ਹੀ ਮੈਂ ਸੰਗਲੀ ਖੋਲੀ, ਕੁੱਤੇ ਨੇ ਅਚਾਨਕ ਦੌੜ ਲਗਾ ਦਿੱਤੀ, ਤੇ ਪਤਾ ਨਹੀਂ ਕਿੱਥੇ ਦੌੜ ਗਿਆ ਹੈ। ਦੋ ਤਿਨ ਘੰਟਿਆਂ ਬਾਅਦ ਉਹ ਕੁੱਤਾ, ਪਤਾ ਨਹੀਂ ਕਿੱਥੋਂ, ਕਿਵੇਂ ਲੱਭ ਲਭਾ ਕੇ ਮੇਰੇ ਘਰ ਦੇ ਬਾਹਰ ਬੈਠਾ ਚਊਂ ਚਊਂ ਕਰ ਰਿਹਾ ਸੀ। **ਨਾਮ ਸਿਮਰਨ ਤਾਂ ਇਹ ਹੈ ਕਿ ਸਾਡਾ ਵੀ ਉਸ ਸੱਚੇ ਮਾਲਕ ਨਾਲ ਐਸਾ ਪਿਆਰ ਬਣ ਆਵੇ, ਅਸੀਂ ਵੀ ਉਸ ਮਾਲਕ ਦਾ ਦਰ ਕਦੇ ਨਾ ਛੱਡੀਏ, ਉਸ ਮਾਲਕ ਤੋਂ ਵਿਸ਼ਵਾਸ ਕਦੇ ਨਾ ਡੋਲੇ ਅਤੇ ਉਸ ਦੀ ਯਾਦ ਇਕ ਪਲ ਲਈ ਵੀ ਹਿਰਦੇ ਚੋਂ ਨਾ ਵਿਸਰੇ।**

ਸੋ ਦਰੁ, ਰਹਿਰਾਸ ਬਾਣੀ ਜੋ ਅਸੀਂ ਰੋਜ਼ ਨਿਤਨੇਮ ਦੇ ਤੌਰ ਤੇ ਪੜ੍ਹਦੇ ਹਾਂ, ਦੀਆਂ ਹੇਠਲੀਆਂ ਪੰਕਤੀਆਂ ਵਿੱਚੋਂ ਵੀ ਲਾਜੁਆਬ ਅਗਵਾਈ ਮਿਲਦੀ ਹੈ:

" ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ,
ਮਨ ਮਹਿ ਸਿਮਰਨੁ ਕਰਿਆ ॥2॥"

(ਰਾਗੁ ਗੂਜਰੀ ਮਹਲਾ ੫, ਪੰਨਾ ੧੦)

(ਹੇ ਮਨ ! ਵੇਖ ! ਕੂੰਜ) ਉੱਡ ਉੱਡ ਕੇ ਸੈਂਕੜੇ ਕੋਹਾਂ ਤੇ ਆ ਜਾਂਦੀ ਹੈ, ਪਿੱਛੇ ਉਸ ਦੇ ਬੱਚੇ (ਇਕੱਲੇ) ਛੱਡੇ ਹੋਏ ਹੁੰਦੇ ਹਨ । ਉਹਨਾਂ ਨੂੰ ਕੋਈ ਕੁਝ ਖੁਆਲਣ ਵਾਲਾ ਨਹੀਂ, ਕੋਈ ਉਹਨਾਂ ਨੂੰ ਚੋਗਾ ਨਹੀਂ ਚੁਗਾਂਦਾ । ਉਹ ਕੂੰਜ ਆਪਣੇ ਬੱਚਿਆਂ ਦਾ ਧਿਆਨ ਆਪਣੇ ਮਨ ਵਿਚ ਧਰਦੀ ਰਹਿੰਦੀ ਹੈ (ਤੇ, ਇਸੇ ਨੂੰ ਪ੍ਰਭੂ ਉਹਨਾਂ ਦੇ ਪਾਲਣ ਦਾ ਵਸੀਲਾ ਬਣਾਂਦਾ ਹੈ) ।3।

ਹੁਣ ਸੋਚੀਏ ! ਉਹ ਕੂੰਜ ਆਪਣੇ ਬੱਚਿਆਂ ਦਾ ਸਿਮਰਨ ਕਿਵੇਂ ਕਰਦੀ ਹੈ? ਕੀ ਉਹ ਕਿਸੇ ਵਿਸ਼ੇਸ਼ ਆਸਣ ਵਿੱਚ ਬੈਠ ਕੇ ਆਪਣੇ ਬੱਚਿਆਂ ਦੇ ਨਾਂ ਦੇ ਰੱਟੇ ਲਾਉਂਦੀ ਹੈ ? ਨਹੀਂ ਉਸ ਦਾ ਧਿਆਨ ਹਰ ਵੇਲੇ ਆਪਣੇ ਬੱਚਿਆਂ ਵਿੱਚ ਰਹਿੰਦਾ ਹੈ। ਉਸ ਦੇ ਹਿਰਦੇ ਚੋਂ ਆਪਣੇ ਬੱਚਿਆਂ ਦੀ ਸਲਾਮਤੀ ਵਾਸਤੇ ਅਕਾਲ-ਪੁਰਖ ਅਗੇ ਜੋਦੜੀਆਂ ਨਿਕਲਦੀਆਂ ਹੋਣਗੀਆਂ।

ਨਾਮ ਸਿਮਰਨ ਦੇ ਤਰੀਕੇ ਨੂੰ ਸਤਿਗੁਰੂ ਨੇ ਗੁਰਬਾਣੀ ਦੇ ਹੇਠ ਲਿਖੇ ਪ੍ਰਮਾਣ ਵਿੱਚ ਬਹੁਤ ਹੀ ਸਪਸ਼ਟ ਕਰ ਦਿੱਤਾ ਹੈ:

"ਗੁਨ ਕਹੁ ਹਰਿ ਲਹੁ ਕਰਿ ਸੇਵਾ ਸਤਿਗੁਰ
ਇਵ ਹਰਿ ਹਰਿ ਨਾਮੁ ਧਿਆਈ ॥"

{ਧਨਾਸਰੀ ਮਹਲਾ ੪, ਪੰਨਾ ੬੬੯}

ਹੇ ਭਾਈ ! ਪਰਮਾਤਮਾ ਦੇ ਗੁਣ ਯਾਦ ਕਰਿਆ ਕਰ । (ਇਸ ਤਰ੍ਹਾਂ) ਪਰਮਾਤਮਾ ਨੂੰ ਮਿਲਣ ਦਾ ਜਤਨ ਕਰਦਾ ਰਹੁ । ਗੁਰੂ ਦੀ (ਦੱਸੀ) ਸੇਵਾ ਕਰਿਆ ਕਰ । ਇਸ ਤਰੀਕੇ ਨਾਲ ਸਦਾ ਹਰੀ ਦਾ ਨਾਮ ਸਿਮਰਦਾ ਰਹੁ ।

ਅਸਲ ਵਿਚ ਗੁਰਬਾਣੀ ਵਿਚਾਰ ਕੇ ਸ਼ਰਧਾ ਨਾਲ ਪੜ੍ਹਨ ਨਾਲ ਹਰ ਦਿਨ ਅਕਾਲ ਪੁਰਖ ਵਾਹਿਗੁਰੂ ਦੀ ਹੋਂਦ ਅਤੇ ਸਮਰੱਥਾ ਤੇ ਪੂਰਨ ਵਿਸ਼ਵਾਸ ਹੋਈ ਜਾਂਦਾ ਹੈ, ਹਰ ਦਿਨ ਕਰਮ ਨਿਰਮਲ ਹੋਈ ਜਾਂਦੇ ਹਨ, ਜੀਵਨ ਵਿੱਚ ਮਿਠਾਸ ਭਰੀ ਜਾਂਦੀ ਹੈ। ਫਿਰ ਮਨ ਸਦਾ ਉਸ ਵੱਡੇ ਸਾਹਿਬ ਦੇ ਗੁਣ ਗਾਉਂਦਾ ਰਹਿਣਾ ਚਾਹੁੰਦਾ ਹੈ। ਹਰ ਕਰਮ ਗੁਰਮਤਿ ਅਨੁਸਾਰ ਕਰਨਾ ਲੋਚਦਾ ਹੈ। ਪਤਾ ਹੀ ਨਹੀਂ ਲਗਦਾ ਕਦੋਂ ਅਕਾਲ-ਪੁਰਖ ਦੀ ਮਿਹਰਮਤ ਹੋ ਜਾਂਦੀ ਹੈ ਅਤੇ ਵਾਹਿਗੁਰੂ (ਨਾਮ)ਹਿਰਦੇ ਵਿਚ ਵੱਸ ਜਾਂਦਾ ਹੈ ਫਿਰ ਮਨ ਸਦਾ ਉਸ ਦੇ ਭਾਣੇ ਵਿੱਚ ਵਿਗਾਸ ਦੀ ਅਵਸਥਾ ਵਿਚ ਰਹਿੰਦਾ ਹੈ।

ਕੀ ਕੇਵਲ ਵਾਹਿਗੁਰੂ ਸ਼ਬਦ ਹੀ ਗੁਰਮੰਤ੍ਰ ਹੈ ?

ਹੁਣ ਇਕ ਵੱਡਾ ਸੁਆਲ ਸਾਹਮਣੇ ਆ ਗਿਆ, ਕਿ ਕੀ ਫਿਰ ਵਾਹਿਗੁਰੂ ਵਾਹਿਗੁਰੂ ਤੋਤੇ ਵਾਂਗ ਰਟਣ ਦੀ ਕੋਈ ਲੋੜ ਨਹੀਂ ?

ਦੂਸਰਾ ਉਸ ਤੋਂ ਵੀ ਪਹਿਲਾਂ ਵਿਚਾਰਨ, ਸਮਝਣ ਵਾਲੀ ਗੱਲ ਹੈ, ਕਿ ਕੀ ਕੇਵਲ ਵਾਹਿਗੁਰੂ ਹੀ ਨਾਮ ਹੈ? ਆਓ ਸਭ ਤੋਂ ਪਹਿਲਾਂ ਸਤਿਗੁਰੂ ਨਾਨਕ ਪਾਤਿਸ਼ਾਹ ਦੀਆਂ ਹੇਠਲੀਆਂ ਪੰਕਤੀਆਂ ਵਿਚਾਰੀਏ:

"ਨਾਨਕੁ ਵੇਚਾਰਾ ਕਿਆ ਕਹੈ ॥ ਸਭੁ ਲੋਕੁ ਸਲਾਹੇ ਏਕਸੈ ॥
ਸਿਰੁ ਨਾਨਕ ਲੋਕਾ ਪਾਵ ਹੈ ॥
ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥4॥2॥"

{ਮਹਲਾ ੧ ਬਸੰਤੁ, ਪੰਨਾ ੧੧੬੮}

(ਨਿਰਾ ਮੈਂ ਨਾਨਕ ਹੀ ਨਹੀਂ ਆਖ ਰਿਹਾ ਕਿ ਤੂੰ ਬੇਅੰਤ ਹੈਂ) ਗ਼ਰੀਬ ਨਾਨਕ ਕੀਹ ਆਖ ਸਕਦਾ ਹੈ ? ਸਾਰਾ ਸੰਸਾਰ ਹੀ ਤੈਨੂੰ ਇੱਕ ਨੂੰ ਸਲਾਹ ਰਿਹਾ ਹੈ (ਤੇਰੀਆਂ ਸਿਫ਼ਤਾਂ ਕਰ ਰਿਹਾ ਹੈ) । ਹੇ ਪ੍ਰਭੂ ! ਜੇਹੜੇ ਬੰਦੇ ਤੇਰੀ ਸਿਫਤਿ-ਸਾਲਾਹ ਕਰਦੇ ਹਨ, ਮੈਂ ਨਾਨਕ ਦਾ ਸਿਰ ਉਹਨਾਂ ਦੇ ਕਦਮਾਂ ਤੇ ਹੈ । ਹੇ ਪ੍ਰਭੂ ! ਜਿਤਨੇ ਭੀ ਤੇਰੇ ਨਾਮ ਹਨ ਮੈਂ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ (ਤੇਰੇ ਇਹ ਬੇਅੰਤ ਨਾਮ ਤੇਰੇ ਬੇਅੰਤ ਗੁਣਾਂ ਨੂੰ ਵੇਖ ਵੇਖ ਕੇ ਤੇਰੇ ਬੰਦਿਆਂ ਨੇ ਬਣਾਏ ਹਨ) ।4।2।

"ਤਉ ਕਾਰਣਿ ਸਾਹਿਬਾ ਰੰਗਿ ਰਤੇ ॥
ਤੇਰੇ ਨਾਮ ਅਨੇਕਾ ਰੂਪ ਅਨੰਤਾ
ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥1॥"

{ਆਸਾ ਘਰੁ ੪ ਮਹਲਾ ੧, ਪੰਨਾ ੩੫੮}

ਹੇ ਮੇਰੇ ਮਾਲਿਕ ! ਤੈਨੂੰ ਮਿਲਣ ਲਈ ਅਨੇਕਾਂ ਬੰਦੇ ਤੇਰੇ ਪਿਆਰ ਵਿਚ ਰੰਗੇ ਰਹਿੰਦੇ ਹਨ । ਤੇਰੇ ਅਨੇਕਾਂ ਨਾਮ ਹਨ, ਤੇਰੇ ਬੇਅੰਤ ਰੂਪ ਹਨ, ਤੇਰੇ ਬੇਅੰਤ ਹੀ ਗੁਣ ਹਨ, ਕਿਸੇ ਭੀ ਪਾਸੋਂ ਬਿਆਨ ਨਹੀਂ ਕੀਤੇ ਜਾ ਸਕਦੇ ।1।

ਸਤਿਗੁਰੂ ਨੇ ਗਲ ਸਪਸ਼ਟ ਕਰ ਦਿੱਤੀ ਹੈ ਕਿ ਅਕਾਲ-ਪੁਰਖ ਦੇ ਬੇਅੰਤ ਨਾਮ ਹਨ। ਕਿਉਂਕਿ ਅਕਾਲ-ਪੁਰਖ ਬੇਅੰਤ ਗੁਣਾਂ ਦਾ ਮਾਲਕ ਹੈ, ਇਹ ਨਾਮ ਅਸੀਂ ਜੀਵਾਂ ਨੇ ਅਕਾਲ-ਪੁਰਖ ਦੇ ਗੁਣਾਂ ਨੂੰ ਵੇਖ ਕੇ ਰਖ ਲਏ ਹਨ:

"ਕਿਰਤਮ ਨਾਮ ਕਥੇ ਤੇਰੇ ਜਿਹਬਾ ॥

ਸਤਿ ਨਾਮੁ ਤੇਰਾ ਪਰਾ ਪੂਰਬਲਾ ॥" {ਮਾਰੂ ਮਹਲਾ ੫,ਪੰਨਾ ੧੦੮੩}

ਹੇ ਪ੍ਰਭੂ ! (ਸਾਡੀ ਜੀਵਾਂ ਦੀ) ਜੀਭ ਤੇਰੇ ਉਹ ਨਾਮ ਉਚਾਰਦੀ ਹੈ ਜੋ ਨਾਮ (ਤੇਰੇ ਗੁਣ ਵੇਖ ਵੇਖ ਕੇ ਜੀਵਾਂ ਨੇ) ਬਣਾਏ ਹੋਏ ਹਨ । ਪਰ 'ਸਤਿਨਾਮੁ' ਤੇਰਾ ਮੁੱਢ-ਕਦੀਮਾਂ ਦਾ ਨਾਮ ਹੈ (ਭਾਵ, ਤੂੰ 'ਹੋਂਦ ਵਾਲਾ' ਹੈਂ, ਤੇਰੀ ਇਹ 'ਹੋਂਦ' ਜਗਤ-ਰਚਨਾ ਤੋਂ ਪਹਿਲਾਂ ਭੀ ਮੌਜੂਦ ਸੀ) ।

ਇਸੇ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਕਾਲ-ਪੁਰਖ ਨੂੰ ਕਈ ਨਾਵਾਂ ਨਾਲ ਯਾਦ ਕੀਤਾ ਗਿਆ ਹੈ। ਜਿਵੇਂ:

"ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥"
{ਰਾਗੁ ਸਿਰੀਰਾਗੁ ਮਹਲਾ ਪਹਿਲਾ ੧, ਪੰਨਾ ੧੪}

ਹਰਿ- ਹਰਿਆਵਲ ਕਰਨ ਵਾਲਾ ।

"ਜੀਅ ਰੇ, ਰਾਮ ਜਪਤ ਮਨੁ ਮਾਨੁ ॥"
{ਸਿਰਿ ਰਾਗੁ ਮਹਲਾ ੧, ਪੰਨਾ ੨੧}

ਰਾਮ- ਰਮਿਆ ਹੋਇਆ, ਕਣ ਕਣ ਵਿੱਚ ਸਮਾਇਆ ਹੋਇਆ।

"ਰਸ ਕਸ ਆਪੁ ਸਲਾਹਣਾ, ਏ ਕਰਮ ਮੇਰੇ ਕਰਤਾਰ ॥"
{ਸਿਰੀ ਰਾਗੁ ਮਹਲਾ ੧, ਪੰਨਾ ੧੫}

ਕਰਤਾਰ- ਕਰਨ ਵਾਲਾ, ਰਚਨ ਵਾਲਾ।

"ਗਿਆਨ ਧਿਆਨ ਪੂਰਨ ਪਰਮੇਸੁਰ
ਪ੍ਰਭੁ ਸਭਨਾ ਗਲਾ ਜੋਗਾ ਜੀਉ ॥"
{ਮਾਝ ਮਹਲਾ ੫, ਪੰਨਾ ੧੦੮}

ਪਰਮੇਸੁਰ—ਪਰਮ ਈਸ਼ੂਰ, ਸਭ ਤੋਂ ਵੱਡਾ ਮਾਲਕ ।

"ਮਧੁਸੂਦਨ ਮੇਰੇ ਮਨ ਤਨ ਪ੍ਰਾਨਾ ॥
ਹਉ ਹਰਿ ਬਿਨੁ ਦੂਜਾ ਅਵਰੁ ਨ ਜਾਨਾ ॥"
{ਮਾਝ ਮਹਲਾ ੪, ਪੰਨਾ ੯੪}

ਮਧੁਸੂਦਨ—ਮਧੂ ਦੈਂਤ ਨੂੰ ਮਾਰਨ ਵਾਲਾ, ਭਾਵ ਸਭ ਤੋਂ ਸ਼ਕਤੀਸ਼ਾਲੀ,

ਅਕਾਲ-ਪੁਰਖ।

"ਮੋਹਨ ਨਾਮੁ ਸਦਾ ਰਵਿ ਰਹਿਓ ॥
ਕੋਟਿ ਮਧੇ ਕਿਨੈ ਗੁਰਮੁਖਿ ਲਹਿਓ ॥"

{ਗਉੜੀ ਮਹਲਾ ੫,ਪੰਨਾ ੨੪੧}

ਮੋਹਨ—ਮਨ ਨੂੰ ਮੋਹ ਲੈਣ ਵਾਲਾ ।

"ਪੇਈਅੜੈ ਜਗ ਜੀਵਨੁ ਦਾਤਾ ਮਨਮੁਖਿ ਪਤਿ ਗਵਾਈ ॥"

{ਸਿਰੀਰਾਗੁ ਮਹਲਾ ੩, ਪੰਨਾ ੬੪}

ਜਗ ਜੀਵਨ—ਜਗਤ ਦਾ ਜੀਵਨ-ਆਸਰਾ ।

"ਮੇਰੇ ਮਾਧਉ ਜੀ, ਸਤਸੰਗਤਿ ਮਿਲੇ ਸੁ ਤਰਿਆ ॥"

{ਰਾਗੁ ਗੂਜਰੀ ਮਹਲਾ ੫, ਪੰਨਾ ੧੦}

ਮਾਧਉ ਜੀ—ਹੇ ਪ੍ਰਭੂ ਜੀ । ਹੇ ਮਾਇਆ ਦੇ ਪਤੀ ਜੀ । {ਮਾਧਉ—ਮਾ-ਧਵ । ਮਾ—ਮਾਇਆ । ਧਵ—ਪਤੀ}

"ਮਿਲੁ ਮੇਰੇ ਬੀਠੁਲਾ, ਲੈ ਬਾਹੜੀ ਵਲਾਇ ॥ ॥
ਮਿਲੁ ਮੇਰੇ ਰਮਈਆ, ਮੈ ਲੇਹਿ ਛਡਾਇ" ॥

{ਸਿਰੀ ਰਾਗੁ ਤ੍ਰਿਲੋਚਨ ਕਾ, ਪੰਨਾ ੯੨}

ਲਫ਼ਜ਼ "ਬੀਠਲ" ਸੰਸਕ੍ਰਿਤ ਦੇ ਲਫ਼ਜ਼ ('ਵਿਸ਼ਠਲ') ਦਾ ਪ੍ਰਾਕ੍ਰਿਤ ਰੂਪ ਹੈ। "ਵਿ+ਸਥਲ" । ਵਿ—ਪਰੇ, ਮਾਇਆ ਤੋਂ ਪਰੇ । ਸਥਲ-ਟਿਕਿਆ ਹੋਇਆ ਹੈ । ਵਿ+ਸਥਲ, ਵਿਸ਼ਠਲ, ਬੀਠਲਾ—ਉਹ ਪ੍ਰਭੂ ਜੋ ਮਾਇਆ ਦੇ ਪ੍ਰਭਾਵ ਤੋਂ ਦੂਰ ਪਰੇ ਟਿਕਿਆ ਹੋਇਆ ਹੈ । ਇਹ ਲਫ਼ਜ਼ ਸਤਿਗੁਰੂ ਜੀ ਨੇ ਭੀ ਕਈ ਵਾਰੀ ਵਰਤਿਆ ਹੈ, ਤੇ, ਸਰਬ-ਵਿਆਪਕ ਪਰਮਾਤਮਾ ਵਾਸਤੇ ਹੀ ਵਰਤਿਆ ਹੈ ।ਰਮਈਆ-ਰਮਿਆ ਹੋਇਆ, ਸਰਬਵਿਆਪੀ।

ਸਤਿਗੁਰੂ ਨੇ ਆਪ ਹੀ ਬੜਾ ਸਪਸ਼ਟ ਨਿਰਣਾ ਕੀਤਾ ਹੋਇਆ ਹੈ ਕਿ ਅਕਾਲ-ਪੁਰਖ ਦਾ ਕੋਈ ਇਕ ਨਾਮ ਨਹੀਂ। ਉਂਝ ਵੀ ਅਸੀਂ ਦੁਨਿਆਵੀ ਪੱਖ ਤੋਂ ਵੇਖੀਏ, ਤਾਂ ਨਾਂਅ ਕਿਸੇ ਵਿਅਕਤੀ ਦੀ ਸਮੁਚੀ ਸ਼ਖਸੀਅਤ ਦਾ ਪ੍ਰਤੀਕ ਹੁੰਦਾ ਹੈ। ਪ੍ਰਮਾਣ ਦੇ ਤੌਰ ਤੇ: ਜੇ ਸਾਡੇ ਕਿਸੇ ਮਿੱਤਰ ਦਾ ਨਾਂਅ ਰਵਿੰਦਰ ਸਿੰਘ ਹੋਵੇ। ਜਿਵੇਂ

ਹੀ ਰਵਿੰਦਰ ਸਿੰਘ ਨਾਂਅ ਅਸੀਂ ਬੋਲਦੇ ਹਾਂ ਜਾਂ ਉਸ ਦਾ ਧਿਆਨ ਕਰਦੇ ਹਾਂ, ਰਵਿੰਦਰ ਸਿੰਘ ਦੀ ਪੂਰੀ ਸ਼ਖਸੀਅਤ ਸਾਡੇ ਸਾਹਮਣੇ ਆ ਜਾਂਦੀ ਹੈ। ਮਨ ਲਓ ਕਿ ਉਸ ਦਾ ਨਾਂਅ ਰਵਿੰਦਰ ਸਿੰਘ ਦੀ ਬਜਾਏ ਬਲਬੀਰ ਸਿੰਘ ਹੋਵੇ ਤਾਂ ਵੀ ਕੋਈ ਫਰਕ ਨਹੀਂ ਪਵੇਗਾ, ਜਦੋਂ ਅਸੀਂ ਬਲਬੀਰ ਸਿੰਘ ਨਾਂਅ ਲਵਾਂਗੇ ਜਾਂ ਉਸ ਦਾ ਧਿਆਨ ਕਰਾਂਗੇ, ਉਹੀ ਸ਼ਖਸੀਅਤ ਸਾਡੇ ਸਾਹਮਣੇ ਆ ਜਾਵੇਗੀ। ਇਸੇ ਤਰ੍ਹਾਂ ਕੋਈ ਵੀ ਨਾਂਅ ਜਿਸ ਦਾ ਧਿਆਨ ਆਉਂਦਿਆਂ, ਅਸੀਂ, ਅਕਾਲ-ਪੁਰਖ ਦੇ ਉਹ ਅਟੱਲ ਨੇਮ, ਜਿਨ੍ਹਾਂ ਨਾਲ ਸੰਸਾਰ ਦਾ ਸਾਰਾ ਸਿਲਸਿਲਾ ਚਲ ਰਿਹਾ ਹੈ, ਉਹ ਹੁਕਮ ਜੋ ਸਦੀਵ ਕਾਲ ਤੋਂ ਸ੍ਰਿਸ਼ਟੀ ਵਿੱਚ ਵਰਤ ਰਿਹਾ ਹੈ, ਅਕਾਲ-ਪੁਰਖ ਦੇ ਉਹ ਬੇਅੰਤ ਗੁਣ ਜਿਨ੍ਹਾਂ ਦੀ ਕੋਈ ਥਾਹ ਨਹੀਂ ਪਾਈ ਜਾ ਸਕਦੀ, ਨਾਲ ਜੁੜ ਜਾਂਦੇ ਹਾਂ, ਉਹੀ ਸ਼ਬਦ ਨਾਮ ਹੈ। ਇਸ ਲਈ ਇਹ ਸਮਝਣਾ ਕਿ ਕੇਵਲ ਵਾਹਿਗੁਰੂ ਸ਼ਬਦ ਹੀ ਨਾਮ ਹੈ ਅਤੇ ਕੇਵਲ ਵਾਹਿਗੁਰੂ ਵਾਹਿਗੁਰੂ ਰਟਨ ਵਾਲਿਆਂ ਦਾ ਜੀਵਨ ਹੀ ਸਫਲ ਹੋਵੇਗਾ, ਵੱਡੀ ਭੁੱਲ ਹੈ। ਸਾਰੇ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਵੀ ਇਕ ਵਾਰੀ ਵੀ ਨਹੀਂ ਆਉਂਦਾ ਕਿ ਕੇਵਲ ਵਾਹਿਗੁਰੂ ਹੀ ਗੁਰਮੰਤ੍ਰ ਹੈ, ਬਲਕਿ ਪਾਵਨ ਗੁਰਬਾਣੀ ਤਾਂ ਫੁਰਮਾਉਂਦੀ ਹੈ:

"ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥"

{ਸਲੋਕ ਮਃ੩,ਪੰਨਾ ੮੫੩}

ਹੇ ਪ੍ਰਭੂ ! (ਵਿਕਾਰਾਂ ਵਿਚ) ਸੜ ਰਹੇ ਸੰਸਾਰ ਨੂੰ ਆਪਣੀ ਮਿਹਰ ਕਰ ਕੇ ਬਚਾ ਲੈ, ਜਿਸ ਭੀ ਤਰੀਕੇ ਨਾਲ ਇਹ ਬਚ ਸਕਦਾ ਹੋਵੇ ਉਸੇ ਤਰ੍ਹਾਂ ਬਚਾ ਲੈ ।

ਹਰ ਕੌਮ ਨੇ ਅਕਾਲ-ਪੁਰਖ ਵਾਸਤੇ ਆਪਣਾ ਕੋਈ ਨਾਮ ਨੀਯਤ ਕੀਤਾ ਹੁੰਦਾ ਹੈ। ਇਹ ਕੌਮ ਨੂੰ ਇਕ ਨੇਮ ਵਿੱਚ ਨੇਮਬੰਦ ਕਰਨ ਲਈ ਜ਼ਰੂਰੀ ਵੀ ਹੈ। ਜਿਵੇਂ ਮੁਸਲਮਾਨ ਅਕਾਲ-ਪੁਰਖ ਨੂੰ ਅੱਲਾ ਯਾ ਖੁਦਾ ਕਹਿੰਦੇ ਹਨ, ਇਸਾਈ ਗਾਡ ਕਹਿੰਦੇ ਹਨ, ਹਿੰਦੂ ਕੌਮ ਵਿੱਚ ਕਿਉਂਕਿ ਇਕ ਪ੍ਰਮਾਤਮਾ ਦੀ ਬਜਾਏ ਕਈ ਦੇਵੀ, ਦੇਵਤਿਆਂ, ਅਵਤਾਰਾਂ ਦੀ ਪੂਜਾ ਦਾ ਵਿਧਾਨ ਹੈ, ਇਸ ਲਈ ਉਹ ਕਈ ਨਾਵਾਂ ਵਿੱਚ ਉਲਝੇ ਰਹਿੰਦੇ ਹਨ। ਸਿੱਖ ਕੌਮ ਪੂਰੀ ਤਰ੍ਹਾਂ ਇਕ ਈਸ਼ਵਰੀਵਾਦ ਵਿੱਚ ਵਿਸ਼ਵਾਸ ਰੱਖਦੀ ਹੈ, ਸਿੱਖ ਕੌਮ ਨੇ ਵਾਹਿਗੁਰੂ ਸ਼ਬਦ ਮਿਥਿਆ ਹੋਇਆ ਹੈ। ਭਾਈ ਗੁਰਦਾਸ ਜੀ ਦੀਆਂ ਇਹ ਪੰਕਤੀਆਂ, 'ਵਾਹਿਗੁਰੂ ਗੁਰੂ ਮੰਤ੍ਰ ਹੈ ਜਪ ਹਉਮੈਂ ਖੋਈ॥' (13-2-5) ਦਾ ਵੀ ਇਹੀ ਭਾਵ ਹੈ ਕਿ ਸਿੱਖ ਨੇ ਜਿਸ ਸ਼ਬਦ ਦੁਆਰਾ ਅਕਾਲ ਪੁਰਖ ਨੂੰ ਧਿਆਉਣਾਂ ਹੈ ਉਹ 'ਸ਼ਬਦ' ਵਾਹਿਗੁਰੂ ਹੈ। ਏਥੇ ਲਫ਼ਜ਼ 'ਵਾਹਿਗੁਰੂ' 'ਗੁਰਮੰਤਰ' ਨਹੀਂ। ਵਾਹਿਗੁਰੂ ਨੂੰ ਚੇਤੇ ਰੱਖਣਾ 'ਗੁਰਮੰਤਰ' ਹੈ। ਹੁਣ ਸਾਡੀ ਇਹ ਅਲੱਗ ਸਮੱਸਿਆ ਹੈ ਕਿ ਜਪਣ

ਦਾ ਤਰੀਕਾ ਸਤਿਗੁਰੂ ਕੋਲੋਂ ਪੁੱਛਣ ਦੀ ਬਜਾਏ, ਅਸੀਂ ਸਥਾਪਤ ਬ੍ਰਾਹਮਣੀ ਕਿਰਿਆ ਅਨੁਸਾਰ ਹੀ ਰਟੀ ਜਾ ਰਹੇ ਹਾਂ।

ਇਹ ਵੀ ਇਕ ਅਲੱਗ ਵੱਡਾ ਵਿਸ਼ਾ ਹੈ, ਜਿਸਨੂੰ ਇਥੇ ਬਹੁਤੇ ਵਿਸਥਾਰ ਨਾਲ ਤਾਂ ਨਹੀਂ ਵਿਚਾਰਿਆ ਜਾ ਸਕਦਾ ਪਰ ਕੁਝ ਸੰਕੇਤਕ ਗੱਲਾਂ ਕਰਨੀਆਂ ਜ਼ਰੂਰੀ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਸਾਰੇ ਐਸੇ ਸ਼ਬਦ ਆਉਂਦੇ ਹਨ, ਜੋ ਪੁਰਾਤਨ ਬ੍ਰਾਹਮਣੀ ਗ੍ਰੰਥਾਂ ਵਿੱਚੋਂ ਹਨ, ਪਰ ਜਦੋਂ ਉਨ੍ਹਾਂ ਨੂੰ ਗੁਰਬਾਣੀ ਵਿੱਚ ਵਰਤਿਆ ਗਿਆ ਹੈ, ਤਾਂ ਉਨ੍ਹਾਂ ਦੇ ਭਾਵ ਅਰਥ ਜਾਂ ਸੰਕਲਪ ਬਿਲਕੁਲ ਅਲੱਗ ਹੈ। ਜਿਵੇਂ ਬ੍ਰਾਹਮਣੀ ਵਿਚਾਧਾਰਾ ਵਿੱਚ 'ਮੁਕਤੀ' ਮਰਨ ਤੋਂ ਬਾਅਦ ਦੀ ਕਿਰਿਆ ਹੈ, ਜਦਕਿ ਗੁਰਮਤਿ, 'ਜੀਵਨ ਮੁਕਤਿ' ਦਾ ਸਿਧਾਂਤ ਮੰਨਦੀ ਹੈ:

"ਆਪੁ ਪਛਾਣੈ ਮਨੁ ਨਿਰਮਲੁ ਹੋਇ ॥
ਜੀਵਨ ਮੁਕਤਿ ਹਰਿ ਪਾਵੈ ਸੋਇ ॥"

{ਗਉੜੀ ਮਹਲਾ ੩ ਗੁਆਰੇਰੀ, ਪੰਨਾ ੧੬੧}

"ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥7॥"

{ਗਉੜੀ ਸੁਖਮਨੀ ਮਃ ੫, ਪੰਨਾ ੨੭੫}

ਇਸੇ ਤਰ੍ਹਾਂ ਬ੍ਰਾਹਮਣੀ ਵਿਚਾਰਧਾਰਾ ਵਿੱਚ 'ਮੰਤ੍ਰ' ਦਾ ਸੰਕਲਪ ਕਰਾਮਾਤ ਤੇ ਜਾਦੂ ਵਾਲਾ ਸਿਧਾਂਤ ਹੈ, ਜਿਸ ਅਨੁਸਾਰ ਕੁਝ ਸ਼ਬਦ, ਪੰਕਤੀਆਂ ਜਾਂ ਬੰਦ, ਅਲੱਗ ਅਲੱਗ ਫਲ ਪ੍ਰਾਪਤ ਕਰਨ ਲਈ ਮਿੱਥੇ ਹੋਏ ਹਨ। ਸਮਝਿਆ ਜਾਂਦਾ ਹੈ ਕਿ ਇਨ੍ਹਾਂ ਸ਼ਬਦਾਂ ਜਾਂ ਪੰਕਤੀਆਂ ਦਾ ਗਿਣਤੀਆਂ ਮਿਣਤੀਆਂ ਅਨੁਸਾਰ ਬਾਰ ਬਾਰ ਰਟਨ ਕਰਨ ਨਾਲ ਸੰਬੰਧਤ ਫਲ ਦੀ ਪ੍ਰਾਪਤੀ ਹੋਵੇਗੀ। ਗੁਰਬਾਣੀ ਇਸ ਤਰ੍ਹਾਂ ਦੇ ਕਿਸੇ 'ਮੰਤ੍ਰ ਜਾਪ' ਦਾ ਪੂਰਨ ਰੂਪ ਵਿੱਚ ਖੰਡਨ ਕਰਦੀ ਹੈ:

"ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥
ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰਸਬਦੀ ਸਚੁ ਜਾਨਿਆ ॥4॥"

{ਸੂਹੀ ਮਹਲਾ ੧, ਪੰਨਾ ੭੬੬}

(ਪਰਮਾਤਮਾ ਦਾ ਪਿਆਰ ਪ੍ਰਾਪਤ ਕਰਨ ਲਈ) ਮੈਂ ਕੋਈ ਜਾਦੂ-ਟੂਣਾ ਕੋਈ ਮੰਤ੍ਰ ਆਦਿਕ ਪਖੰਡ ਕਰਨਾ ਨਹੀਂ ਜਾਣਦੀ । ਮੈਂ ਤਾਂ ਕੇਵਲ ਉਸ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾਇਆ ਹੈ, ਮੇਰਾ ਮਨ ਉਸ ਦੀ ਯਾਦ ਵਿਚ ਗਿੱਝ ਗਿਆ ਹੈ । ਪ੍ਰਭੂ-ਪਤੀ ਨੂੰ ਪ੍ਰਸੰਨ ਕਰਨ ਵਾਸਤੇ ਉਸ ਦਾ ਨਾਮ ਹੀ ਸੁਰਮਾ ਹੈ, ਇਸ ਸੁਰਮੇ ਦੀ ਸੂਝ ਭੀ ਉਸੇ ਪਾਸੋਂ ਮਿਲਦੀ ਹੈ । (ਜਿਸ ਜੀਵ ਨੂੰ ਇਹ ਸੂਝ ਪੈ ਜਾਂਦੀ ਹੈ ਉਹ) ਗੁਰੂ ਦੇ ਸ਼ਬਦ ਵਿਚ ਜੁੜ ਕੇ ਉਸ ਸਦਾ-ਥਿਰ ਪ੍ਰਭੂ ਨਾਲ ਡੂੰਘੀ ਸਾਂਝ ਪਾ ਲੈਂਦੀ ਹੈ ।4।

"ਜਿਨੀ ਨਾਮੁ ਵਿਸਾਰਿਆ, ਕਿਆ ਜਪੁ ਜਾਪਹਿ ਹੋਰਿ ॥
ਬਿਸਟਾ ਅੰਦਰਿ ਕੀਟ ਸੇ, ਮੁਠੇ ਧੰਧੈ ਚੋਰਿ ॥
ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚ ਹੋਰਿ ॥"

(ਮ: ੩ -ਪੰਨਾ ੧੨੪੭)

ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਦਾ ਨਾਮ ਵਿਸਾਰਿਆ ਹੈ, ਕਿਸੇ ਹੋਰ ਰਸ ਵਿਚ ਪੈ ਕੇ ਜਪ, ਜਪਣ ਦਾ, ਉਹਨਾਂ ਨੂੰ ਕੋਈ ਲਾਭ ਨਹੀਂ ਹੋ ਸਕਦਾ, ਕਿਉਂਕਿ ਜਿਨ੍ਹਾਂ ਨੂੰ ਦੁਨੀਆ ਦੇ ਜੰਜਾਲ-ਰੂਪ ਚੋਰ ਨੇ ਠੱਗਿਆ ਹੋਇਆ ਹੈ ਉਹ (ਇਉਂ ਵਿਲੂੰ ਵਿਲੂੰ ਕਰਦੇ) ਹਨ ਜਿਵੇਂ ਵਿਸ਼ਟੇ ਵਿਚ ਕੀੜੇ । ਹੇ ਨਾਨਕ ! (ਇਹੀ ਅਰਦਾਸ ਕਰ ਕਿ) ਪ੍ਰਭੂ ਦਾ ਨਾਮ ਨਾਹ ਭੁੱਲੇ, ਹੋਰ ਸਾਰੇ ਲਾਲਚ ਵਿਅਰਥ ਹਨ।

ਇਤਨੇ ਸਪਸ਼ਟ ਪ੍ਰਮਾਣਾਂ ਦੇ ਬਾਵਜੂਦ ਅਜ ਵੀ ਬਹੁਤਾ ਸਿੱਖ ਜਗਤ ਗੁਰਬਾਣੀ ਨੂੰ ਵੀ ਮੰਤ੍ਰਾਂ ਵਾਂਗ ਰਟਨ ਤੇ ਲੱਗਾ ਹੋਇਆ ਹੈ। ਦੂਸਰੇ ਪਾਸੇ ਜਿਨ੍ਹਾਂ ਨੂੰ ਇਸ ਗਲ ਦੀ ਕੁਝ ਸੋਝੀ ਆ ਗਈ, ਉਹ ਅਕਸਰ ਹਰ ਉਹ ਸ਼ਬਦ ਜਿਥੇ ਵੀ ਮੰਤੁ ਜਾਂ ਮੰਤ੍ਰ ਸ਼ਬਦ ਆਉਂਦਾ ਹੈ, ਉਸ ਨੂੰ ਰੱਦ ਕਰ ਦੇਂਦੇ ਹਨ। ਜਿਵੇਂ ਕਿ ਅਜ ਕਲ ਗੁਰਮੰਤ੍ਰ ਜਾਂ ਮੂਲਮੰਤ੍ਰ ਬਾਰੇ ਅਕਸਰ ਹੋ ਰਿਹਾ ਹੈ। ਗੁਰਬਾਣੀ ਵਿੱਚ ਜਦੋਂ ਮੰਤ੍ਰ ਸ਼ਬਦ ਵਰਤਿਆ ਜਾਂਦਾ ਹੈ ਤਾਂ ਇਸ ਦਾ ਭਾਵ ਹੈ ਗੁਰੂ ਦਾ ਉਪਦੇਸ਼:

"ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥
ਖੋਜਿ ਲਹਿਓ ਨਾਨਕ ਸੁਖ ਥਾਨਾਂ
ਹਰਿ ਨਾਮਾ ਬਿਸ੍ਰਾਮ ਕਉ ॥2॥"

{ਸਾਰਗ ਮਹਲਾ ੫, ਪੰਨਾ ੧੨੦੮}

ਹੇ ਭਾਈ ! ਮਹਾਂ ਪੁਰਖਾਂ ਦੀ ਬਾਣੀ, ਮਹਾਂ ਪੁਰਖਾਂ ਦਾ ਉਪਦੇਸ਼ ਹੀ ਮਨ ਦਾ ਮਾਣ ਦੂਰ ਕਰਨ ਲਈ ਸਮਰਥ ਹੈ । ਹੇ ਨਾਨਕ ! (ਆਖ—ਹੇ ਭਾਈ !) ਆਤਮਕ ਸ਼ਾਂਤੀ ਵਾਸਤੇ ਪਰਮਾਤਮਾ ਦਾ ਨਾਮ ਹੀ ਸੁਖਾਂ ਦਾ ਥਾਂ ਹੈ (ਇਹ ਥਾਂ ਸਾਧ ਸੰਗਤਿ ਵਿਚ) ਖੋਜ ਕੀਤਿਆਂ ਲੱਭਦੀ ਹੈ ।2।1।20।

"ਮੈ ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ,
ਮੈ ਹਰਿ ਹਰਿਨਾਮਿ ਉਧਰੀਐ ਜੀਉ ॥3॥"

{ਮਾਝ ਮਹਲਾ ੪, ਪੰਨਾ ੯੫}

ਹੇ ਪੂਰੇ ਸਤਿਗੁਰੂ ! ਮੈਨੂੰ (ਆਪਣਾ) ਉਪਦੇਸ਼ ਦੇਹ (ਇਹੀ) ਦਵਾਈ (ਹੈ ਜੋ ਮੇਰੀ ਬੇਦਨ ਦੂਰ ਕਰ ਸਕਦਾ ਹੈ) । ਹੇ ਪੂਰੇ ਸਤਿਗੁਰੂ ! ਮੈਨੂੰ ਪਰਮਾਤਮਾ ਦੇ ਨਾਮ ਵਿਚ (ਜੋੜ ਕੇ ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ।3।

"ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥
ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥3॥2॥"

{ਭੈਰਉ ਮਹਲਾ ੫, ਪੰਨਾ ੧੧੩੬}

ਹੇ ਨਾਨਕ ! ਆਖ—ਗੁਰੂ ਨੇ ਜਿਸ ਮਨੁੱਖ ਦੇ ਹਿਰਦੇ ਵਿਚ (ਇਹ) ਉਪਦੇਸ਼ ਪੱਕਾ ਕਰ ਦਿੱਤਾ (ਕਿ ਪਰਮਾਤਮਾ ਹੀ ਅਸਾਂ ਸਭ ਜੀਵਾਂ ਦਾ ਰਾਖਾ ਹੈ,) ਉਹ ਮਨੁੱਖ ਆਪਣੇ ਘਰ ਵਿਚ (ਭੀ) ਸੁਖੀ ਵੱਸਦਾ ਹੈ, ਉਹ ਘਰੋਂ ਬਾਹਰ (ਜਾ ਕੇ) ਭੀ ਆਨੰਦ ਮਾਣਦਾ ਹੈ ।3।2।

ਜਦੋਂ ਅਸੀਂ ਮੰਤ੍ਰ ਅਤੇ ਜਪ ਦੇ ਅਰਥ ਗੁਰਮਤਿ ਅਨੁਸਾਰ ਲਵਾਂਗੇ ਤਾਂ ਭਾਈ ਗੁਰਦਾਸ ਜੀ ਦੀ ਉਪਰੋਕਤ ਪੰਕਤੀ ਸਾਨੂੰ ਵਧੇਰੇ ਸਪਸ਼ਟ ਸਮਝ ਆਵੇਗੀ।

ਇਹ ਵਿਚਾਰ ਵੀ ਅਕਸਰ ਆਉਂਦਾ ਹੈ, ਕਿ ਵਾਹਿਗੁਰੂ ਸ਼ਬਦ ਤਾਂ ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਥੋੜੀ ਵਾਰੀ ਆਉਂਦਾ ਹੈ, ਅਤੇ ਜਦੋਂ ਆਉਂਦਾ ਵੀ ਹੈ ਤਾਂ ਅਕਾਲ-ਪੁਰਖ ਵਾਸਤੇ ਨਹੀਂ, ਗੁਰੂ ਵਾਸਤੇ ਆਉਂਦਾ ਹੈ।

ਇਥੇ ਕੋਈ ਗਿਣਤੀਆਂ ਮਿਣਤੀਆਂ ਦਾ ਸੁਆਲ ਨਹੀਂ। ਜੋ ਲਫਜ਼ ਵੀ ਅਸੀਂ ਕੌਮੀ ਤੌਰ ਤੇ ਪ੍ਰਵਾਨ ਕਰ ਲਿਆ, ਸਾਡੇ ਵਾਸਤੇ ਉਹੀ ਨਾਮ ਹੈ। ਕਿਉਂਕਿ ਅਸਲ ਗੱਲ ਤਾਂ ਉਸ ਲਫਜ਼ ਰਾਹੀ ਅਕਾਲ-ਪੁਰਖ ਦੇ ਅਲੌਕਿਕ ਗੁਣਾਂ ਨਾਲ ਜੁੜਨ ਦੀ ਹੈ। ਸਿੱਖ ਵਾਸਤੇ ਗੁਰੂ ਅਤੇ ਅਕਾਲ ਪੁਰਖ ਵਿੱਚ ਕੋਈ ਭੇਦ ਨਹੀਂ, ਗੁਰਬਾਣੀ ਵਿੱਚ ਇਸ ਗਲ ਨੂੰ ਸਪਸ਼ਟ ਕਰਦੇ ਕਈ ਪ੍ਰਮਾਣ ਹਨ:

"ਬਿਨੁ ਸਤਿਗੁਰ ਕਿਨੈ ਨ ਪਾਇਓ
ਬਿਨੁ ਸਤਿਗੁਰ ਕਿਨੈ ਨ ਪਾਇਆ ॥

ਸਤਿਗੁਰ ਵਿਚਿ ਆਪੁ ਰਖਿਓਨੁ
ਕਰਿ ਪਰਗਟੁ ਆਖਿ ਸੁਣਾਇਆ ॥"

{ਆਸਾ ਮਹਲਾ ੧, ਪੰਨਾ ੪੬੬}

"ਪਾਰਬ੍ਰਹਮੁ ਪਰਮੇਸਰੁ ਅਨੂਪੁ ॥
ਸਫਲ ਮੂਰਤਿ ਗੁਰੁ ਤਿਸ ਕਾ ਰੂਪੁ॥"

{ਭੈਰਉ ਮਹਲਾ ੫, ਪੰਨਾ ੧੧੫੨}

"ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥"

{ਗੋਂਡ ਮਹਲਾ ੫, ਪੰਨਾ ੮੬੪}

"ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥"

{ਭੈਰਉ ਮਹਲਾ ੫, ਪੰਨਾ ੧੧੪੨}

ਬਲਕਿ ਗੁਰਬਾਣੀ ਦੀਆਂ ਹੇਠ ਲਿਖੀਆਂ ਪੰਕਤੀਆਂ ਤਾਂ ਵਿਸ਼ੇਸ਼ ਧਿਆਨ ਮੰਗਦੀਆਂ ਹਨ। ਸਿੱਖ ਦਾ ਗੁਰੂ ਸ਼ਬਦ ਹੈ, ਗੁਰਬਾਣੀ ਹੈ। ਸਿੱਖ ਵਾਸਤੇ ਗੁਰੂ ਅਤੇ ਅਕਾਲ-ਪੁਰਖ ਵਿੱਚ ਕੋਈ ਭੇਦ ਨਹੀਂ। ਇਸੇ ਵਾਸਤੇ ਇਨ੍ਹਾਂ ਪੰਕਤੀਆਂ ਵਿੱਚ ਸਤਿਗੁਰੂ ਨੇ ਗਲ ਸਪਸ਼ਟ ਕਰ ਦਿੱਤੀ ਹੈ:

"ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥
ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ ॥"

{ਸਲੋਕੁ ਮਃ ੩, ਪੰਨਾ ੫੧੫}

ਉਂਝ ਵੀ ਸਿੱਖ ਅਕਾਲ-ਪੁਰਖ ਦੇ ਦਰਸ਼ਨ ਕੁਦਰਤ ਵਿੱਚੋਂ ਕਰਦਾ ਹੈ:

"ਬਲਿਹਾਰੀ ਕੁਦਰਤਿ ਵਸਿਆ ॥
ਤੇਰਾ ਅੰਤੁ ਨ ਜਾਈ ਲਖਿਆ ॥"

(ਸਲੋਕੁ ਮਃ ੧, ਪੰਨਾ ੪੬੯)

"ਕੁਦਰਤਿ ਕਾਦਰ ਕਰਣ ਕਰੀਮਾ ॥
ਸਿਫਤਿ ਮੁਹਬਤਿ ਅਥਾਹ ਰਹੀਮਾ ॥"

(ਮਾਰੂ ਮਹਲਾ ੫, ਪੰਨਾ ੧੦੮੪)

ਜਦੋਂ ਸਿੱਖ ਅਕਾਲ-ਪੁਰਖ ਦੀ ਕੁਦਰਤ ਨਾਲ ਜੁੜਦਾ ਹੈ, ਤਾਂ ਵਾਹੁ ਤਾਂ ਉਸ ਦੇ ਅੰਦਰੋਂ ਸੁਭਾਵਿਕ ਨਿਕਲ ਆਉਂਦੀ ਹੈ, ਇਸ ਲਈ ਇਕ ਕੌਮੀ ਨੇਮ ਅਨੁਸਾਰ ਵਾਹਿਗੁਰੂ ਗੁਰਮੰਤ੍ਰ ਨਾਲ ਕੋਈ ਸਮੱਸਿਆ ਨਹੀਂ ਹੈ ।

ਕੀ ਵਾਹਿਗੁਰੂ ਵਾਹਿਗੁਰੂ ਰਟਨ ਦੀ ਕੋਈ ਲੋੜ ਨਹੀਂ ?

ਅਸਲ ਮਸਲਾ ਤਾਂ ਇਹ ਹੈ ਕਿ ਕੀ ਵਾਹਿਗੁਰੂ ਸ਼ਬਦ ਦਾ ਬਾਰ ਬਾਰ ਰਟਨ ਕਰਨਾ ਨਾਮ ਸਿਮਰਨ ਹੈ? ਆਓ ਵੇਖੀਏ ਇਸ ਬਾਰੇ ਸਤਿਗੁਰੂ ਦੀ ਬਾਣੀ ਕੀ ਫੁਰਮਾਉਂਦੀ ਹੈ:

"ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥"

{ਗੂਜਰੀ ਮਹਲਾ ੩, ਪੰਨਾ ੪੯੧}

(ਜੇ) ਹਰੇਕ ਮਨੁੱਖ (ਨਿਰੀ ਜੀਭ ਨਾਲ ਹੀ) ਪਰਮਾਤਮਾ ਦਾ ਨਾਮ ਆਖਦਾ ਰਹੇ, (ਤਾਂ ਨਿਰਾ ਜੀਭ ਨਾਲ) ਪਰਮਾਤਮਾ ਦਾ ਨਾਮ ਆਖਿਆਂ (ਸਫਲਤਾ) ਨਹੀਂ ਹੁੰਦੀ । ਜਦੋਂ ਕਿਸੇ ਮਨੁੱਖ ਦੇ ਮਨ ਵਿਚ ਗੁਰੂ ਦੀ ਕਿਰਪਾ ਨਾਲ ਪਰਮਾਤਮਾ ਆ ਵੱਸੇ, ਤਦੋਂ ਉਸ ਨੂੰ ਉਸ ਸਿਮਰਨ ਦਾ ਫਲ ਮਿਲਦਾ ਹੈ ।

ਅਕਸਰ ਇਹ ਗੱਲ ਕਹੀ ਜਾਂਦੀ ਹੈ ਕਿ ਵਾਹਿਗੁਰੂ ਵਾਹਿਗੁਰੂ, ਰਾਮ ਰਾਮ ਜਾਂ ਅੱਲਾ ਅੱਲਾ ਰਟਨ ਨਾਲ ਪ੍ਰਮਾਤਮਾਂ ਹਿਰਦੇ ਵਿੱਚ ਵਸ ਜਾਂਦਾ ਹੈ, ਜਦਕਿ ਉਪਰੋਕਤ ਪੰਕਤੀਆਂ ਵਿੱਚ ਸਤਿਗੁਰੂ ਅਮਰ ਪਾਤਿਸ਼ਾਹ ਇਸ ਗੱਲ ਨੂੰ ਪੂਰਨਤਾ ਰੱਦ ਕਰ ਰਹੇ ਹਨ। ਗੁਰੂ ਬਖਸ਼ਿਸ਼ ਨਾਲ ਉਹ ਕਿਵੇਂ ਹਿਰਦੇ ਵਿੱਚ ਵਸਦਾ ਹੈ, ਇਹ ਉਪਰ ਵਿਸਥਾਰ ਨਾਲ ਵਿਚਾਰਿਆ ਜਾ ਚੁੱਕਾ ਹੈ। ਬਲਕਿ ਹੇਠਲੀਆਂ ਪੰਕਤੀਆਂ ਵਿੱਚ ਸਤਿਗੁਰੂ ਅਰਜਨ ਪਾਤਿਸ਼ਾਹ ਇਸਨੂੰ ਇਕ ਵਿਖਾਵੇ ਦਾ ਪਾਖੰਡ ਕਰਮ ਦਸਦੇ ਹਨ

"ਜਿਨਿ ਕੀਆ ਤਿਸੁ ਚੀਤਿ ਨ ਆਣੈ ॥
ਕੂੜੀ ਕੂੜੀ ਮੁਖਹੁ ਵਖਾਣੈ ॥" {ਭੈਰਉ ਮਹਲਾ ੫, ਪੰਨਾ ੧੧੫੧}

ਜਿਸ ਪਰਮਾਤਮਾ ਨੇ ਪੈਦਾ ਕੀਤਾ ਹੈ, ਉਸ ਨੂੰ ਆਪਣੇ ਚਿੱਤ ਵਿਚ ਨਹੀਂ ਵਸਾਂਦਾ (ਹਾਂ) ਝੂਠ-ਮੂਠ (ਲੋਕਾਂ ਨੂੰ ਠੱਗਣ ਲਈ ਆਪਣੇ) ਮੂੰਹੋਂ (ਰਾਮ ਰਾਮ) ਉਚਾਰਦਾ ਰਹਿੰਦਾ ਹੈ ।

"ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ
ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥"

{ਸੂਹੀ ਮਹਲਾ ੪, ਪੰਨਾ ੭੩੨}

ਹੇ ਭਾਈ ! (ਜੇਹੜੇ ਮਨੁੱਖ ਗੁਰੂ ਦੀ ਸਰਨ ਨਹੀਂ ਆਉਂਦੇ ਉਂਞ) ਜ਼ਬਾਨੀ

ਰਾਮ ਰਾਮ ਉਚਾਰਦੇ ਹਨ, ਸਦਾ ਧੋਖਾ-ਫਰੇਬ (ਭੀ) ਕਰਦੇ ਰਹਿੰਦੇ ਹਨ, ਉਹਨਾਂ ਦਾ ਦਿਲ ਪਵਿਤ੍ਰ ਨਹੀਂ ਹੋ ਸਕਦਾ । ਉਹ ਮਨੁੱਖ (ਤੀਰਥ-ਇਸ਼ਨਾਨ ਆਦਿਕ ਮਿਥੇ ਹੋਏ) ਅਨੇਕਾਂ ਧਾਰਮਿਕ ਕਰਮ ਹਰ ਵੇਲੇ ਕਰਦੇ ਰਹਿੰਦੇ ਹਨ, ਪਰ ਉਹਨਾਂ ਨੂੰ ਕਦੇ ਸੁਪਨੇ ਵਿਚ ਭੀ ਆਤਮਕ ਆਨੰਦ ਨਹੀਂ ਮਿਲਦਾ ।

ਉਪਰੋਕਤ ਪੰਕਤੀਆਂ ਬਾਰੇ ਕਈ ਲੋਕ ਇਹ ਕਹਿੰਦੇ ਹਨ, ਕਿ ਇਥੇ ਸਤਿਗੁਰੂ ਉਨ੍ਹਾਂ ਲੋਕਾਂ ਦੇ ਰੱਟਨ ਨੂੰ ਰੱਦ ਕਰ ਰਹੇ ਹਨ, ਜੋ ਵਾਹਿਗੁਰੂ ਵਾਹਿਗੁਰੂ ਵੀ ਰਟਦੇ ਹਨ ਤੇ ਨਾਲ ਲੋਕਾਂ ਨਾਲ ਠੱਗੀਆਂ ਵੀ ਕਰਦੇ ਹਨ। ਜੋ ਲੋਕ ਇਹੋ ਜਿਹੇ ਪਾਪ ਕਰਮ ਨਹੀਂ ਕਰਦੇ, ਉਨ੍ਹਾਂ ਦਾ ਵਾਹਿਗੁਰੂ ਵਾਹਿਗੁਰੂ ਰਟਨਾ ਸਫਲ ਹੈ। ਅਸਲ ਵਿੱਚ ਸਤਿਗੁਰੂ ਇਹ ਸਮਝਾ ਰਹੇ ਹਨ ਕਿ ਮਨ ਕਿਸੇ ਸ਼ਬਦ ਦੇ ਰਟਨ ਨਾਲ ਜਾਂ ਕਿਸੇ ਹੋਰ ਕਰਮਕਾਂਡ ਕਰਨ ਨਾਲ ਪਵਿੱਤਰ ਨਹੀਂ ਹੋਣਾ, ਬਲਕਿ ਗੁਰਬਾਣੀ ਵਿਚਾਰ ਕੇ ਪੜ੍ਹਨ ਅਤੇ ਜੀਵਨ ਵਿੱਚ ਧਾਰਨ ਨਾਲ ਹੋਣਾ ਹੈ। ਗੁਰਬਾਣੀ ਦੀਆਂ ਹੇਠ ਲਿਖੀਆਂ ਪੰਕਤੀਆਂ ਸਤਿਗੁਰੂ ਦੇ ਇਸ ਉਪਦੇਸ਼ ਨੂੰ ਹੋਰ ਸਪਸ਼ਟ ਕਰਦੀਆਂ ਹਨ:

"ਮਨ ਮੇਰੇ, ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥"

{ਸਿਰੀ ਰਾਗੁ ਮਹਲਾ ੩, ਪੰਨਾ ੩੯}

ਹੇ ਮੇਰੇ ਮਨ ! (ਜਦੋਂ ਮਨੁੱਖ) ਗੁਰੂ ਦੀ ਸਰਨ ਆਉਂਦਾ ਹੈ ਤਦੋਂ (ਹੀ) ਪਵਿਤ੍ਰ ਹੁੰਦਾ ਹੈ । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਬੰਦੇ ਰਾਮ ਰਾਮ ਆਖ ਆਖ ਕੇ ਥੱਕ ਜਾਂਦੇ ਹਨ (ਫਿਰ ਭੀ ਹਉਮੈ ਦੀ) ਮੈਲ (ਉਹਨਾਂ ਪਾਸੋਂ) ਧੋਤੀ ਨਹੀਂ ਜਾ ਸਕਦੀ।

ਗੱਲ ਹੈ ਵੀ ਬਹੁਤ ਸਪੱਸ਼ਟ, ਕੇਵਲ ਵਾਹਿਗੁਰੂ ਵਾਹਿਗੁਰੂ, ਰਾਮ ਰਾਮ ਜਾਂ ਅੱਲਾ ਅੱਲਾ ਰਟਨ ਨਾਲ ਹਿਰਦਾ ਸ਼ੁਧ ਨਹੀਂ ਹੋਣਾ, ਤੇ ਜੇ ਹਿਰਦਾ ਸ਼ੁਧ ਨਹੀਂ ਤਾਂ ਕਰਮ ਨਿਰਮਲ ਨਹੀਂ ਹੋ ਸਕਦੇ। ਫਿਰ ਜਿਤਨੇ ਪਾਪ ਕਰਮ, ਸੁੱਖਾਂ ਦੀ ਭਾਲ ਵਿੱਚ ਕਰਦੇ ਹਾਂ, ਉਹ ਦੁੱਖ ਦੇ ਰੂਪ ਵਿੱਚ ਹੀ ਪ੍ਰਗਟ ਹੁੰਦੇ ਹਨ। **ਕਰਮ ਨਿਰਮਲ ਤਾਂ ਗੁਰੂ ਸ਼ਰਨ ਵਿੱਚ ਆਉਣ ਨਾਲ ਭਾਵ ਗੁਰਬਾਣੀ ਨੂੰ ਵਿਚਾਰ ਕੇ, ਪੜ੍ਹ ਕੇ, ਜੀਵਨ ਵਿੱਚ ਅਪਨਾਉਣ ਨਾਲ ਹੋਣੇ ਹਨ, ਅਤੇ ਇਸ ਨਾਲ ਹੀ ਵਾਹਿਗੁਰੂ ਹਿਰਦੇ ਵਿੱਚ ਵੱਸਣਾ ਹੈ।** ਵਾਹਿਗੁਰੂ ਹਿਰਦੇ ਵਿੱਚ ਵੱਸ ਗਿਆ ਤਾਂ ਜੀਵਨ ਮਾਇਆ ਦੇ ਸਾਰੇ ਬੰਧਨਾਂ ਤੋਂ ਮੁਕਤ ਹੋ ਜਾਵੇਗਾ।

"ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ॥"

{ਵਡਹੰਸੁ ਮਹਲਾ ੩, ਪੰਨਾ ੫੬੫}

ਹੇ ਭਾਈ ! ਮੂੰਹ ਨਾਲ (ਬਾਹਰੋਂ ਬਾਹਰੋਂ) ਤਾਂ ਹਰੇਕ ਪਰਮਾਤਮਾ ਦਾ ਨਾਮ ਉਚਾਰ ਦੇਂਦਾ ਹੈ, ਪਰ ਕਿਸੇ ਵਿਰਲੇ ਨੇ ਹਰਿ-ਨਾਮ ਆਪਣੇ ਹਿਰਦੇ ਵਿਚ ਵਸਾਇਆ ਹੈ । ਹੇ ਨਾਨਕ ! (ਆਖ—) ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ ਉਹ ਮਨੁੱਖ ਵਿਕਾਰਾਂ ਤੋਂ ਖ਼ਲਾਸੀ ਪ੍ਰਾਪਤ ਕਰ ਲੈਂਦੇ ਹਨ ।

ਸਭ ਤੋਂ ਵੱਧ ਭੁਲੇਖਾ 'ਜਪੁ' ਬਾਣੀ ਦੀ ਬਤੀਵੀਂ ਪਉੜੀ ਬਾਰੇ ਪਾਇਆ ਜਾਂਦਾ ਹੈ, ਜਿਥੇ ਪੂਰੀ ਪਉੜੀ ਨੂੰ ਸਮਝਣ ਦੀ ਬਜਾਏ ਕੇਵਲ ਪਹਿਲੀਆਂ ਤਿੰਨ ਪੰਕਤੀਆਂ ਦੇ ਅਰਥ ਆਪਣੀ ਭਾਵਨਾ ਅਨੁਸਾਰ ਕਰਕੇ ਬਹੁਤੇ ਲੋਕ ਰਟਨ ਦੀ ਵਕਾਲਤ ਕਰਨ ਲੱਗ ਜਾਂਦੇ ਹਨ।

ਭਾਵੇਂ ਇਹ ਵੀ ਆਪਣੇ ਆਪ ਵਿੱਚ ਇਕ ਅਲੱਗ ਵਿਸ਼ਾ ਹੈ, ਪਰ ਤੱਤ ਨੂੰ ਸਮਝਣ ਲਈ ਕੁਝ ਸੰਕੇਤਕ ਵਿਚਾਰ ਕਰਨੀ ਜ਼ਰੂਰੀ ਹੈ। ਗੁਰਬਾਣੀ ਵਿੱਚ ਬਹੁਤ ਜਗ੍ਹਾ ਤੇ ਸਤਿਗੁਰੂ ਨੇ ਪਹਿਲਾਂ ਪ੍ਰਚੱਲਤ ਵਿਚਾਰਧਾਰਾ ਨੂੰ ਪ੍ਰਗਟ ਕਰਦੇ ਹੋਏ, ਬਾਅਦ ਵਿੱਚ ਉਸ ਨੂੰ ਰੱਦ ਕਰਕੇ ਗੁਰਮਤਿ ਵਿਚਾਰਧਾਰਾ ਦ੍ਰਿੜ ਕਰਾਈ ਹੈ। ਜਪੁ ਬਾਣੀ ਦੀਆਂ ਕੁਝ ਪਉੜੀਆਂ ਵਿੱਚ ਇਹ ਜੁਗਤਿ ਖਾਸ ਤੌਰ ਤੇ ਵੇਖਣ ਨੂੰ ਮਿਲਦੀ ਹੈ। ਜਿਵੇਂ ਪਹਿਲਾਂ ਬ੍ਰਾਹਮਣੀ ਵਿਚਾਰਧਾਰਾ ਅਨੁਸਾਰ ਇਹ ਸਮਝਿਆ ਜਾਂਦਾ ਸੀ ਕਿ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਮਨ ਦੀ ਮੈਲ ਉਤਰ ਜਾਂਦੀ ਹੈ, ਮੌਨ ਰੱਖ ਕੇ ਸਮਾਧੀਆਂ ਲਾਉਣ ਨਾਲ ਮਨ ਠਹਿਰਾ ਵਿੱਚ ਆ ਜਾਂਦਾ ਹੈ, ਵਰਤ ਅਦਿ ਰੱਖਣ ਨਾਲ ਜੀਵਨ ਸੰਤੋਖੀ ਬਣ ਜਾਂਦਾ ਹੈ ਅਤੇ ਆਪਣੀਆਂ ਸਿਆਣਪਾਂ ਚਤੁਰਾਈਆਂ ਨਾਲ ਵਾਹਿਗੁਰੂ ਨੂੰ ਖੁਸ਼ ਕੀਤਾ ਜਾ ਸਕਦਾ ਹੈ। ਸਤਿਗੁਰੂ ਨੇ ਜਪੁ ਬਾਣੀ ਦੀ ਪਹਿਲੀ ਪਉੜੀ ਵਿੱਚ ਇਸ ਵਿਚਾਰ ਨੂੰ ਇੰਝ ਰੱਦ ਕੀਤਾ ਹੈ :

"ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ ॥
ਭੁਖਿਆ ਭੁਖ ਨਾ ਉਤਰੀ, ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥"

ਜੇ ਮੈਂ ਲੱਖ ਵਾਰੀ (ਭੀ) (ਇਸ਼ਨਾਨ ਆਦਿਕ ਨਾਲ ਸਰੀਰ ਦੀ) ਸੁੱਚ ਰੱਖਾਂ, (ਤਾਂ ਭੀ ਇਸ ਤਰ੍ਹਾਂ) ਸੁੱਚ ਰੱਖਣ ਨਾਲ (ਮਨ ਦੀ) ਸੁੱਚ ਨਹੀਂ ਰਹਿ ਸਕਦੀ । ਜੇ ਮੈਂ (ਸਰੀਰ ਦੀ) ਇਕ-ਤਾਰ ਸਮਾਧੀ ਲਾਈ ਰੱਖਾਂ; (ਤਾਂ ਭੀ ਇਸ ਤਰ੍ਹਾਂ) ਚੁੱਪ ਕਰ ਰਹਿਣ ਨਾਲ ਮਨ ਦੀ ਸ਼ਾਂਤੀ ਨਹੀਂ ਹੋ ਸਕਦੀ ।ਜੇ ਮੈਂ ਸਾਰੇ ਭਵਨਾਂ ਦੇ ਪਦਾਰਥਾਂ ਦੇ ਢੇਰ (ਭੀ) ਸਾਂਭ ਲਵਾਂ, ਤਾਂ ਭੀ ਤ੍ਰਿਸ਼ਨਾ ਦੇ ਅਧੀਨ ਰਿਹਾਂ ਤ੍ਰਿਸ਼ਨਾ ਦੂਰ ਨਹੀਂ ਹੋ ਸਕਦੀ। ਜੇ (ਮੇਰੇ ਵਿਚ) ਹਜ਼ਾਰਾਂ ਤੇ ਲੱਖਾਂ ਚਤੁਰਾਈਆਂ ਹੋਵਣ, (ਤਾਂ ਭੀ ਉਹਨਾਂ ਵਿਚੋਂ) ਇਕ ਭੀ ਚਤੁਰਾਈ ਸਾਥ ਨਹੀਂ ਦੇਂਦੀ।

ਸਤਿਗੁਰੂ ਨੇ ਇਸ ਸਾਰੀ ਬ੍ਰਾਹਮਣੀ ਸੋਚ ਨੂੰ ਰੱਦ ਕਰਕੇ, ਗੁਰਮਤਿ ਹੇਠਲੀਆਂ ਪੰਕਤੀਆਂ ਵਿੱਚ ਦ੍ਰਿੜ ਕਰਵਾਈ ਹੈ :

"ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥1॥"

(ਤਾਂ ਫਿਰ) ਅਕਾਲ ਪੁਰਖ ਦਾ ਪਰਕਾਸ਼ ਹੋਣ ਲਈ ਯੋਗ ਕਿਵੇਂ ਬਣ ਸਕੀਦਾ ਹੈ (ਅਤੇ ਸਾਡੇ ਅੰਦਰ ਦਾ) ਕੂੜ ਦਾ ਪਰਦਾ ਕਿਵੇਂ ਟੁੱਟ ਸਕਦਾ ਹੈ ? ਰਜ਼ਾ ਦੇ ਮਾਲਕ ਅਕਾਲ ਪੁਰਖ ਦੇ ਹੁਕਮ ਵਿਚ ਤੁਰਨਾ-(ਇਹੀ ਇਕ ਵਿਧੀ ਹੈ)। ਹੇ ਨਾਨਕ ! (ਇਹ ਵਿਧੀ) ਧੁਰ ਤੋਂ ਹੀ ਜਦ ਤੋਂ ਜਗਤ ਬਣਿਆ ਹੈ, ਲਿਖੀ ਚਲੀ ਆ ਰਹੀ ਹੈ ।1।

ਸਤਿਗੁਰੂ ਨੇ ਆਖਰੀ ਦੋ ਪੰਕਤੀਆਂ ਵਿੱਚ ਗੁਰਮਤਿ ਦ੍ਰਿੜ ਕਰਾਈ ਹੈ ਕਿ ਜੀਵਨ ਨੂੰ ਸਚਿਆਰ ਬਨਾਉਣ ਦਾ ਇਕੋ ਇਕ ਤਰੀਕਾ ਹੈ, ਅਕਾਲ-ਪੁਰਖ ਦੀ ਰਜ਼ਾ ਵਿੱਚ ਚਲਣਾ। ਅਗਲੀਆਂ ਕੁਝ ਪਉੜੀਆਂ ਇਸ ਅਕਾਲ-ਪੁਰਖ ਦੀ ਰਜ਼ਾ, ਅਤੇ ਰਜ਼ਾ ਵਿੱਚ ਚਲਣ ਦੀ ਵਿਆਖਿਆ ਕਰਦੀਆਂ ਹਨ।

ਇਸੇ ਤਰ੍ਹਾਂ ਜਪੁ ਬਾਣੀ ਦੀ ਤੀਹਵੀਂ ਪਉੜੀ ਦੀਆਂ ਪਹਿਲੀਆਂ ਪੰਕਤੀਆਂ ਵਿੱਚ ਸਤਿਗੁਰੂ ਨੇ ਇਹ ਦਸਿਆ ਹੈ ਕਿ ਇਕ ਵਿਚਾਰਧਾਰਾ ਚਲੀ ਆਉਂਦੀ ਹੈ ਕਿ ਸੰਸਾਰ ਦੀ ਕਾਰ ਵਿਹਾਰ ਤਿੰਨ ਸ਼ਕਤੀਆਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਚਲਾ ਰਹੇ ਹਨ :

"ਏਕਾ ਮਾਈ, ਜੁਗਤਿ ਵਿਆਈ, ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ, ਇਕੁ ਭੰਡਾਰੀ, ਇਕੁ ਲਾਏ ਦੀਬਾਣੁ ॥"

(ਲੋਕਾਂ ਵਿਚ ਇਹ ਖ਼ਿਆਲ ਆਮ ਪ੍ਰਚੱਲਤ ਹੈ ਕਿ) ਇਕੱਲੀ ਮਾਇਆ (ਕਿਸੇ) ਜੁਗਤੀ ਨਾਲ ਪ੍ਰਸੂਤ ਹੋਈ ਤੇ ਪਰਤੱਖ ਤੌਰ 'ਤੇ ਉਸ ਦੇ ਤਿੰਨ ਪੁੱਤਰ ਜੰਮ ਪਏ। ਉਹਨਾਂ ਵਿਚੋਂ ਇਕ (ਬ੍ਰਹਮਾ) ਘਰਬਾਰੀ ਬਣ ਗਿਆ (ਭਾਵ, ਜੀਵ-ਜੰਤਾਂ ਨੂੰ ਪੈਦਾ ਕਰਨ ਲੱਗ ਪਿਆ), ਇਕ (ਵਿਸ਼ਨੂੰ) ਭੰਡਾਰੇ ਦਾ ਮਾਲਕ ਬਣ ਗਿਆ (ਭਾਵ, ਜੀਵਾਂ ਨੂੰ ਰਿਜ਼ਕ ਅਪੜਾਣ ਦਾ ਕੰਮ ਕਰਨ ਲੱਗਾ), ਅਤੇ ਇੱਕ (ਸ਼ਿਵ) ਕਚਹਿਰੀ ਲਾਉਂਦਾ ਹੈ (ਭਾਵ, ਜੀਵਾਂ ਨੂੰ ਸੰਘਾਰਦਾ ਹੈ)।

ਪਰ ਸਤਿਗੁਰੂ ਇਸ ਵਿਚਾਰ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਹੋਏ, ਗੁਰਮਤਿ ਨੂੰ ਇਸ ਤਰ੍ਹਾਂ ਪ੍ਰਗਟ ਕਰਦੇ ਹਨ :

"ਜਿਵ ਤਿਸੁ ਭਾਵੈ, ਤਿਵੈ ਚਲਾਵੈ, ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ, ਓਨਾ ਨਦਰਿ ਨ ਆਵੈ, ਬਹੁਤਾ ਏਹੁ ਵਿਡਾਣੁ ॥"

(ਪਰ ਅਸਲ ਗੱਲ ਇਹ ਹੈ ਕਿ) ਜਿਵੇਂ ਉਸ ਅਕਾਲ ਪੁਰਖ ਨੂੰ ਭਾਉਂਦਾ ਹੈ

ਅਤੇ ਜਿਵੇਂ ਉਸ ਦਾ ਹੁਕਮ ਹੁੰਦਾ ਹੈ, ਤਿਵੇਂ ਹੀ ਉਹ ਆਪ ਸੰਸਾਰ ਦੀ ਕਾਰ ਚਲਾ ਰਿਹਾ ਹੈ, (ਇਹਨਾਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਕੁਝ ਹੱਥ ਨਹੀਂ)। ਇਹ ਬੜਾ ਅਸਚਰਜ ਕੌਤਕ ਹੈ ਕਿ ਉਹ ਅਕਾਲ ਪੁਰਖ (ਸਭ ਜੀਵਾਂ ਨੂੰ) ਵੇਖ ਰਿਹਾ ਹੈ ਪਰ ਜੀਵਾਂ ਨੂੰ ਅਕਾਲ ਪੁਰਖ ਨਹੀਂ ਦਿੱਸਦਾ।

"ਆਦੇਸੁ, ਤਿਸੈ ਆਦੇਸੁ ॥ ਆਦਿ ਅਨੀਲੁ
ਅਨਾਦਿ ਅਨਾਹਤਿ, ਜੁਗੁ ਜੁਗੁ ਏਕੋ ਵੇਸੁ ॥30॥"

(ਸੋ ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿਕ ਦੇ ਥਾਂ) ਕੇਵਲ ਉਸ (ਅਕਾਲ ਪੁਰਖ) ਨੂੰ ਪ੍ਰਣਾਮ ਕਰੋ ਜੋ (ਸਭ ਦਾ) ਮੁੱਢ ਹੈ, ਜੋ ਸ਼ੁੱਧ ਸਰੂਪ ਹੈ, ਜਿਸ ਦਾ ਕੋਈ ਮੁੱਢ ਨਹੀਂ (ਲੱਭ ਸਕਦਾ), ਜੋ ਨਾਸ ਰਹਿਤ ਹੈ ਅਤੇ ਜੋ ਸਦਾ ਹੀ ਇਕੋ ਜਿਹਾ ਰਹਿੰਦਾ ਹੈ। (ਇਹੀ ਹੈ ਵਸੀਲਾ ਉਸ ਪ੍ਰਭੂ ਨਾਲੋਂ ਵਿੱਥ ਦੂਰ ਕਰਨ ਦਾ)।30।

ਅਜ ਬਹੁਤੇ ਸਿੱਖ ਵੀ ਗੁਰਬਾਣੀ ਦੀ ਇਸ ਜੁਗਤਿ ਨੂੰ ਨਾ ਸਮਝਣ ਕਾਰਣ ਇਹ ਪ੍ਰਚਾਰੀ ਜਾ ਰਹੇ ਹਨ ਕਿ ਗੁਰਬਾਣੀ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਦੀ ਵਿਚਾਰਧਾਰਾ ਨੂੰ ਪ੍ਰਮਾਣਿਕ ਮੰਨਦੀ ਹੈ। ਇਸੇ ਤਰ੍ਹਾਂ ਜਪੁ ਬਾਣੀ ਦੀ ਬਤੀਵੀਂ ਪਉੜੀ ਬਾਰੇ ਵੀ ਵੱਡੇ ਭੁਲੇਖੇ ਖੜੇ ਕੀਤੇ ਜਾ ਰਹੇ ਹਨ :

"ਇਕ ਦੂ ਜੀਭੌ ਲਖ ਹੋਹਿ, ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ, ਚੜੀਐ ਹੋਇ ਇਕੀਸ ॥
ਸੁਣਿ ਗਲਾ ਆਕਾਸ ਕੀ, ਕੀਟਾ ਆਈ ਰੀਸ ॥
ਨਾਨਕ, ਨਦਰੀ ਪਾਈਐ, ਕੂੜੀ ਕੂੜੈ ਠੀਸ ॥32॥ "

ਇੱਕ ਜੀਭ ਤੋਂ ਲੱਖ ਜੀਭਾਂ ਹੋ ਜਾਣ, ਅਤੇ ਲੱਖ ਜੀਭਾਂ ਤੋਂ ਵੀਹ ਲੱਖ ਬਣ ਜਾਣ, (ਇਹਨਾਂ ਵੀਹ ਲੱਖ ਜੀਭਾਂ ਨਾਲ ਜੇ) ਅਕਾਲ ਪੁਰਖ ਦੇ ਇਕ ਨਾਮ ਨੂੰ ਇਕ ਇਕ ਲੱਖ ਵਾਰੀ ਆਖੀਏ (ਤਾਂ ਭੀ ਕੂੜੇ ਮਨੁੱਖ ਦੀ ਇਹ ਕੂੜੀ ਹੀ ਠੀਸ ਹੈ, ਭਾਵ, ਜੇ ਮਨੁੱਖ ਇਹ ਖ਼ਿਆਲ ਕਰੇ ਕਿ ਮੈਂ ਆਪਣੇ ਉੱਦਮ ਦੇ ਆਸਰੇ ਇਸ ਤਰ੍ਹਾਂ ਨਾਮ ਸਿਮਰ ਕੇ ਅਕਾਲ ਪੁਰਖ ਨੂੰ ਪਾ ਸਕਦਾ ਹਾਂ, ਤਾਂ ਇਹ ਝੂਠਾ ਅਹੰਕਾਰ ਹੈ)। ਇਸ ਰਸਤੇ ਵਿਚ (ਪਰਮਾਤਮਾ ਨਾਲੋਂ ਵਿੱਥ ਦੂਰ ਕਰਨ ਵਾਲੇ ਰਾਹ ਵਿਚ) ਅਕਾਲ ਪੁਰਖ ਨੂੰ ਮਿਲਣ ਵਾਸਤੇ ਜੋ ਪਉੜੀਆਂ ਹਨ, ਉਹਨਾਂ ਉੱਤੇ ਆਪਾ-ਭਾਵ ਗਵਾ ਕੇ ਹੀ ਚੜ੍ਹ ਸਕੀਦਾ ਹੈ। (ਲੱਖਾਂ ਜੀਭਾਂ ਨਾਲ ਭੀ ਗਿਣਤੀ ਦੇ ਸਿਮਰਨ ਨਾਲ ਕੁਝ ਨਹੀਂ ਬਣਦਾ। ਆਪਾ-ਭਾਵ ਦੂਰ ਕਰਨ ਤੋਂ ਬਿਨਾ ਇਹ ਗਿਣਤੀ ਦੇ ਪਾਠਾਂ ਵਾਲਾ ਉੱਦਮ ਇਉਂ ਹੈ, ਮਾਨੋ,) ਆਕਾਸ਼ ਦੀਆਂ ਗੱਲਾਂ ਸੁਣ ਕੇ ਕੀੜਿਆਂ ਨੂੰ ਭੀ ਇਹ ਰੀਸ ਆ ਗਈ ਹੈ (ਕਿ

ਅਸੀਂ ਭੀ ਆਕਾਸ਼ ਤੇ ਅੱਪੜ ਜਾਈਏ)। ਹੇ ਨਾਨਕ ! ਜੇ ਅਕਾਲ ਪੁਰਖ ਮਿਹਰ ਦੀ ਨਜ਼ਰ ਕਰੇ, ਤਾਂ ਹੀ ਉਸ ਨੂੰ ਮਿਲੀਦਾ ਹੈ, (ਨਹੀਂ ਤਾਂ) ਕੂੜੇ ਮਨੁੱਖ ਦੀ ਆਪਣੇ ਆਪ ਦੀ ਨਿਰੀ ਕੂੜੀ ਹੀ ਵਡਿਆਈ ਹੈ (ਕਿ ਮੈਂ ਸਿਮਰਨ ਕਰ ਰਿਹਾ ਹਾਂ) ।32।

ਸਤਿਗੁਰੂ ਨੇ ਤਾਂ ਪਹਿਲੀਆਂ ਤਿੰਨ ਪੰਕਤੀਆਂ ਵਿੱਚ ਇਹ ਦਸਿਆ ਹੈ ਕਿ ਇਹ ਪ੍ਰਚਲਤ ਹੈ, ਇਹ ਸਮਝਿਆ ਜਾਂਦਾ ਹੈ, ਪਰ ਇਹ ਗੁਰਮਤਿ ਨਹੀਂ ਹੈ। ਸਤਿਗੁਰੂ ਨੇ ਗੁਰਮਤਿ ਦ੍ਰਿੜ ਕ੍ਰਰਾਂਉਂਦੇ ਹੋਏ, ਆਖਰੀ ਦੋ ਲਾਈਨਾਂ ਵਿੱਚ ਬਾਰ-ਬਾਰ ਰਟਨ ਦੀ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਰੱਦ ਕਰਕੇ ਇਹ ਗੱਲ ਸਪਸ਼ਟ ਕਰ ਦਿੱਤੀ ਹੈ ਕਿ ਰਟਨ ਦੇ ਉਪਰਾਲੇ ਤਾਂ ਕੇਵਲ ਆਪਣੀ ਹਉਮੈਂ ਨੂੰ ਪੱਠੇ ਪਾਉਣ ਵਾਲੀ ਗਲ ਹੈ। ਨਾਮ ਧਨੁ ਤਾਂ ਕੇਵਲ ਅਤੇ ਕੇਵਲ ਅਕਾਲ-ਪੁਰਖ ਦੀ ਬਖਸ਼ਿਸ਼ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਸਤਿਗੁਰੂ ਦੇ ਉਪਰ ਦੱਸੇ ਸਾਰੇ ਸਾਧਨ ਤਾਂ ਸਾਡੇ ਆਪਣੇ ਭਾਂਡੇ ਨੂੰ ਨਾਮ ਧਨੁ ਸਮੇਟਣ ਦੇ ਕਾਬਲ ਬਨਾਉਣ ਦੇ ਸਾਧਨ ਹਨ। ਜੇ ਬਾਰਸ਼ ਵਿੱਚ ਕੋਈ ਭਾਂਡਾ ਮੂਧਾ ਪਿਆ ਹੋਵੇ, ਜਿਤਨੀ ਮਰਜ਼ੀ ਬਾਰਸ਼ ਹੋ ਜਾਵੇ, ਉਸ ਵਿੱਚ ਬੂੰਦ ਵੀ ਨਹੀਂ ਆ ਸਕਦੀ, ਜਦਕਿ ਸਿੱਧਾ ਭਾਂਡਾ ਹੋਈ ਬਾਰਸ਼ ਅਨੁਸਾਰ ਆਪਣੇ ਅੰਦਰ ਜਲ ਸਮੋਅ ਲੈਂਦਾ ਹੈ। ਤਿਵੇਂ ਅਕਾਲ-ਪੁਰਖ ਦੀ ਮਿਹਰਮਤ ਦੀ ਬਾਰਸ਼ ਤਾਂ ਹੁੰਦੀ ਰਹਿੰਦੀ ਹੈ, ਜੇ ਸਾਡਾ ਭਾਂਡਾ ਤਿਆਰ ਹੋਵੇ ਤਾਂ ਅਕਾਲ-ਪੁਰਖ ਦੀ ਬਖਸ਼ਿਸ਼ ਸਮੇਟ ਕੇ ਨਾਮ ਅੰਮ੍ਰਿਤ ਨਾਲ ਸਰੋਸ਼ਾਰ ਹੋ ਜਾਂਦਾ ਹੈ। ਗੁਰਬਾਣੀ ਦੇ ਕੁਝ ਹੋਰ ਪ੍ਰਮਾਣ ਵੀ ਸਪਸ਼ਟ ਕਰਦੇ ਹਨ ਕਿ ਸਿਮਰਨ ਦਾ ਰਟਨ ਨਾਲ ਕੋਈ ਸੰਬੰਧ ਨਹੀਂ। ਜਿਵੇਂ :

"ਊਠਤ ਬੈਠਤ ਸੋਵਤ ਜਾਗਤ,
ਹਰਿ ਧਿਆਈਐ ਸਗਲ ਅਵਰਦਾ ਜੀਉ ॥"

{ਮਾਝ ਮਹਲਾ ੫, ਪੰਨਾ ੧੦੧}

(ਹੇ ਭਾਈ !) ਉਠਦਿਆਂ ਬੈਠਦਿਆਂ ਸੁੱਤਿਆਂ ਜਾਗਦਿਆਂ ਸਾਰੀ (ਹੀ) ਉਮਰ ਪਰਮਾਤਮਾ ਦਾ ਨਾਮ ਸਿਮਰਨਾ ਚਾਹੀਦਾ ਹੈ ।

ਹੁਣ ਆਪ ਹੀ ਸੋਚੀਏ ਕਿ ਕੀ ਇਹ ਅਮਲੀ ਰੂਪ ਵਿੱਚ ਹੋ ਸਕਦਾ ਹੈ ਕਿ ਕੋਈ ਵਿਅਕਤੀ ਉਠਦਿਆਂ, ਬਹਿੰਦਿਆਂ, ਸੁਤਿਆਂ, ਜਾਗਦਿਆਂ, ਕਿਸੇ ਇਕ ਸ਼ਬਦ ਦਾ ਰਟਨ ਹੀ ਕਰਦਾ ਰਹੇ? ਸੋ ਸਪਸ਼ਟ ਹੈ ਕਿ ਇਸ ਦਾ ਭਾਵ ਇਹੀ ਹੈ ਕਿ ਵਾਹਿਗੁਰੂ ਦਾ ਨਾਮ, ਉਸ ਦੀ ਯਾਦ ਹਰ ਵੇਲੇ ਸਾਡੇ ਹਿਰਦੇ ਵਿੱਚ ਟਿਕੀ ਰਹੇ। ਸਾਡਾ ਭਰੋਸਾ ਹਰ ਵੇਲੇ ਹਰ ਹਾਲਾਤ ਵਿੱਚ ਉਸ ਪਰਮ ਪਿਤਾ ਤੇ ਬਣਿਆ ਰਹੇ। ਇਕ ਹੋਰ ਪ੍ਰਮਾਣ ਵੇਖੀਏ :

ਸਿਮਰੈ ਧਰਤੀ ਅਰੁ ਆਕਾਸਾ ॥
ਸਿਮਰਹਿ ਚੰਦ ਸੂਰਜ ਗੁਣਤਾਸਾ ॥

ਪਉਣ ਪਾਣੀ ਬੈਸੰਤਰ ਸਿਮਰਹਿ
ਸਿਮਰੈ ਸਗਲ ਉਪਾਰਜਨਾ ॥1॥
ਸਿਮਰਹਿ ਖੰਡ ਦੀਪ ਸਭਿ ਲੋਆ ॥
ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥
ਸਿਮਰਹਿ ਖਾਣੀ ਸਿਮਰਹਿ ਬਾਣੀ
ਸਿਮਰਹਿ ਸਗਲੇ ਹਰਿ ਜਨਾ ॥

{ਮਾਰੂ ਸੋਲਹੇ ਮਹਲਾ ੫, ਪੰਨਾ ੧੦੭੮}

ਭਲਾ ਇਹ ਧਰਤੀ, ਅਕਾਸ਼, ਚੰਦ, ਸੂਰਜ, ਹਵਾ, ਪਾਣੀ, ਅੱਗ ਆਦਿ ਪਰਮਾਤਮਾ ਨੂੰ ਕਿਵੇਂ ਸਿਮਰ ਰਹੇ ਹਨ? ਕਿਥੇ ਆਸਣ ਲਾਕੇ ਕਿਹੜੇ ਮੂੰਹ ਨਾਲ ਕਿਹੜੀ ਭਾਸ਼ਾ ਵਿੱਚ, ਕਿਹੜੇ ਸ਼ਬਦ ਦਾ ਰਟਨ ਕਰ ਰਹੇ ਹਨ। ਪ੍ਰੋ. ਸਾਹਿਬ ਸਿੰਘ ਜੀ ਇਨ੍ਹਾਂ ਪੰਕਤੀਆਂ ਦੇ ਅਰਥ ਇੰਜ ਕਰਦੇ ਹਨ:

ਹੇ ਭਾਈ ! ਧਰਤੀ ਪਰਮਾਤਮਾ ਦੀ ਰਜ਼ਾ ਵਿਚ ਤੁਰ ਰਹੀ ਹੈ ਆਕਾਸ਼ ਉਸ ਦੀ ਰਜ਼ਾ ਵਿਚ ਹੈ । ਚੰਦ ਅਤੇ ਸੂਰਜ ਉਸ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦੀ ਰਜ਼ਾ ਵਿਚ ਤੁਰ ਰਹੇ ਹਨ । ਹਵਾ ਪਾਣੀ ਅੱਗ (ਆਦਿਕ ਤੱਤ) ਪ੍ਰਭੂ ਦੀ ਰਜ਼ਾ ਵਿਚ ਕੰਮ ਕਰ ਰਹੇ ਹਨ । ਸਾਰੀ ਸ੍ਰਿਸ਼ਟੀ ਉਸ ਦੀ ਰਜ਼ਾ ਵਿਚ ਕੰਮ ਕਰ ਰਹੀ ਹੈ ।1।ਹੇ ਭਾਈ ! ਸਾਰੇ ਖੰਡ ਦੀਪ ਮੰਡਲ, ਪਾਤਾਲ ਅਤੇ ਸਾਰੀਆਂ ਪੁਰੀਆਂ, ਸਾਰੀਆਂ ਖਾਣੀਆਂ ਅਤੇ ਬਾਣੀਆਂ (ਦੇ ਜੀਵ), ਸਾਰੇ ਪ੍ਰਭੂ ਦੇ ਸੇਵਕ ਸਦਾ-ਥਿਰ ਪ੍ਰਭੂ ਦੀ ਰਜ਼ਾ ਵਿਚ ਵਰਤ ਰਹੇ ਹਨ ।2।

ਮਨੁੱਖ ਦਾ ਵੀ ਨਾਮੀ ਦੇ ਭਾਣੇ ਵਿੱਚ ਚਲਣਾ ਨਾਮ ਸਿਮਰਨ ਹੈ । ਉਸ ਦੀ ਹਰ ਰਜ਼ਾ ਨੂੰ ਮਿੱਠਾ ਕਰਕੇ ਮੰਨਣਾ ਨਾਮ ਸਿਮਰਨ ਹੈ। ਜਪੁ ਬਾਣੀ ਦੀ ਪਹਿਲੀ ਪੌੜੀ ਵਿੱਚ ਹੀ ਸਤਿਗੁਰੂ ਨੇ ਜਿਥੇ ਮਨੁੱਖ ਨੂੰ ਇਹ ਚੇਤੰਨ ਕਰਾਇਆ ਹੈ ਕਿ ਆਪਣੇ ਹੀ ਹਿਰਦੇ ਘਰ ਵਿੱਚ ਵਸ ਰਹੇ ਅਕਾਲ-ਪੁਰਖ ਨਾਲ ਸਾਡੀ ਸਾਂਝ ਇਸ ਕਰਕੇ ਨਹੀਂ ਬਣ ਰਹੀ ਕਿਉਂਕਿ ਸਾਡੇ ਅਤੇ ਅਕਾਲ-ਪੁਰਖ ਵਿਚਕਾਰ ਇਕ ਕੂੜ ਦੀ ਦੀਵਾਰ ਖੜੀ ਹੈ, ਅਤੇ ਇਸ ਦੀਵਾਰ ਨੂੰ ਢਾਹੁਣ ਦਾ ਇਹੀ ਤਰੀਕਾ ਦਸਿਆ ਹੈ :

"ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥1॥"

(ਤਾਂ ਫਿਰ) ਅਕਾਲ ਪੁਰਖ ਦਾ ਪ੍ਰਕਾਸ਼ ਹੋਣ ਲਈ ਯੋਗ ਕਿਵੇਂ ਬਣ ਸਕੀਦਾ ਹੈ (ਅਤੇ ਸਾਡੇ ਅੰਦਰ ਦਾ) ਕੂੜ ਦਾ ਪਰਦਾ ਕਿਵੇਂ ਟੁੱਟ ਸਕਦਾ ਹੈ ? ਰਜ਼ਾ ਦੇ ਮਾਲਕ ਅਕਾਲ ਪੁਰਖ ਦੇ ਹੁਕਮ ਵਿਚ ਤੁਰਨਾ-(ਇਹੀ ਇਕ ਵਿਧੀ ਹੈ)। ਹੇ ਨਾਨਕ ! (ਇਹ ਵਿਧੀ) ਧੁਰ ਤੋਂ ਹੀ ਜਦ ਤੋਂ ਜਗਤ ਬਣਿਆ ਹੈ, ਲਿਖੀ ਚਲੀ ਆ ਰਹੀ ਹੈ ।1।

ਸੁਆਸ-ਸੁਆਸ ਨਾਮ ਸਿਮਰਨ ਕਿਵੇਂ ਹੁੰਦਾ ਹੈ ?

ਅਕਾਲ-ਪੁਰਖ ਦੀ ਰਜ਼ਾ ਨੂੰ ਸਮਝਣ ਅਤੇ ਰਜ਼ਾ ਵਿੱਚ ਚਲਣ ਦੀ ਜਾਚ, ਕੇਵਲ ਤੇ ਕੇਵਲ ਗੁਰਬਾਣੀ ਨੂੰ ਵਿਚਾਰ ਕੇ ਪੜ੍ਹਨ ਨਾਲ ਹੀ ਆਉਂਦੀ ਹੈ। ਇਥੇ ਇਹ ਗਲ ਵੀ ਸਪਸ਼ਟ ਸਮਝ ਲੈਣੀ ਚਾਹੀਦੀ ਹੈ ਕਿ ਕੇਵਲ ਗੁਰਬਾਣੀ ਵੀਚਾਰ ਲੈਣਾ, ਸਮਝ ਲੈਣਾ ਹੀ ਕਾਫ਼ੀ ਨਹੀਂ ਹੈ। ਬੇਸ਼ੱਕ ਇਹ ਇਕ ਅਤਿ ਮਹੱਤਵ ਪੂਰਨ ਪਉੜੀ ਹੈ, ਪਰ ਅਸਲ ਗਲ ਤਾਂ ਇਹ ਹੈ ਕਿ ਗੁਰਬਾਣੀ ਸਾਡਾ ਜੀਵਨ ਬਣ ਜਾਵੇ। ਜਿਵੇਂ ਸਤਿਗੁਰੂ ਰਾਮਦਾਸ ਪਾਤਿਸ਼ਾਹ ਫੁਰਮਾਂਉਂਦੇ ਹਨ :

"ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥"

(ਪੰਨਾ ੩੦੪)

ਅਸੀਂ ਗੁਰਬਾਣੀ ਕਿਵੇਂ ਬਣਾਂਗੇ? ਕੀ ਸਾਨੂੰ ਕੋਈ ਕਿਤਾਬੀ ਯਾ ਅਖਰੀ ਰੂਪ ਧਾਰਨ ਕਰਨਾ ਪਵੇਗਾ? ਨਹੀਂ। ਜਿਸ ਦਿਨ ਅਸੀਂ ਗੁਰਬਾਣੀ ਦੇ ਗੁਣ ਆਪਣੇ ਜੀਵਨ ਵਿੱਚ ਧਾਰਨ ਕਰ ਲਏ, ਅਸੀਂ ਗੁਰਬਾਣੀ ਬਣ ਗਏ।

ਫੇਰ ਜਿਸ ਵੇਲੇ ਮਨੁੱਖ ਕੇਵਲ ਗਿਆਨ ਪ੍ਰਾਪਤ ਕਰਨ ਦੀ ਸੀਮਾਂ ਤੋਂ ਅਗੇ ਜਾਕੇ ਗੁਰਬਾਣੀ ਤੇ ਪੂਰਨ ਸ਼ਰਧਾ, ਪੂਰਨ ਵਿਸ਼ਵਾਸ ਲੈ ਆਉਂਦਾ ਹੈ, ਉਸ ਦਾ ਆਚਾਰ, ਵਿਹਾਰ, ਕਿਰਦਾਰ ਸਭ ਗੁਰਮਤਿ ਅਨੁਸਾਰ ਹੋ ਜਾਂਦਾ ਹੈ, ਸਾਡਾ ਇਹ ਭਾਂਡਾ ਅਕਾਲ-ਪੁਰਖ ਦਾ ਇਲਾਹੀ ਨਾਮ ਆਪਣੇ ਹਿਰਦੇ ਘਰ ਵਿੱਚ ਸਮੇਟਣ ਲਈ ਤਿਆਰ ਹੈ। ਫੇਰ ਪਤਾ ਹੀ ਨਹੀਂ ਚਲਦਾ ਕਦੋਂ ਅਕਾਲ-ਪੁਰਖ ਦੀ ਬਖਸ਼ਿਸ਼ ਹੋ ਜਾਂਦੀ ਹੈ, ਆਪਣੇ ਅੰਦਰ, ਬਾਹਰ, ਹਰ ਜਗ੍ਹਾ ਵਾਹਿਗੁਰੂ ਵਾਹਿਗੁਰੂ ਹੀ ਨਜ਼ਰ ਆਉਂਦਾ ਹੈ, ਕਣ-ਕਣ ਵਿੱਚ ਵਸਿਆ ਵਾਹਿਗੁਰੂ ਸਾਖਸ਼ਾਤ ਪ੍ਰਗਟ ਹੋ ਜਾਂਦਾ ਹੈ। ਸਤਿਗੁਰੂ ਅਮਰ ਪਾਤਿਸ਼ਾਹ ਦੀਆਂ ਇਹ ਪਾਵਨ ਪੰਕਤੀਆਂ ਅਮਲੀ ਬਣ ਜਾਂਦੀਆਂ ਹਨ :

"ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਏਹੁ ਹਰਿ ਕਾ ਰੂਪੁ ਹੈ,
ਹਰਿ ਰੂਪੁ ਨਦਰੀ ਆਇਆ ॥ ਗੁਰ ਪਰਸਾਦੀ ਬੁਝਿਆ,
ਜਾ ਵੇਖਾ ਹਰਿ ਇਕੁ ਹੈ, ਹਰਿ ਬਿਨੁ ਅਵਰੁ ਨ ਕੋਈ ॥"

{ਰਾਮਕਲੀ ਮਹਲਾ ੩,ਅਨੰਦੁ, ਪੰਨਾ ੯੨੨}

(ਹੇ ਅੱਖੀਓ !) ਇਹ ਸਾਰਾ ਸੰਸਾਰ ਜੋ ਤੁਸੀ ਵੇਖ ਰਹੀਆਂ ਹੋ, ਇਹ ਪ੍ਰਭੂ ਦਾ ਹੀ ਰੂਪ ਹੈ, ਪ੍ਰਭੂ ਦਾ ਹੀ ਰੂਪ ਦਿੱਸ ਰਿਹਾ ਹੈ ।ਗੁਰੂ ਦੀ ਕਿਰਪਾ ਨਾਲ ਮੈਨੂੰ ਸਮਝ

ਪਈ ਹੈ, ਹੁਣ ਮੈਂ ਜਦੋਂ (ਚੁਫੇਰੇ) ਵੇਖਦਾ ਹਾਂ, ਹਰ ਥਾਂ ਇਕ ਪਰਮਾਤਮਾ ਹੀ ਦਿੱਸਦਾ ਹੈ, ਉਸ ਤੋਂ ਬਿਨਾ ਹੋਰ ਕੁਝ ਨਹੀਂ ।

ਇਹ ਅਵਸਥਾ ਕਿਸੇ ਇਕ ਸ਼ਬਦ ਦੇ ਰਟਨ ਨਾਲ ਨਹੀਂ ਆ ਸਕਦੀ। ਬਲਕਿ ਰਟਨ ਦੀ ਗੱਲ ਤਾਂ ਨਾ ਪਹਿਲੇ ਹੈ ਨਾ ਬਾਅਦ ਵਿੱਚ। ਬਾਅਦ ਦੀ ਅਵਸਥਾ ਤਾਂ ਹੋਰ ਵੀ ਲਾਜੁਆਬ ਹੈ, ਜਿਥੇ ਜ਼ੁਬਾਨ ਵਰਤਣ ਦੀ ਲੋੜ ਹੀ ਨਹੀਂ ਪੈਂਦੀ। ਇਹੀ ਉਹ ਅਵਸਥਾ ਹੈ ਜਿਸ ਨੂੰ ਅਸੀਂ ਸੁਆਸ ਸੁਆਸ ਸਿਮਰਨ ਦੀ ਅਵਸਥਾ ਕਹਿੰਦੇ ਹਾਂ। ਜਿਸ ਬਾਰੇ ਗੁਰਬਾਣੀ ਇੰਝ ਫੁਰਮਾਂਉਂਦੀ ਹੈ :

"ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥"

(ਮਲਾਰ ਮਹਲਾ ੧, ਪੰਨਾ ੧੨੫੬)

ਜੇ ਕੋਈ ਮਨੁੱਖ ਵਿਖਾਵਾ ਛੱਡ ਕੇ ਆਪਣੇ ਹਿਰਦੇ ਵਿਚ ਉਸ ਦਾ ਨਾਮ ਜਪਦਾ ਰਹੇ, ਤਾਂ ਕੋਈ ਇਹੋ ਜਿਹਾ ਮਨੁੱਖ ਹੀ ਇਹ ਸਮਝ ਲੈਂਦਾ ਹੈ ਕਿ ਉਸ ਪਰਮਾਤਮਾ ਦਾ ਨਾਮ ਜਪਣ ਵਿਚ ਆਨੰਦ ਕਿਹੋ ਜਿਹਾ ਹੈ ।

"ਹਿਰਦੈ ਜਪਉ ਨੇਤ੍ਰ ਧਿਆਨੁ ਲਾਵਉ ਸ੍ਰਵਨੀ ਕਥਾ ਸੁਨਾਏ ॥
ਚਰਣੀ ਚਲਉ ਮਾਰਗਿ ਠਾਕੁਰ ਕੈ ਰਸਨਾ ਹਰਿ ਗੁਣ ਗਾਏ ॥"

{ਸਾਰਗ ਮਹਲਾ ੫-ਪੰਨਾ ੧੨੦੪}

ਹੇ ਭਾਈ ! (ਜਦੋਂ ਦਾ ਮੈਂ ਪਰਮਾਤਮਾ ਦੀ ਸਰਨ ਪਿਆ ਹਾਂ, ਤਦੋਂ ਤੋਂ ਹੁਣ) ਮੈਂ ਆਪਣੇ ਹਿਰਦੇ ਵਿਚ (ਪਰਮਾਤਮਾ ਦਾ ਨਾਮ) ਜਪਦਾ ਹਾਂ, ਅੱਖਾਂ ਵਿਚ ਉਸ ਦਾ ਧਿਆਨ ਧਰਦਾ ਹਾਂ, ਕੰਨਾਂ ਨਾਲ ਉਸ ਦੀ ਸਿਫ਼ਤਿ-ਸਾਲਾਹ ਸੁਣਦਾ ਹਾਂ, ਪੈਰਾਂ ਨਾਲ ਉਸ ਮਾਲਕ-ਪ੍ਰਭੂ ਦੇ ਰਸਤੇ ਤੇ ਤੁਰਦਾ ਹਾਂ, ਮੇਰੀ ਜੀਭ ਉਸ ਦੇ ਗੁਣ ਗਾਂਦੀ ਰਹਿੰਦੀ ਹੈ ।

ਐਸੀ ਅਵਸਥਾ ਵਿੱਚ ਸਭ ਪਾਪ ਕਰਮਾਂ ਦਾ ਨਾਸ ਹੋ ਜਾਂਦਾ ਹੈ, ਸਭ ਵੈਰ, ਵਿਰੋਧ, ਈਰਖਾ, ਦਵੈਸ਼ ਮਿੱਟ ਜਾਂਦੇ ਹਨ। ਪੈਰ ਸਿਰਫ ਧਰਮ ਦੇ ਮਾਰਗ ਤੇ ਚਲਣਾ ਲੋਚਦੇ ਹਨ, ਕੰਨਾਂ ਵਿੱਚ ਹਰ ਸਮੇਂ ਕੇਵਲ ਅਕਾਲ-ਪੁਰਖ ਦੀ ਸਿਫਤ ਸਲਾਹ ਦੀ ਇਲਾਹੀ ਬਾਣੀ ਭਾਵ ਗੁਰਬਾਣੀ ਦੀਆਂ ਹੀ ਗੂੰਜਾਂ ਪੈਂਦੀਆਂ ਹਨ। ਇਸ ਅਵਸਥਾ ਨੂੰ ਭਗਤ ਰਵਿਦਾਸ ਜੀ ਇੰਝ ਬਿਆਨ ਕਰਦੇ ਹਨ:

"ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ,
ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥"

{ਧਨਾਸਰੀ ਭਗਤ ਰਵਿਦਾਸ ਜੀ ਕੀ, ਪੰਨਾ ੬੯੪}

ਮੈਂ ਚਿੱਤ ਨਾਲ ਪ੍ਰਭੂ ਦਾ ਸਿਮਰਨ ਕਰਦਾ ਰਹਾਂ, ਅੱਖਾਂ ਨਾਲ ਉਸ ਦਾ ਦੀਦਾਰ ਕਰਦਾ ਰਹਾਂ, ਕੰਨਾਂ ਵਿਚ ਉਸ ਦੀ ਬਾਣੀ ਤੇ ਉਸ ਦਾ ਸੋਹਣਾ ਜਸ ਭਰੀ ਰੱਖਾਂ।

ਫਿਰ ਮਨੁੱਖ ਹਰ ਵੇਲੇ ਵਾਹਿਗੁਰੂ ਦੀ ਕੁਦਰਤ ਰਾਹੀਂ ਵਾਹਿਗੁਰੂ ਦੇ ਨਾਲ ਜੁੜਿਆ ਰਹਿੰਦਾ ਹੈ। ਕੁਦਰਤ ਦੇ ਉਹ ਭੇਦ ਜਿਹੜੇ ਕੱਲ ਤਕ ਆਮ ਗੱਲਾਂ ਨਜ਼ਰ ਆਉਂਦੀਆਂ ਸਨ, ਅਜ ਸਾਖਸ਼ਾਤ ਅਚੰਭੇ ਨਜ਼ਰ ਆਉਣ ਲੱਗ ਪੈਂਦੇ ਹਨ। ਕਦੋਂ ਦੀ ਸ੍ਰਿਸ਼ਟੀ ਬਣੀ ਹੈ, ਕਿਤਨੇ ਜੀਵ, ਮਨੁੱਖਾਂ ਦੇ ਕਿਤਨੇ ਰੂਪ, ਕਿਤਨੇ ਰੰਗ, ਕਿਤਨੀਆਂ ਅਵਾਜ਼ਾਂ? ਸਾਡਾ ਕੋਈ ਮਿੱਤਰ ਮਿਲਣ ਆਉਂਦਾ ਹੈ, ਬੰਦ ਦਰਵਾਜ਼ੇ ਦੇ ਬਾਹਰੋਂ ਅਵਾਜ਼ ਦੇਂਦਾ ਹੈ, ਸਾਨੂੰ ਅੰਦਰੋਂ ਅਵਾਜ਼ ਤੋਂ ਪਹਿਚਾਣ ਹੋ ਜਾਂਦੀ ਹੈ। ਆਵਾਜ਼ਾਂ ਦੇ ਕਿਤਨੇ ਭੇਦ? ਜਦੋਂ ਦੀ ਸ੍ਰਿਸ਼ਟੀ ਸਜੀ ਹੈ, ਧਰਤੀ ਦੀ ਕੁੱਖ ਚੋਂ ਅੰਨ ਉਪਜੀ ਹੀ ਜਾਂਦਾ ਹੈ, ਕਿੰਨਾ ਕੁ ਅੰਨ ਭਰਿਆ ਹੈ, ਅਕਾਲ-ਪੁਰਖ ਨੇ ਇਸ ਧਰਤੀ ਦੀ ਕੁੱਖ ਵਿੱਚ? ਬੰਦ ਪੱਥਰ ਵਿੱਚ ਜਨਮੇਂ ਕੀੜੇ ਦੀ ਵੀ ਪਾਲਣਾ ਹੋ ਰਹੀ ਹੈ:

"ਸੈਲ ਪਥਰ ਮਹਿ ਜੰਤ ਉਪਾਏ,
ਤਾ ਕਾ ਰਿਜਕੁ ਆਗੈ ਕਰਿ ਧਰਿਆ ॥1॥"

ਅਜ ਦੇ ਵਿਗਿਆਨਕ ਯੁੱਗ ਵਿੱਚ ਸਾਡੇ ਜੀਵਨ ਵਿੱਚ ਵਰਤੀਆਂ ਜਾ ਰਹੀਆਂ ਭਾਂਤ-ਭਾਂਤ ਦੀਆਂ ਮਸ਼ੀਨਾਂ, ਟੀ ਵੀ ਨਾਂ ਦੇ ਡਿੱਬੇ ਵਿੱਚ ਜਿਉਂਦੇ ਇਨਸਾਨਾਂ ਵਾਂਗੂੰ ਮੂਰਤਾਂ ਦਾ ਬੋਲਣਾ, ਨੱਚਣਾ, ਟੱਪਣਾ, ਜਿਸਦਾ ਕੇਂਦਰ ਪਤਾ ਨਹੀਂ ਕਿਥੇ ਹੈ, ਦੂਜੇ ਗ੍ਰਹਾਂ ਦੀ ਖੋਜ ਲਈ ਪੁਲਾੜ ਯੰਤ੍ਰਾਂ ਦਾ ਜਾਣਾ ਅਤੇ ਉਨ੍ਹਾਂ ਦਾ ਸਾਰਾ ਕੰਟਰੋਲ ਧਰਤੀ ਤੇ ਬੈਠੇ ਇਨਸਾਨ ਦੇ ਹੱਥ ਵਿੱਚ ਹੋਣਾ। ਕੁਦਰਤ ਦੀ ਕਿਹੜੀ ਚੀਜ਼ ਹੈ ਜੋ ਅਚੰਭਤ ਕਰ ਦੇਣ ਵਾਲੀ ਨਹੀਂ? ਇਥੇ ਇਕ ਖਿਆਲ ਆਵੇਗਾ, ਇਹ ਮਸ਼ੀਨਾਂ ਤਾਂ ਇਨਸਾਨ ਨੇ ਬਣਾਈਆਂ ਹਨ। ਬੇਸ਼ਕ ਮਸ਼ੀਨਾਂ ਇਨਸਾਨ ਨੇ ਬਣਾਈਆਂ ਹਨ ਪਰ ਜਿਥੇ ਇਨ੍ਹਾਂ ਨੂੰ ਬਣਾਉਣ ਦੀ ਸੂਝ ਮੇਰੇ ਅਕਾਲ-ਪੁਰਖ ਨੇ ਬਖਸ਼ੀ ਹੈ, ਉਹ ਮਾਧਿਅਮ ਜਿਨ੍ਹਾਂ ਰਾਹੀ ਮਸ਼ੀਨਾਂ ਕੰਮ ਕਰ ਰਹੀਆਂ ਹਨ, ਅਕਾਲ ਪੁਰਖ ਨੇ ਹੀ ਬਣਾਏ ਹਨ, ਉਸ ਦੀ ਕੁਦਰਤ ਦਾ ਹੀ ਹਿੱਸਾ ਹਨ। ਅਕਾਲ-ਪੁਰਖ ਦੇ ਇਨ੍ਹਾਂ ਅਚੰਭਤ ਕਰ ਦੇਣ ਵਾਲੇ ਗੁਣਾਂ ਦਾ ਵਰਨਣ ਸਤਿਗੁਰੂ ਗੁਰਬਾਣੀ ਵਿੱਚ ਇੰਝ ਕਰਦੇ ਹਨ:

"ਵਿਸਮਾਦੁ ਨਾਦ ਵਿਸਮਾਦੁ ਵੇਦ ॥

ਵਿਸਮਾਦੁ ਜੀਅ ਵਿਸਮਾਦੁ ਭੇਦ ॥
ਵਿਸਮਾਦੁ ਰੂਪ ਵਿਸਮਾਦੁ ਰੰਗ ॥
ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥
ਵਿਸਮਾਦੁ ਸਾਦਿ ਲਗਹਿ ਪਰਾਣੀ ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥
ਵਿਸਮਾਦੁ ਭੁਖ ਵਿਸਮਾਦੁ ਭੋਗੁ ॥
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥
ਵਿਸਮਾਦੁ ਉਝੜ ਵਿਸਮਾਦੁ ਰਾਹ ॥
ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥
ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵੇਖਿ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੈ ਭਾਗਿ ॥1॥"

{ਸਲੋਕ ਮਃ ੧, ਪੰਨਾ ੪੬੩-੪੬੪}

ਹੇ ਨਾਨਕ ! (ਰੱਬ ਦੀ) ਅਚਰਜ ਕੁਦਰਤ ਨੂੰ ਪੂਰੇ ਭਾਗਾਂ ਨਾਲ ਸਮਝਿਆ ਜਾ ਸਕਦਾ ਹੈ; ਇਸ ਨੂੰ ਵੇਖ ਕੇ ਮਨ ਵਿਚ ਕਾਂਬਾ ਜਿਹਾ ਛਿੜ ਰਿਹਾ ਹੈ ।

ਕਈ ਨਾਦ ਤੇ ਕਈ ਵੇਦ; ਬੇਅੰਤ ਜੀਵ ਤੇ ਜੀਵਾਂ ਦੇ ਕਈ ਭੇਦ; ਜੀਵਾਂ ਦੇ ਤੇ ਹੋਰ ਪਦਾਰਥਾਂ ਦੇ ਕਈ ਰੂਪ ਤੇ ਕਈ ਰੰਗ—ਇਹ ਸਭ ਕੁਝ ਵੇਖ ਕੇ ਵਿਸਮਾਦ ਅਵਸਥਾ ਬਣ ਰਹੀ ਹੈ ।

ਕਈ ਜੰਤ (ਸਦਾ) ਨੰਗੇ ਹੀ ਫਿਰ ਰਹੇ ਹਨ; ਕਿਤੇ ਪਉਣ ਹੈ ਅਤੇ ਕਿਤੇ ਪਾਣੀ ਹੈ, ਕਿਤੇ ਕਈ ਅਗਨੀਆਂ ਅਚਰਜ ਖੇਡਾਂ ਕਰ ਰਹੀਆਂ ਹਨ; ਧਰਤੀ ਤੇ ਧਰਤੀ ਦੇ ਜੀਵਾਂ ਦੀ ਉਤਪੱਤੀ ਦੀਆਂ ਚਾਰ ਖਾਣੀਆਂ—ਇਹ ਕੁਦਰਤ ਵੇਖ ਕੇ ਮਨ ਵਿਚ ਥੱਰਾਹਟ ਪੈਦਾ ਹੋ ਰਹੀ ਹੈ ।

ਜੀਵ ਪਦਾਰਥਾਂ ਦੇ ਸੁਆਦ ਵਿਚ ਲੱਗ ਰਹੇ ਹਨ; ਕਿਤੇ ਜੀਵਾਂ ਦਾ ਮੇਲ ਹੈ, ਕਿਤੇ ਵਿਛੋੜਾ ਹੈ; ਕਿਤੇ ਭੁੱਖ (ਸਤਾ ਰਹੀ ਹੈ), ਕਿਤੇ ਪਦਾਰਥਾਂ ਦਾ ਭੋਗ ਹੈ (ਭਾਵ,

ਕਿਤੇ ਕਈ ਪਦਾਰਥ ਛਕੇ ਜਾ ਰਹੇ ਹਨ), ਕਿਤੇ (ਕੁਦਰਤ ਦੇ ਮਾਲਕ ਦੀ) ਸਿਫ਼ਤਿ-ਸਾਲਾਹ ਹੋ ਰਹੀ ਹੈ, ਕਿਤੇ ਔਝੜ ਹੈ, ਕਿਤੇ ਰਸਤੇ ਹਨ—ਇਹ ਅਚਰਜ ਖੇਡ ਵੇਖ ਕੇ ਮਨ ਵਿਚ ਹੈਰਤ ਹੋ ਰਹੀ ਹੈ ।

(ਕੋਈ ਆਖਦਾ ਹੈ ਰੱਬ) ਨੇੜੇ ਹੈ (ਕੋਈ ਆਖਦਾ ਹੈ) ਦੂਰ ਹੈ; (ਕੋਈ ਆਖਦਾ ਹੈ ਕਿ) ਸਭ ਥਾਈਂ ਵਿਆਪਕ ਹੋ ਕੇ ਜੀਵਾਂ ਦੀ ਸੰਭਾਲ ਕਰ ਰਿਹਾ ਹੈ—ਇਸ ਅਚਰਜ ਕੌਤਕ ਨੂੰ ਤੱਕ ਕੇ ਝਰਨਾਟ ਛਿੜ ਰਹੀ ਹੈ । ਹੇ ਨਾਨਕ ! ਇਸ ਇਲਾਹੀ ਤਮਾਸ਼ੇ ਨੂੰ ਵੱਡੇ ਭਾਗਾਂ ਨਾਲ ਸਮਝਿਆ ਜਾ ਸਕਦਾ ਹੈ ।1।

ਅਕਾਲ-ਪੁਰਖ ਦੀ ਕੁਦਰਤਿ ਦੀ ਹਰ ਚੀਜ਼ ਅਚੰਭਤ ਕਰ ਦੇਣ ਵਾਲੀ ਹੈ। ਅਸਲ ਵਿਚ ਤਾਂ ਜਦੋਂ ਅਕਾਲ- ਪੁਰਖੁ ਦੇ ਐਸੇ ਅਚੰਭਤ ਕਰ ਦੇਣ ਵਾਲੇ ਬੇਅੰਤ ਗੁਣਾਂ ਨੂੰ ਵੇਖਦੇ ਅਤੇ ਮਹਿਸੂਸ ਕਰਦੇ ਹੋਏ ਮਨ ਵਿਸਮਾਦ ਦੀ ਅਵਸਥਾ ਵਿਚ ਆਂਦਾ ਹੈ ਤੇ ਮੂਹੋਂ ਆਪ ਮੁਹਾਰੇ ਵਾਹਿਗੁਰੂ ਵਾਹਿਗੁਰੂ ਨਿਕਲਣ ਲਗ ਪੈਂਦਾ ਹੈ, ਇਹ ਹੈ ਵਾਹਿਗੁਰੂ ਸ਼ਬਦ ਦੁਆਰਾ ਵਾਹਿਗੁਰੂ ਦਾ ਸਿਮਰਨ ਕਰਨਾ । ਫਿਰ ਤਾਂ ਹਰ ਵੇਲੇ ਹਿਰਦੇ ਵਿੱਚ ਵੀ ਅਕਾਲ-ਪੁਰਖੁ ਵਸਿਆ ਰਹਿੰਦਾ ਹੈ ਅਤੇ ਰਸਨਾ 'ਚੋਂ ਵੀ ਹਰ ਵੇਲੇ ਵਾਹਿਗੁਰੂ ਹੀ ਨਿਕਲਦਾ ਹੈ। ਇਸ ਅਵਸਥਾ ਨੂੰ ਭਗਤ ਕਬੀਰ ਜੀ ਇੰਝ ਬਿਆਨ ਕਰਦੇ ਹਨ:

"ਕਬੀਰ ਸੁਪਨੈ ਹੂ ਬਰੜਾਇ ਕੈ, ਜਿਹ ਮੁਖਿ ਨਿਕਸੈ ਰਾਮੁ ॥
ਤਾ ਕੇ ਪਗ ਕੀ ਪਾਨਹੀ, ਮੇਰੇ ਤਨ ਕੋ ਚਾਮੁ ॥63॥"

(ਪੰਨਾ ੧੩੬੭)

ਹੇ ਕਬੀਰ ! ਸੁੱਤੇ ਪਿਆਂ ਸੁਪਨੇ ਵਿਚ ਉੱਚੀ ਬੋਲਿਆਂ ਜੇ ਕਿਸੇ ਮਨੁੱਖ ਦੇ ਮੂਹੋਂ ਪਰਮਾਤਮਾ ਦਾ ਨਾਮ ਨਿਕਲੇ ਤਾਂ ਉਸ ਦੇ ਪੈਰਾਂ ਦੀ ਜੁੱਤੀ ਵਾਸਤੇ ਮੇਰੇ ਸਰੀਰ ਦੀ ਖੱਲ ਹਾਜ਼ਰ ਹੈ (ਭਾਵ, ਮੈਂ ਹਰ ਤਰ੍ਹਾਂ ਉਸ ਦੀ ਸੇਵਾ ਕਰਨ ਨੂੰ ਤਿਆਰ ਹਾਂ) ।63।

ਇਹੀ ਨਾਮ ਸਿਮਰਨ ਦੀ ਸਿਖਰ ਅਵਸਥਾ ਹੈ, ਜਿਥੇ ਅਮੋਲਕ ਨਾਮ ਧਨੁ ਹਿਰਦੇ ਵਿੱਚ ਵੱਸ ਗਿਆ, ਫਿਰ ਮਨ ਮਾਇਆ ਦੇ ਬੰਧਨਾਂ ਤੋਂ ਮੁਕਤਿ ਹੋ ਕੇ, ਹਰ ਵੇਲੇ, ਹਰ ਪਲ, ਵਾਹਿਗੁਰੂ ਦੀ ਸਿਫਤ ਸਲਾਹ ਵਿੱਚ ਹੀ ਜੁੜਿਆ ਰਹਿਣਾ ਚਾਹੁੰਦਾ ਹੈ। ਸੁੱਖ ਦਾ ਸਮਾਂ ਹੋਵੇ ਭਾਵੇਂ ਦੁਖ ਦਾ, ਸਹਿਜ ਅਵਸਥਾ ਵਿੱਚ ਟਿੱਕਿਆ ਮਨ, ਹਰ ਵੇਲੇ ਅਕਾਲ-ਪੁਰਖ ਵਿੱਚ ਹੀ ਲੀਨ ਰਹਿੰਦਾ ਹੈ। ਜਿਹਬਾ ਹਰ ਵੇਲੇ ਆਪਣੇ ਪਿਆਰੇ ਦੇ ਗੁਣ ਗਾਉਣਾ ਚਾਹੁੰਦੀ ਹੈ:

"ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ ॥
ਸਚੇ ਸੇਤੀ ਰਤਿਆ ਮਿਲਿਆ ਨਿਥਾਵੇ ਥਾਉ ॥1॥"

{ਗਉੜੀ ਮਾਝ ਮਹਲਾ ੫, ਪੰਨਾ ੨੧੮}

ਹੇ ਮੇਰੀ ਜਿੰਦੇ ! ਤੂੰ ਹਰੀ ਦੇ ਪਿਆਰੇ ਲੱਗਣ ਵਾਲੇ ਗੁਣ ਗਾਂਦੀ ਰਿਹਾ ਕਰ। ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਦੇ ਨਾਲ ਰੱਤੇ ਰਿਹਾਂ ਉਸ ਮਨੁੱਖ ਨੂੰ ਭੀ (ਹਰ ਥਾਂ) ਆਦਰ ਮਿਲ ਜਾਂਦਾ ਹੈ ਜਿਸ ਨੂੰ ਪਹਿਲਾਂ ਕਿਤੇ ਕਦੇ ਢੋਈ ਨਹੀਂ ਮਿਲਦੀ ।1।

"ਕਾਲੁ ਮਾਰਿ ਮਨਸਾ ਮਨਹਿ ਸਮਾਣੀ ਅੰਤਰਿ ਨਿਰਮਲੁ ਨਾਉ ॥
ਅਨਦਿਨੁ ਜਾਗੈ ਕਦੇ ਨ ਸੋਵੈ ਸਹਜੇ ਅੰਮ੍ਰਿਤੁ ਪਿਆਉ ॥
ਮੀਠਾ ਬੋਲੇ ਅੰਮ੍ਰਿਤ ਬਾਣੀ ਅਨਦਿਨੁ ਹਰਿ ਗੁਣ ਗਾਉ ॥
ਨਿਜ ਘਰਿ ਵਾਸਾ ਸਦਾ ਸੋਹਦੇ
ਨਾਨਕ ਤਿਨ ਮਿਲਿਆ ਸੁਖੁ ਪਾਉ ॥2॥"

{ਮ: ੩, ਪੰਨਾ ੮੫੩}

ਹੇ ਭਾਈ ! ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਪਵਿੱਤਰ ਨਾਮ ਵੱਸਦਾ ਹੈ ਉਹ ਆਤਮਕ ਮੌਤ ਨੂੰ ਮੁਕਾ ਕੇ ਮਨ ਦੇ ਮਾਇਕ ਫੁਰਨੇ ਨੂੰ ਮਨ ਵਿਚ ਹੀ ਦੱਬ ਦੇਂਦਾ ਹੈ । ਉਹ ਮਨੁੱਖ (ਮਾਇਆ ਦੇ ਹੱਲਿਆਂ ਵਲੋਂ) ਹਰ ਵੇਲੇ ਸੁਚੇਤ ਰਹਿੰਦਾ ਹੈ, ਕਦੇ ਉਹ (ਗ਼ਫ਼ਲਤ ਦੀ ਨੀਂਦ ਵਿਚ) ਨਹੀਂ ਸੌਂਦਾ । ਆਤਮਕ ਅਡੋਲਤਾ ਵਿਚ ਟਿਕ ਕੇ ਪਰਮਾਤਮਾ ਦਾ ਨਾਮ-ਅੰਮ੍ਰਿਤ (ਉਸ ਦੀ) ਖ਼ੁਰਾਕ ਹੁੰਦਾ ਹੈ । ਉਹ ਮਨੁੱਖ (ਸਦਾ) ਮਿੱਠਾ ਬੋਲਦਾ ਹੈ, (ਸਤਿਗੁਰੂ ਦੀ) ਆਤਮਕ ਜੀਵਨ ਦੇਣ ਵਾਲੀ ਬਾਣੀ ਦੀ ਰਾਹੀਂ ਉਹ ਹਰ ਵੇਲੇ ਪਰਮਾਤਮਾ ਦੇ ਗੁਣ ਗਾਂਦਾ ਹੈ ।

ਇਹੋ ਜਿਹੇ ਮਨੁੱਖ ਸਦਾ ਪਰਮਾਤਮਾ ਦੇ ਚਰਨਾਂ ਵਿਚ ਟਿਕੇ ਰਹਿੰਦੇ ਹਨ, ਉਹਨਾਂ ਦਾ ਜੀਵਨ ਸੋਹਣਾ ਬਣ ਜਾਂਦਾ ਹੈ । ਹੇ ਨਾਨਕ ! (ਆਖ—ਹੇ ਭਾਈ !) ਇਹੋ ਜਿਹੇ ਮਨੁੱਖਾਂ ਨੂੰ ਮਿਲ ਕੇ ਮੈਂ ਭੀ ਆਤਮਕ ਆਨੰਦ ਮਾਣਦਾ ਹਾਂ ।2।

ਕਈ ਵੀਰ ਆਖਦੇ ਹਨ ਕਿ ਆਪ ਤਾਂ ਸੰਗਤਾਂ ਨੂੰ ਨਾਮ ਸਿਮਰਨ ਨਾਲੋਂ ਤੋੜ ਰਹੇ ਹੋ, ਜਦਕਿ ਗੁਰਬਾਣੀ ਤਾਂ ਬਾਰ ਬਾਰ ਰਟਨ ਦੀ ਗਲ ਕਰਦੀ ਹੈ। ਇਸ ਪੱਖ ਵਿੱਚ ਗੁਰਬਾਣੀ ਦੇ ਕਈ ਪ੍ਰਮਾਣ ਵੀ ਦਿਤੇ ਜਾਂਦੇ ਹਨ, ਜਿਵੇਂ :

"ਬਾਰੰਬਾਰ ਬਾਰ ਪ੍ਰਭੁ ਜਪੀਐ ॥
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥"

{ਗਉੜੀ ਸੁਖਮਨੀ ਮ: ੫, ਪੰਨਾ ੨੯੬}

(ਹੇ ਭਾਈ !) ਘੜੀ ਮੁੜੀ ਪ੍ਰਭੂ ਨੂੰ ਸਿਮਰੀਏ, ਤੇ (ਨਾਮ-) ਅੰਮ੍ਰਿਤ ਪੀ ਕੇ ਇਸ ਮਨ ਨੂੰ ਤੇ ਸਰੀਰਕ ਇੰਦ੍ਰਿਆਂ ਨੂੰ ਰਜਾ ਦੇਵੀਏ ।

"ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥
ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ ॥14॥"

(ਫੁਨਹੇ ਮਹਲਾ 5, ਪੰਨਾ ੧੩੬੨)

ਜਿਹੜੀ ਜੀਭ ਪਰਮਾਤਮਾ ਦਾ ਨਾਮ ਨਹੀਂ ਜਪਦੀ, ਉਹ ਜੀਭ (ਦੁਨੀਆ ਦੇ ਝੰਬੇਲਿਆਂ ਦੀਆਂ ਗੱਲਾਂ ਅਤੇ ਨਿੰਦਾ ਆਦਿਕ ਦੀ ਕੈਂਚੀ ਨਾਲ ਹਰ ਵੇਲੇ) ਕੱਟੀ ਜਾ ਰਹੀ ਹੈ । ਹੇ ਸਹੇਲੀਏ ! ਜਦੋਂ ਪ੍ਰਭੂ-ਪਾਤਿਸ਼ਾਹ (ਦੀ ਯਾਦ) ਭੁੱਲ ਜਾਏ, ਤਦੋਂ ਦਿਨੋ ਦਿਨ (ਆਤਮਕ ਜੀਵਨ ਵਲੋਂ) ਕਮਜ਼ੋਰ ਹੁੰਦੇ ਜਾਈਦਾ ਹੈ ।

ਉਪਰੋਕਤ ਪੰਕਤੀਆਂ ਜਿਥੇ ਸਾਨੂੰ ਬਾਰ-ਬਾਰ, ਹਰ ਸਮੇਂ ਅਕਾਲ-ਪੁਰਖ ਦੀ ਸਿਫਤ-ਸਲਾਹ, ਵਿੱਚ ਲੀਨ ਰਹਿਣ ਦੀ ਸਿੱਖਿਆ ਦੇਂਦੀਆਂ ਹਨ, ਹਰ ਸਮੇਂ ਮਾਲਿਕ ਦੀ ਰਜ਼ਾ ਵਿੱਚ ਤੁਰਨ, ਉਸ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ, ਉਸ ਨੂੰ ਇਕ ਪਲ ਲਈ ਵੀ ਨਾ ਵਿਸਾਰਨ ਲਈ, ਪ੍ਰੇਰਨਾ ਦੇਂਦੀਆਂ ਹਨ। ਕਿਤੇ ਵੀ ਕਿਸੇ ਇਕ ਸ਼ਬਦ ਦੇ ਰਟਨ ਦੀ ਗੱਲ ਨਹੀਂ ਕੀਤੀ ਗਈ, ਇਹ ਕਿਸੇ ਦੇ ਆਪੇ, ਅਪਣੀ ਭਾਵਨਾ ਚੋਂ ਕੱਢੇ ਹੋਏ ਅਰਥ ਹੋ ਸਕਦੇ ਹਨ। ਅਸਲ ਵਿੱਚ ਗੁਰਬਾਣੀ ਵਿੱਚ ਜਿਥੇ ਵੀ ਅਕਾਲ-ਪੁਰਖ ਨੂੰ ਬਾਰ ਬਾਰ ਸਿਮਰਨ, ਹਰ ਪਲ ਸਿਮਰਨ ਜਾਂ ਦਿਨ ਰਾਤ ਸਿਮਰਨ ਦੀ ਗੱਲ ਆਉਂਦੀ ਹੈ, ਗੁਰਮਤਿ ਸਿਧਾਂਤ ਵਿਹੂਣੇ ਸਿੱਖ ਵੀਰ ਭੈਣਾਂ, ਸਨਾਤਨੀ ਪ੍ਰਭਾਵ ਅਧੀਨ ਉਸ ਨੂੰ ਬਾਰ ਬਾਰ ਵਾਹਿਗੁਰੂ ਵਾਹਿਗੁਰੂ ਰਟਨ ਦੇ ਅਰਥ ਆਪੇ ਹੀ ਕੱਢ ਲੈਂਦੇ ਹਨ। ਜਿਵੇਂ :

"ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥"

ਇਨ੍ਹਾਂ ਪੰਕਤੀਆਂ ਨੂੰ ਲੈਕੇ ਵੀ ਅਕਸਰ ਕਿਹਾ ਜਾਂਦਾ ਹੈ ਕਿ ਵੇਖੋ ਸਤਿਗੁਰੂ ਸਾਨੂੰ ਬਾਰ ਬਾਰ, ਹਰ ਸਾਹ ਨਾਲ ਵਾਹਿਗੁਰੂ ਵਾਹਿਗੁਰੂ ਰਟਨ ਲਈ ਕਹਿ ਰਹੇ ਹਨ

ਅਤੇ ਕਈ ਰਾਗੀਆਂ ਵਲੋਂ ਉਥੇ ਪੂਰੇ ਜੋਰ ਨਾਲ ਰੱਟੇ ਲਾਏ, ਲੁਆਏ ਜਾਂਦੇ ਹਨ। ਆਓ ਹੁਣ ਜ਼ਰਾ ਸ਼ਬਦ ਦਾ ਪੂਰਾ ਬੰਦ ਵੇਖੀਏ :

"ਧੁਰਿ ਖਸਮੈ ਕਾ ਹੁਕਮੁ ਪਇਆ
ਵਿਣੁ ਸਤਿਗੁਰ ਚੇਤਿਆ ਨ ਜਾਇ ॥
ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ,
ਸਦਾ ਰਹਿਆ ਲਿਵ ਲਾਇ॥
ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥
ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥
ਨਾਨਕ ਇਹੁ ਮਰਤਬਾ ਤਿਸ ਨੋ ਦੇਇ,
ਜਿਸ ਨੋ ਕਿਰਪਾ ਕਰੇ ਰਜਾਇ ॥2॥" {ਮ: ੩,ਪੰਨਾ ੫੫੬}

ਧੁਰੋਂ ਹੀ ਪ੍ਰਭੂ ਦਾ ਹੁਕਮ ਚਲਿਆ ਆਉਂਦਾ ਹੈ ਕਿ ਸਤਿਗੁਰੂ ਤੋਂ ਬਿਨਾਂ ਪ੍ਰਭੂ ਸਿਮਰਿਆ ਨਹੀਂ ਜਾ ਸਕਦਾ; ਸਤਿਗੁਰੂ ਦੇ ਮਿਲਿਆਂ ਪ੍ਰਭੂ ਮਨੁੱਖ ਦੇ ਹਿਰਦੇ ਵਿਚ ਵੱਸ ਪੈਂਦਾ ਹੈ ਤੇ ਮਨੁੱਖ ਸਦਾ ਉਸ ਵਿਚ ਬਿਰਤੀ ਜੋੜੀ ਰੱਖਦਾ ਹੈ; ਸੁਆਸ ਸੁਆਸ ਉਸ ਨੂੰ ਚੇਤਦਾ ਹੈ, ਇੱਕ ਭੀ ਸੁਆਸ ਖ਼ਾਲੀ ਨਹੀਂ ਜਾਂਦਾ; (ਇਸ ਤਰ੍ਹਾਂ ਉਸ ਦਾ) ਜੰਮਣ ਮਰਨ ਦਾ ਡਰ ਮੁੱਕ ਜਾਂਦਾ ਹੈ ਤੇ ਉਸ ਨੂੰ (ਅਸਲ ਮਨੁੱਖਾ) ਜੀਵਨ ਦਾ ਮਰਤਬਾ ਮਿਲ ਜਾਂਦਾ ਹੈ ।

ਹੇ ਨਾਨਕ ! ਪ੍ਰਭੂ ਇਹ ਦਰਜਾ (ਭਾਵ, ਜੀਵਨ-ਪਦਵੀ) ਉਸ ਮਨੁੱਖ ਨੂੰ ਦੇਂਦਾ ਹੈ ਜਿਸ ਤੇ ਆਪਣੀ ਰਜ਼ਾ ਵਿਚ ਮੇਹਰ ਕਰਦਾ ਹੈ ।2।

ਸ਼ਬਦ ਤੋਂ ਸਪਸ਼ਟ ਹੈ ਕਿ ਗੁਰੂ ਦੀ ਬਖਸ਼ਿਸ਼ ਦੁਆਰਾ ਅਕਾਲ-ਪੁਰਖ ਨੂੰ ਹਿਰਦੇ ਵਿੱਚ ਵਸਾਉਣ ਦੀ ਗੱਲ ਹੋ ਰਹੀ ਹੈ, ਉਸ ਅਵਸਥਾ ਦੀ ਗੱਲ ਹੋ ਰਹੀ ਹੈ ਜਿਸ ਨੂੰ ਪ੍ਰਾਪਤ ਕਰਨ ਤੋਂ ਬਾਅਦ ਇਨਸਾਨ ਹਰ ਵੇਲੇ, ਹਰ ਪਲ, ਹਰ ਸੁਆਸ ਅਕਾਲ-ਪੁਰਖ ਨਾਲ ਜੁੜਿਆ ਰਹਿੰਦਾ ਹੈ, ਨਾ ਕਿ ਕਿਸੇ ਇਕ ਸ਼ਬਦ ਦੇ ਰੱਟੇ ਲਾਉਣ ਦੀ।

ਸੁਖਮਨੀ ਬਾਣੀ ਦੀਆਂ ਹੇਠਲੀਆਂ ਪੰਕਤੀਆਂ ਦੇ ਅਰਥ ਵੀ ਅਕਸਰ ਇਹੀ ਕੱਢੇ ਜਾਂਦੇ ਹਨ ਕਿ ਸਤਿਗੁਰੂ, ਵਾਹਿਗੁਰੂ ਸ਼ਬਦ ਦੀ ਤੋਤਾ ਰਟਨੀ ਦਾ ਉਪਦੇਸ਼ ਦੇ ਰਹੇ ਹਨ:

"ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥
ਆਠ ਪਹਰ ਸਿਮਰਹੁ ਤਿਸੁ ਰਸਨਾ ॥" {ਪੰਨਾ ੨੬੯}

ਜਿਸ (ਪ੍ਰਭੂ) ਦੀ ਕ੍ਰਿਪਾ ਨਾਲ ਤੂੰ ਘਰ ਮੌਜਾਂ ਨਾਲ ਵੱਸ ਰਿਹਾ ਹੈਂ, ਉਸ ਨੂੰ ਜੀਭ ਨਾਲ ਅੱਠੇ ਪਹਰ ਯਾਦ ਕਰ।

"ਸਾਸਿ ਸਾਸਿ ਸਿਮਰਹੁ ਗੋਬਿੰਦ ॥
ਮਨ ਅੰਤਰ ਕੀ ਉਤਰੈ ਚਿੰਦ ॥" {ਪੰਨਾ ੨੯੫}

(ਹੇ ਭਾਈ !) ਦੰਮ-ਬ-ਦੰਮ ਪ੍ਰਭੂ ਨੂੰ ਯਾਦ ਕਰ, (ਤਾਂ ਜੁ) ਤੇਰੇ ਮਨ ਦੇ ਅੰਦਰ ਦੀ ਚਿੰਤਾ ਮਿਟ ਜਾਏ ।

ਜਦਕਿ ਸਤਿਗੁਰੂ ਇਸੇ ਬਾਣੀ ਵਿੱਚ ਸਾਨੂੰ ਸਮਝਾਉਂਦੇ, ਬਖਸ਼ਿਸ਼ ਕਰਦੇ ਹਨ ਕਿ ਵਾਹਿਗੁਰੂ ਦਾ ਸਿਮਰਨ ਤਾਂ, ਹਰ ਵੇਲੇ ਵਾਹਿਗੁਰੂ ਦੀ ਹਜ਼ੂਰੀ ਵਿੱਚ ਰਹਿਣਾ ਹੈ, ਭਾਵ ਅਕਾਲ-ਪੁਰਖ ਨੂੰ ਹਰ ਵੇਲੇ ਹਾਜ਼ਰ ਨਾਜ਼ਰ ਸਮਝਣਾ।

"ਆਠ ਪਹਰ ਪ੍ਰਭ ਬਸਹਿ ਹਜੂਰੇ ॥
ਕਹੁ ਨਾਨਕ ਸੇਈ ਜਨ ਪੂਰੇ ॥7॥" {ਪੰਨਾ ੨੯੬}

ਹੇ ਨਾਨਕ ! ਆਖ—ਉਹ ਮਨੁੱਖ ਪੂਰੇ ਭਾਂਡੇ ਹਨ ਜੋ ਅੱਠੇ ਪਹਰ ਪ੍ਰਭੂ ਦੀ ਹਜ਼ੂਰੀ ਵਿਚ ਵੱਸਦੇ ਹਨ ।7।

ਇਕੋ ਸ਼ਬਦ ਦੇ ਰੱਟੇ ਲਾਕੇ, ਸਿਰ ਹਿਲਾਉਣ ਵਾਲੇ ਅਕਸਰ ਕਹਿੰਦੇ ਹਨ ਕਿ, "ਇਹ ਗਿਆਨ ਦਾ ਵਿਸ਼ਾ ਨਹੀਂ ਹੈ। ਅਸੀਂ ਜਦ ਰਟਨ ਕਰਕੇ ਅਮਲੀ ਤੌਰ ਤੇ ਨਾਮ ਦਾ ਪੂਰਾ ਆਨੰਦ ਮਾਣਦੇ ਹਾਂ, ਤਾਂ ਫੇਰ ਕਿਸੇ ਸ਼ੰਕੇ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਇਹ ਗਿਆਨ ਦੀਆਂ ਗੱਲਾਂ ਨਾਮ ਵਿਹੂਣੇ ਲੋਕਾਂ ਦੀਆਂ ਢੁਚਕਰਾਂ ਹਨ। ਐਸੇ ਲੋਕਾਂ ਦੇ ਸੱਚੇ ਝੂਠੇ ਪ੍ਰਮਾਣ ਦਿਤੇ ਜਾਂਦੇ ਹਨ, ਜੋ ਇਸ ਤਰ੍ਹਾਂ ਨਾਮ ਜਪਦਿਆਂ ਆਪਣੇ ਆਪ ਵਿੱਚ ਗੁਆਚ ਜਾਂਦੇ ਸਨ ਜਾਂ ਜਿਨ੍ਹਾਂ ਦੀ ਐਸੀ ਲਿਵ ਲਗਦੀ ਕਿ ਕਈ ਕਈ ਘੰਟੇ ਸੁਰਤਿ ਵਾਪਿਸ ਨਾ ਮੁੜਦੀ ਆਦਿ"।

ਇਸ ਵਿੱਚ ਕੋਈ ਸ਼ਕ ਨਹੀਂ ਕਿ ਸ਼ਰਧਾ ਨਾਲ ਰਟਨ ਕਰਨ ਨਾਲ ਇਕ ਵਿਸ਼ੇਸ਼ ਕਿਸਮ ਦਾ ਆਨੰਦ ਮਹਿਸੂਸ ਹੁੰਦਾ ਹੈ। ਪਹਿਲਾਂ ਤਾਂ ਇਕ ਲੈਅ ਵਿੱਚ ਰਟਨ ਕਰਨ ਨਾਲ ਸੰਗੀਤਕ ਆਨੰਦ ਆਉਂਦਾ ਹੈ, ਦੂਸਰਾ ਵਧੇਰੇ ਅਸਰ ਸਾਡੀਆਂ ਆਪਣੀਆਂ ਭਾਵਨਾਵਾਂ ਅਤੇ ਸ਼ਰਧਾ ਦਾ ਹੁੰਦਾ ਹੈ। ਪਰ ਇਸ ਸੁਆਦ ਤੋਂ ਇਹ ਸਮਝਣਾ ਕਿ ਇਹ ਗੁਰਮਤਿ ਅਨੁਸਾਰ ਨਾਮ ਸਿਮਰਨ ਹੈ, ਬਿਲਕੁਲ ਗਲਤ ਹੈ ਕਿਉਂਕਿ ਇਹ ਸੁਆਦ ਤਾਂ ਉਹ ਵੀ ਪੂਰੀ ਤਰ੍ਹਾਂ ਮਾਣਦੇ ਹਨ, ਜੋ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਅਗੇ ਨੱਚਦੇ ਹਨ ਜਾਂ ਸਿਰ ਘੁਮਾਉਂਦੇ ਹਨ। ਉਨ੍ਹਾਂ ਨੂੰ ਪੁੱਛ ਕੇ ਵੇਖੋ ਤਾਂ ਉਹ ਵੀ ਭਗਵਾਨ ਦਾ ਨਾਮ ਸਿਮਰਨ ਹੀ ਕਰ ਰਹੇ ਹੁੰਦੇ ਹਨ। ਕਿਸੇ ਇਕ ਸ਼ਬਦ ਦੇ ਰਟੇ ਲਾਉਣਾ ਤਾਂ ਉਨ੍ਹਾਂ ਦੇ ਧਾਰਮਿਕ ਵਿਧੀ ਵਿਧਾਨ ਦਾ ਪ੍ਰਮੁਖ ਅੰਗ ਹੈ। ਉਨ੍ਹਾਂ ਨੂੰ ਇਸੇ ਵਿੱਚ ਭਰਪੂਰ ਆਨੰਦ ਮਿਲਦਾ ਹੈ, ਅਤੇ ਉਨ੍ਹਾਂ ਅਨੁਸਾਰ, ਐਸਾ ਆਨੰਦ ਹੋਰ ਕਿਸੇ ਚੀਜ਼ ਵਿੱਚ ਨਹੀਂ ਮਿਲ ਸਕਦਾ। ਫਿਰ ਗੁਰਮਤਿ ਨਾਮ ਸਿਮਰਨ ਅਤੇ ਇਨ੍ਹਾਂ ਪਾਖੰਡਾਂ

ਵਿੱਚ ਫਰਕ ਹੀ ਕੀ ਹੋਇਆ? ਆਪਣੇ ਆਪ ਨੂੰ ਓਸ਼ੋ ਕਹਾਉਣ ਵਾਲੇ ਰਜਨੀਸ਼ ਨੇ ਤਾਂ ਪਰਮੇਸ਼ਰ ਦੇ ਮਿਲਾਪ ਦੇ ਆਨੰਦ ਦੀ ਤੁਲਨਾ, ਕਾਮ ਭੋਗ ਦੀ ਚਰਮਸੀਮਾਂ ਤੇ ਪ੍ਰਾਪਤ ਹੋਣ ਵਾਲੇ ਅਹਿਸਾਸ ਨਾਲ ਕਰ ਦਿਤੀ। ਅਜ ਕਲ ਦੇ ਮੁੰਡੇ ਕੁੜੀਆਂ ਨੂੰ ਭਾਰੀ ਭਰਕਮ ਸੰਗੀਤਕ ਮਾਹੌਲ ਵਿੱਚ ਨਚਦਿਆਂ, ਕੀ ਕੋਈ ਘੱਟ ਆਨੰਦ ਮਹਿਸੂਸ ਹੁੰਦਾ ਹੈ? ਪਰ ਇਨ੍ਹਾਂ ਵਿੱਚੋਂ ਕੋਈ ਵੀ ਰਸ ਗੁਰੂ ਨਾਨਕ ਪਾਤਿਸ਼ਾਹ ਦਾ ਨਾਮ ਰਸ ਨਹੀਂ ਹੋ ਸਕਦਾ, ਕਿਉਂਕਿ ਜੋ ਤੱਤ ਗੁਰੂ ਨਾਨਕ ਪਾਤਿਸ਼ਾਹ ਨੇ ਨਾਮ ਰਸ ਤਿਆਰ ਕਰਨ ਲਈ ਦਸੇ ਹਨ, ਉਨ੍ਹਾਂ ਦੀ ਤਾਂ ਇਥੇ ਸੋਅ ਤਕ ਨਹੀਂ।

ਗੱਲ ਨੂੰ ਪੂਰੀ ਤਰ੍ਹਾਂ ਸਮਝਣ ਅਤੇ ਸਪਸ਼ਟ ਕਰਨ ਲਈ ਇਕ ਸ਼ਬਦ ਅਤੇ ਉਸ ਨਾਲ ਸੰਬੰਧਤ ਸਾਖੀ ਨੂੰ ਵਿਚਾਰਦੇ ਹਾਂ। ਗੁਰੂ ਨਾਨਕ ਪਾਤਿਸ਼ਾਹ ਸਿੱਧਾਂ ਨਾਲ ਗਿਆਨ ਚਰਚਾ ਵਾਸਤੇ ਬੈਠੇ, ਤਾਂ ਸਿੱਧਾਂ ਨੇ ਸਾਰਿਆਂ ਅਗੇ ਇਕ ਇਕ ਪਿਆਲਾ ਲਿਆ ਕੇ ਰੱਖ ਦਿੱਤਾ। ਭਰਥਰ ਜੋਗੀ ਨੇ ਆਖਿਆ, ਨਾਨਕ ! ਇਹ ਪਿਆਲਾ ਪੀ ਲਓ। ਸਤਿਗੁਰੂ ਨੇ ਪੁਛਿਆ, ਇਹ ਕੀ ਹੈ? ਜੁਆਬ ਮਿਲਿਆ, ਇਹ ਮੱਦ(ਸ਼ਰਾਬ) ਹੈ, ਇਸ ਦੇ ਪੀਣ ਨਾਲ ਲਿਵ ਜੁੜ ਜਾਵੇਗੀ। ਸਤਿਗੁਰੂ ਨੇ ਫੇਰ ਪੁਛਿਆ, ਇਹ ਲਿਵ ਕਿੰਨੀ ਕੁ ਦੇਰ ਜੁੜੀ ਰਹੇਗੀ ? ਸਿੱਧਾਂ ਜੁਆਬ ਦਿੱਤਾ, ਥੋੜੀ ਦੇਰ, ਫੇਰ ਹੋਰ ਪੀ ਲਵਾਂਗੇ। ਸਤਿਗੁਰੂ ਨੇ ਕਿਹਾ, ਮੈਨੂੰ ਇਸ ਦੀ ਲੋੜ ਨਹੀਂ, ਕਿਉਂਕਿ ਮੈਂ ਉਹ ਰਸ ਪੀਤਾ ਹੈ ਜਿਸਦੀ ਮਸਤੀ ਕਦੇ ਨਹੀਂ ਲਹਿੰਦੀ। ਸਿੱਧ ਬੜੇ ਹੈਰਾਨ ਹੋਏ, ਨਾਨਕ ! ਐਸਾ ਕਿਹੜਾ ਰਸ ਹੈ ਜਿਸਦੀ ਮਸਤੀ ਕਦੇ ਲਹਿੰਦੀ ਹੀ ਨਹੀਂ? ਸਤਿਗੁਰੂ ਨੇ ਸ਼ਬਦ ਉਚਾਰਨ ਕੀਤਾ :

"ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ
ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ,
ਸਬਦੁ ਅਨਾਹਦ ਗਹਿਆ ॥1॥ ਰਹਾਉ ॥"

{ ਆਸਾ ਮਹਲਾ ੧, ਪੰਨਾ ੩੬੦}

ਜੇ ਜੋਗੀ ! (ਤੁਸੀਂ ਸੁਰਤਿ ਨੂੰ ਟਿਕਾਣ ਲਈ ਸ਼ਰਾਬ ਪੀਂਦੇ ਹੋ, ਇਹ ਨਸ਼ਾ ਉਤਰ ਜਾਂਦਾ ਹੈ; ਤੇ ਸੁਰਤਿ ਮੁੜ ਉੱਖੜ ਜਾਂਦੀ ਹੈ) ਅਸਲ ਮਸਤਾਨਾ ਉਹ ਮਨ ਹੈ ਜੋ ਪਰਮਾਤਮਾ ਦੇ ਸਿਮਰਨ ਦਾ ਰਸ ਪੀਂਦਾ ਹੈ (ਸਿਮਰਨ ਦਾ ਆਨੰਦ ਮਾਣਦਾ ਹੈ) ਜੋ (ਸਿਮਰਨ ਦੀ ਬਰਕਤਿ ਨਾਲ) ਅਡੋਲਤਾ ਦੇ ਹੁਲਾਰਿਆਂ ਵਿਚ ਟਿਕਿਆ ਰਹਿੰਦਾ ਹੈ, ਜਿਸ ਨੂੰ ਪ੍ਰਭੂ-ਚਰਨਾਂ ਦੇ ਪ੍ਰੇਮ ਦੀ ਇਤਨੀ ਲਿਵ ਲਗਦੀ ਹੈ ਕਿ ਦਿਨ ਰਾਤ ਬਣੀ ਰਹਿੰਦੀ ਹੈ, ਜੋ ਆਪਣੇ ਗੁਰੂ ਦੇ ਸ਼ਬਦ ਨੂੰ ਸਦਾ ਇਕ-ਰਸ ਆਪਣੇ ਅੰਦਰ ਟਿਕਾਈ ਰੱਖਦਾ ਹੈ ।1। ਰਹਾਉ।

ਸਿੱਧਾਂ ਪੁਛਿਆ, ਨਾਨਕ ! ਇਹ ਨਾਮ ਰਸ ਤਿਆਰ ਕਿਵੇਂ ਕੀਤਾ ਜਾਂਦਾ ਹੈ? ਸਤਿਗੁਰੂ ਬੋਲੇ, ਸਿੱਧੋ ! ਤੁਸੀਂ ਸ਼ਰਾਬ ਕਿਵੇਂ ਤਿਆਰ ਕਰਦੇ ਹੋ? ਅਸੀਂ ਇਕ ਭਾਂਡਾ ਲੈ ਕੇ ਉਸ ਵਿੱਚ ਕੁਝ ਗੁੜ, ਮਹੁਏ ਦੇ ਫੁਲ ਅਤੇ ਕਿੱਕਰ ਦੇ ਸੱਕ ਪਾਕੇ ਉਸ ਨੂੰ ਭੱਠੀ ਤੇ ਚੜ੍ਹਾ ਦੇਂਦੇ ਹਾਂ। ਉਸ ਭੱਠੀ ਦਾ ਮੂੰਹ ਬੰਨ ਕੇ ਉਤੇ ਇਕ ਨਲਕੀ ਲਾਈ ਹੁੰਦੀ ਹੈ। ਉਸ ਨਲਕੀ ਉਤੇ ਗਿੱਲਾ ਕਪੜਾ ਫੇਰਦੇ ਹਾਂ, ਦੂਸਰੇ ਪਾਸਿਓ ਸ਼ਰਾਬ ਟਪਕਣ ਲੱਗ ਪੈਂਦੀ ਹੈ।

ਸਤਿਗੁਰੂ ਨੇ ਫੁਰਮਾਇਆ, ਮੇਰਾ ਨਾਮ ਰਸ ਤਿਆਰ ਕਰਨ ਦਾ ਤਰੀਕਾ ਵੀ ਇਹੀ ਹੈ, ਸਿਰਫ ਵਿੱਚ ਪਾਉਣ ਵਾਲੇ ਤੱਤ ਅਲੱਗ ਹਨ। ਇਸ ਤਰੀਕੇ ਅਤੇ ਤੱਤਾਂ ਨੂੰ ਸਤਿਗੁਰੂ ਨੇ ਸ਼ਬਦ ਦੇ ਪਹਿਲੇ ਪਦੇ ਵਿੱਚ ਸਪਸ਼ਟ ਕੀਤਾ ਹੈ:

"ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ
ਕਰਿ ਕਰਣੀ ਕਸੁ ਪਾਈਐ ॥
ਭਾਠੀ ਭਵਨੁ ਪ੍ਰੇਮ ਕਾ ਪੋਚਾ
ਇਤੁ ਰਸਿ ਅਮਿਉ ਚੁਆਈਐ ॥1॥"

(ਹੇ ਜੋਗੀ !) ਪਰਮਾਤਮਾ ਨਾਲ ਡੂੰਘੀ ਸਾਂਝ ਨੂੰ ਗੁੜ ਬਣਾ, ਪ੍ਰਭੂ-ਚਰਨਾਂ ਵਿਚ ਜੁੜੀ ਸੁਰਤਿ ਨੂੰ ਮਹੂਏ ਦੇ ਫੁੱਲ ਬਣਾ, ਉੱਚੇ ਆਚਰਨ ਨੂੰ ਕਿੱਕਰਾਂ ਦੇ ਸੱਕ ਬਣਾ ਕੇ (ਇਹਨਾਂ ਵਿਚ) ਰਲਾ ਦੇ । ਸਰੀਰਕ ਮੋਹ ਨੂੰ ਸਾੜ—ਇਹ ਸ਼ਰਾਬ ਕੱਢਣ ਦੀ ਭੱਠੀ ਤਿਆਰ ਕਰ, ਪ੍ਰਭੂ-ਚਰਨਾਂ ਵਿਚ ਪਿਆਰ ਜੋੜ—ਇਹ ਹੈ ਉਹ ਠੰਡਾ ਪੋਚਾ ਜੋ ਅਰਕ ਵਾਲੀ ਨਾਲੀ ਉਤੇ ਫੇਰਨਾ ਹੈ । ਇਸ ਸਾਰੇ ਮਿਲਵੇਂ ਰਸ ਵਿਚੋਂ (ਅਟੱਲ ਆਤਮਕ ਜੀਵਨ ਦਾਤਾ) ਅੰਮ੍ਰਿਤ ਨਿਕਲੇਗਾ ।1।

ਸੋ ਸਤਿਗੁਰੂ ਨਾਨਕ ਪਾਤਿਸ਼ਾਹ ਦੇ ਨਾਮ ਰਸ ਦਾ ਆਨੰਦ ਤਾਂ ਤਦ ਹੀ ਮਾਣ ਸਕਦੇ ਹਾਂ, ਜੇ ਗੁਰਬਾਣੀ ਰਾਹੀਂ ਇਲਾਹੀ ਗਿਆਨ ਨੂੰ ਪ੍ਰਾਪਤ ਕਰਕੇ, ਉਸ ਰਾਹੀਂ ਅਕਾਲ-ਪੁਰਖ ਦੇ ਚਰਨਾਂ ਵਿੱਚ ਧਿਆਨ ਜੋੜ ਕੇ ਭਾਵ ਅਕਾਲ-ਪੁਰਖ ਵਿੱਚ ਪੂਰਨ ਵਿਸ਼ਵਾਸ ਧਾਰਨ ਕਰਕੇ, ਆਪਣੇ ਜੀਵਨ ਦੇ ਵਿਕਾਰਾਂ ਨੂੰ ਸਾੜ ਦੇਂਦੇ ਹਾਂ ਭਾਵ ਨਾਸ ਕਰ ਦੇਂਦੇ ਹਾਂ ਅਤੇ ਜੀਵਨ ਨੂੰ ਸ਼ੁਭ ਗੁਣਾਂ ਨਾਲ ਸ਼ਿੰਗਾਰ ਕੇ ਉਚੇ ਆਚਰਨ ਵਾਲਾ ਬਣਾ ਲੈਂਦੇ ਹਾਂ। ਬੇਸ਼ਕ ਇਸ ਸਭ ਦੇ ਨਾਲ ਪ੍ਰੇਮ ਦਾ ਪੋਚਾ ਜ਼ਰੂਰੀ ਹੈ। ਇਨ੍ਹਾਂ ਅਮੋਲਕ ਤੱਤਾਂ ਤੋਂ ਬਿਨਾਂ ਤਾਂ ਨਾਮ ਰਸ ਬਣ ਹੀ ਨਹੀਂ ਸਕਦਾ, ਜਿਨੇ ਮਰਜ਼ੀ ਰੱਟੇ ਲਾਕੇ ਸਿਰ ਘੁਮਾ ਕੇ ਆਪਣੀ ਹੀ ਮਸਤੀ ਵਿੱਚ ਝੂਮ ਲਈਏ।

ਵੈਸੇ ਤਾਂ ਸਾਰਾ ਸ਼ਬਦ ਹੀ ਜਿਥੇ ਗੁਰਮਤਿ ਨਾਮ ਰਸ ਦੇ ਅਸਲ ਸਰੂਪ ਦੇ ਦਰਸ਼ਨ ਕਰਾਉਣ ਦਾ ਲਾਜੁਆਬ ਸੋਮਾ ਹੈ, ਉਥੇ ਨਾਲ ਹੀ ਅਜ ਦੇ ਸਿੱਖ ਸਮਾਜ ਨੂੰ

ਇਕ ਹਲੂਣਾ ਦੇਣ ਵਾਲਾ ਹੈ, ਜੋ ਸਤਿਗੁਰੂ ਦੇ ਨਾਮ ਰਸ ਨੂੰ ਛੱਡ ਕੇ ਝੂਠੇ ਨਸ਼ਿਆਂ ਵਿੱਚ ਗਰਕ ਹੁੰਦੇ ਜਾ ਰਹੇ ਹਨ। ਵਿਸ਼ੇਸ਼ ਤੌਰ ਤੇ ਇਸ ਸ਼ਬਦ ਦੇ ਤੀਸਰੇ ਪਦੇ ਵਿੱਚ ਤਾਂ ਸਤਿਗੁਰੂ ਨੇ ਗੱਲ ਬਿਲਕੁਲ ਸਪਸ਼ਟ ਕਰ ਦਿਤੀ ਹੈ ਕਿ ਨਾਮ ਰਸ ਦਾ ਅਸਲ ਆਨੰਦ ਤਾਂ ਕੇਵਲ ਗੁਰਬਾਣੀ ਦੁਆਰਾ ਸਤਿਗੁਰੂ ਦਾ ਉਪਦੇਸ਼ ਪ੍ਰਾਪਤ ਕਰਕੇ, ਉਸ ਨੂੰ ਜੀਵਨ ਵਿੱਚ ਧਾਰਨ ਕਰਕੇ ਹੀ ਮਾਣਿਆ ਜਾ ਸਕਦਾ ਹੈ :

"ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥3॥"

ਜਿਸ ਮਨੁੱਖ ਨੇ ਅਟੱਲ ਆਤਮਕ ਜੀਵਨ ਦੇਣ ਵਾਲੀ ਗੁਰੂ ਦੀ ਸਿੱਖਿਆ-ਭਰੀ ਬਾਣੀ ਦਾ ਰਸ ਪੀਤਾ ਹੈ, ਉਹ ਪੀਂਦਿਆਂ ਹੀ ਪ੍ਰਭੂ ਦੀਆਂ ਨਜ਼ਰਾਂ ਵਿਚ ਕਬੂਲ ਹੋ ਜਾਂਦਾ ਹੈ, ਉਹ ਪਰਮਾਤਮਾ ਦੇ ਦਰ ਦੇ ਦੀਦਾਰ ਦਾ ਪ੍ਰੇਮੀ ਬਣ ਜਾਂਦਾ ਹੈ, ਉਸ ਨੂੰ ਨਾਹ ਮੁਕਤੀ ਦੀ ਲੋੜ ਰਹਿੰਦੀ ਹੈ ਨਾਹ ਬੈਕੁੰਠ ਦੀ ।3।

ਅੰਮ੍ਰਿਤਮਈ ਗੁਰਬਾਣੀ ਰਾਹੀਂ ਸਤਿਗੁਰੂ ਦੀ ਸਿੱਖਿਆ ਨਾਲ ਜੀਵਨ ਨੂੰ ਸਰੋਸ਼ਾਰ ਕਰ ਲੈਣਾ ਗੁਰਮਤਿ ਨਾਮ ਰਸ ਪੀਣਾ ਹੈ। ਇਸ ਗੁਰਮਤਿ ਨਾਮ ਰਸ ਦਾ ਆਨੰਦ ਤਾਂ ਐਸਾ ਹੈ ਕਿ ਜਿਸਨੇ ਇਸ ਨੂੰ ਮਾਣ ਲਿਆ, ਉਸ ਨੂੰ ਫੇਰ ਕਿਸੇ ਮੁਕਤੀ ਜਾਂ ਸੁਰਗਾਂ ਦੀ ਤਾਂਘ ਵੀ ਨਹੀਂ ਰਹਿੰਦੀ।

ਇਹ ਕਹਿ ਦੇਣਾ ਕਿ ਨਾਮ ਸਿਮਰਨ ਕਰਨ ਤੋਂ ਰੋਕਿਆ ਜਾ ਰਿਹਾ ਹੈ, ਕੋਈ ਵਿਸ਼ੇ ਨੂੰ ਸਮਝੇ, ਵਿਚਾਰੇ ਬਿਨਾਂ ਦਿੱਤਾ ਗਿਆ ਫੈਸਲਾ ਹੀ ਹੋ ਸਕਦਾ ਹੈ, ਜਦਕਿ ਇਹ ਲੇਖ ਤਾਂ ਸ਼ੁਰੂ ਹੀ ਨਾਮ ਸਿਮਰਨ ਦੀ ਮਹੱਤਤਾ ਅਤੇ ਮਹਿਮਾ ਨਾਲ ਹੁੰਦਾ ਹੈ। ਇਸ ਲਈ ਐਸਾ ਕੋਈ ਨਿਰਣਾ ਆਪਣੇ ਮਨ ਦੀਆਂ ਗੁਰੂ ਗਿਆਨ ਤੋਂ ਵਿਹੂਣੀਆਂ, ਅੰਧੀਆਂ ਭਾਵਨਾਵਾਂ ਜਾਂ ਕਿਸੇ ਵਿਅਕਤੀ ਪ੍ਰਤੀ ਸਤਿਗੁਰੂ ਨਾਲੋਂ ਵੀ ਵਧੇਰੇ ਵਿਸ਼ਵਾਸ ਵਿਚੋਂ ਹੀ ਪੈਦਾ ਹੋ ਸਕਦਾ ਹੈ। ਇਸ ਲੇਖ ਦਾ ਅਸਲੀ ਮਕਸਦ ਤਾਂ ਗੁਰਸਿੱਖ ਨੂੰ, ਬਲਕਿ ਪ੍ਰਾਣੀ ਮਾਤਰ ਨੂੰ ਵਾਹਿਗੁਰੂ ਦੇ ਇਲਾਹੀ ਨਾਮ ਨਾਲ ਜੋੜਨਾ ਹੈ। ਜੇ ਕੋਈ ਮਤਭੇਦ ਹੈ ਤਾਂ ਕੇਵਲ ਨਾਮ ਸਿਮਰਨ ਦੇ ਤਰੀਕੇ ਬਾਰੇ ਹੈ। ਸਾਰਾ ਲੇਖ ਕੇਵਲ ਤੇ ਕੇਵਲ ਗੁਰਬਾਣੀ ਦੇ ਅਧਾਰ ਤੇ ਹੈ, ਇਸ ਵਿੱਚ ਆਪਣੀ ਕੋਈ ਨਿਜੀ ਭਾਵਨਾ ਜਾਂ ਵਿਚਾਰ ਨਹੀਂ ਵਰਤੇ ਗਏ। ਹਾਂ ਕੋਈ ਗੁਰਬਾਣੀ ਦੀ ਸਨਾਤਨੀ ਵਿਆਖਿਆ ਕਰਕੇ, , ਜਾਂ ਆਪਣੇ ਮਨ ਦੀਆਂ ਭਾਵਨਾਵਾਂ ਨੂੰ ਗੁਰਮਤਿ ਨਾਲੋਂ ਵਧੇਰੇ ਮਹੱਤਤਾ ਦੇਕੇ ਕੋਈ ਹੋਰ ਨਿਰਣੇ ਕਰਨੇ ਚਾਹੇ ਤਾਂ ਉਸ ਤੇ ਕੇਵਲ ਤਰਸ ਹੀ ਖਾਧਾ ਜਾ ਸਕਦਾ ਹੈ।

ਕੀ ਗੁਰਬਾਣੀ ਪੜ੍ਹਦਿਆਂ ਅਸੀਂ ਸਿਮਰਨ ਨਹੀਂ ਕਰ ਰਹੇ ਹੁੰਦੇ?

ਨਾਮ ਦੇ ਨਾਂਅ ਤੇ ਹੱਟੀਆਂ ਖੋਲਣ ਵਾਲਿਆਂ ਵੱਲੋਂ ਅਕਸਰ ਇਹ ਆਖਿਆ ਜਾਂਦਾ ਹੈ, ਕਿ ਗੁਰਬਾਣੀ ਸਾਨੂੰ ਨਾਮ ਜਪਣ ਦਾ ਆਦੇਸ਼ ਦੇਂਦੀ ਹੈ, ਪਰ ਬਾਣੀ ਪੜ੍ਹਨਾ ਹੋਰ ਗਲ ਹੈ ਅਤੇ ਨਾਮ ਜਪਣਾ ਹੋਰ ਗਲ। ਪਰ ਜੇ ਅਸੀਂ ਗੁਰਬਾਣੀ ਰਟਨ ਤੱਕ ਸੀਮਿਤ ਰਹਿਣ ਦੀ ਬਜਾਏ, ਗੁਰਬਾਣੀ ਨੂੰ ਵਿਚਾਰਨ, ਸਮਝਣ ਦਾ ਥੋੜ੍ਹਾ ਉਪਰਾਲਾ ਕਰੀਏ ਤਾਂ ਸਮਝ ਲੱਗ ਜਾਵੇਗੀ ਕਿ ਸਾਰੀ ਗੁਰਬਾਣੀ ਨਿਰਮਲ ਜੀਵਨ ਜੁਗਤਿ ਦੇ ਰਤਨ ਗੁਣਾਂ ਨਾਲ ਭਰਪੂਰ, ਕੇਵਲ ਤੇ ਕੇਵਲ ਅਕਾਲ-ਪੁਰਖ ਦੀ ਸਿਫਤ ਸਲਾਹ ਦਾ ਖਜ਼ਾਨਾ ਹੀ ਹੈ। ਸਾਰੀ ਸਮੱਸਿਆ ਤਾਂ ਇਹ ਹੈ ਕਿ ਬਾਣੀ ਪੜ੍ਹਦਿਆਂ ਸਾਡਾ ਚਿੱਤ ਬਾਣੀ ਵਿੱਚ ਹੈ ਯਾ ਨਹੀਂ, ਬਾਣੀ ਦੇ ਸ਼ਬਦ, ਸਾਡੀ ਸੁਰਤਿ ਵਿੱਚ ਜਾ ਰਹੇ ਹਨ ਯਾ ਨਹੀਂ। ਇਸ ਆਸ ਨਾਲ ਕਿ ਹਰ ਸਿੱਖ ਅਖਵਾਉਣ ਵਾਲਾ, ਰੋਜ਼ ਘੱਟੋ ਘੱਟ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਤਾਂ ਕਰਦਾ ਹੀ ਹੋਵੇਗਾ, ਹੇਠਾਂ ਨਿਤਨੇਮ ਦੀਆਂ ਬਾਣੀਆਂ ਵਿੱਚੋਂ ਕੁਝ ਪ੍ਰਮਾਣ ਦਿੱਤੇ ਜਾ ਰਹੇ ਹਨ। ਆਪ ਹੀ ਵੇਖ ਲਈਏ ਜੇ ਬਾਣੀ ਪੜ੍ਹਦਿਆਂ ਸਾਡਾ ਧਿਆਨ ਵਿੱਚ ਹੋਵੇ, ਗੁਰਬਾਣੀ ਦਾ ਰਸ ਸਾਡੇ ਜੀਵਨ ਵਿੱਚ ਜਾ ਰਿਹਾ ਹੋਵੇ, ਤਾਂ ਕੀ ਇਹ ਨਾਮ ਸਿਮਰਨ ਨਹੀਂ ਹੈ ?:

"ਗੁਰਾ, ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ, ਸੋ ਮੈ ਵਿਸਰਿ ਨਾ ਜਾਈ ॥6॥"

(ਤਾਂ ਤੇ) ਹੇ ਸਤਿਗੁਰੂ ! (ਮੇਰੀ ਤੇਰੇ ਅੱਗੇ ਇਹ ਅਰਦਾਸ ਹੈ ਕਿ) ਮੈਨੂੰ ਇਕ ਇਹ ਸਮਝ ਦੇਹ, ਜਿਸ ਕਰਕੇ ਮੈਨੂੰ ਉਹ ਅਕਾਲ ਪੁਰਖ ਨਾ ਵਿਸਰ ਜਾਏ, ਜੋ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ।6।

ਜਪੁ ਬਾਣੀ ਦਾ ਪਾਠ ਕਰਦਿਆਂ, ਇਹ ਪੰਕਤੀਆਂ ਅਸੀਂ ਰੋਜ਼ ਦੋ ਵਾਰੀ ਪੜ੍ਹਦੇ ਹਾਂ ਪਰ ਆਪਣੇ ਅੰਦਰ ਆਪ ਹੀ ਝਾਤੀ ਮਾਰ ਕੇ ਵੇਖ ਲਈਏ, ਕਿਤਨੀ ਵਾਰੀ ਸਾਡੇ ਹਿਰਦੇ ਵਿੱਚੋਂ ਸਤਿਗੁਰੂ ਦੇ ਚਰਨਾਂ ਵਿੱਚ ਇਹ ਜੋਦੜੀ ਨਿਕਲੀ ਹੈ, ਹੇ ਸਤਿਗੁਰੂ ! (ਆਪ ਜੀ ਅੱਗੇ ਅਰਦਾਸ ਹੈ, ਜੋਦੜੀ ਹੈ ਕਿ) ਮੈਨੂੰ ਇਕ ਸਮਝ ਪੱਕੀ ਕਰ ਦੇਹੁ ਕਿ ਜਿਹੜਾ ਸਭਨਾਂ ਜੀਵਾਂ ਨੂੰ ਦਾਤਾਂ ਦੇਣ ਵਾਲਾ ਇਕ ਰੱਬ ਹੈ, ਮੈਂ ਉਸ ਨੂੰ ਕਦੇ ਨਾ ਭੁੱਲਾਂ। ਤੇ ਜੇ ਇਹ ਪੁਕਾਰ ਨਿਕਲ ਰਹੀ ਹੋਵੇ ਤਾਂ ਕੀ ਇਹ ਨਾਮ ਸਿਮਰਨ ਨਹੀਂ ?

ਇੰਝ ਹੀ ਹੇਠਲੀਆਂ ਪੰਕਤੀਆਂ ਵੀ ਜਪੁ ਬਾਣੀ ਵਿੱਚ ਅਸੀਂ ਰੋਜ਼ ਚਾਰ

ਵਾਰੀ ਪੜ੍ਹਦੇ ਹਾਂ:

ਆਦੇਸੁ, ਤਿਸੈ ਆਦੇਸੁ ॥

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥29॥

(ਸੋ, ਕੂੜ ਦੀ ਕੰਧ ਦੂਰ ਕਰਨ ਲਈ) ਕੇਵਲ ਉਸ (ਅਕਾਲ ਪੁਰਖ) ਨੂੰ ਪ੍ਰਣਾਮ ਕਰੋ, ਜੋ (ਸਭ ਦਾ) ਮੁੱਢ ਹੈ, ਜੋ ਸੁੱਧ ਸਰੂਪ ਹੈ, ਜਿਸ ਦਾ ਕੋਈ ਮੁੱਢ ਨਹੀਂ (ਲੱਭ ਸਕਦਾ), ਜੋ ਨਾਸ ਰਹਿਤ ਹੈ ਅਤੇ ਜੋ ਸਦਾ ਇਕੋ ਜਿਹਾ ਰਹਿੰਦਾ ਹੈ ।29।

ਆਪਣੇ ਅੰਦਰ ਆਪ ਹੀ ਝਾਤੀ ਮਾਰ ਕੇ ਵੇਖ ਲਈਏ ਕਿ ਇਹ ਪੰਕਤੀਆਂ ਪੜ੍ਹਦਿਆਂ ਕਿਤਨੀ ਵਾਰੀ ਸਾਡਾ ਮਨ ਸੱਚ-ਮੁਚ ਅਕਾਲ-ਪੁਰਖ ਦੇ ਚਰਨਾਂ ਵਿੱਚ ਝੁਕਿਆ ਹੈ। ਸ਼ਾਮ ਨੂੰ ਸੋ ਦਰੁ ਬਾਣੀ ਦੀਆਂ ਇਹ ਪੰਕਤੀਆਂ ਪੜ੍ਹਦਿਆਂ :

"ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥

ਹਮ ਕੀਰੇ ਕਿਰਮ ਸਤਿਗੁਰ ਸਰਣਾਈ,

ਕਰਿ ਦਇਆ ਨਾਮੁ ਪਰਗਾਸਿ ॥1॥

ਮੇਰੇ ਮੀਤ ਗੁਰਦੇਵ, ਮੋ ਕਉ ਰਾਮ ਨਾਮੁ ਪਰਗਾਸਿ ॥"

{ਰਾਗੁ ਗੂਜਰੀ ਮਹਲਾ ੪, ਪੰਨਾ ੧੦ }

ਹੇ ਮਹਾਪੁਰਖ ਗੁਰੂ ! ਹੇ ਪ੍ਰਭੂ ਦੇ ਭਗਤ ਸਤਿਗੁਰੂ ! ਮੈਂ, ਹੇ ਗੁਰੂ ! ਤੇਰੇ ਅੱਗੇ ਬੇਨਤੀ ਕਰਦਾ ਹਾਂ—ਕਿਰਪਾ ਕਰ ਕੇ (ਮੇਰੇ ਅੰਦਰ) ਪ੍ਰਭੂ ਦਾ ਨਾਮ-ਚਾਨਣ ਪੈਦਾ ਕਰ । ਹੇ ਸਤਿਗੁਰੂ ! ਮੈਂ ਨਿਮਾਣਾ ਤੇਰੀ ਸਰਨ ਆਇਆ ਹਾਂ ।1। ਹੇ ਮੇਰੇ ਮਿੱਤਰ ਗੁਰੂ ! ਮੈਨੂੰ ਪ੍ਰਭੂ ਦਾ ਨਾਮ-ਚਾਨਣ ਬਖ਼ਸ਼ ।

ਕਿੰਨੀ ਕੁ ਵਾਰੀ ਸੱਚ-ਮੁਚ ਮਨ ਨੇ ਪੂਰਨ ਹਲੀਮੀ ਵਿੱਚ ਆਕੇ ਸਤਿਗੁਰੂ ਦੇ ਚਰਨਾਂ ਵਿੱਚ ਪੁਕਾਰ ਕੀਤੀ ਹੈ, ਹੇ ਪੂਰਨ ਸਤਿਗੁਰੂ ਜੀ ! ਹੇ ਮੇਰੇ ਮਿੱਤਰ ਸਤਿਗੁਰੂ ਜੀ ! ਮੈ ਆਪ ਜੀ ਦੇ ਚਰਨਾਂ ਵਿੱਚ ਜੋਦੜੀ ਕਰਦਾ ਹਾਂ, ਮੇਰੇ ਹਿਰਦੇ ਵਿੱਚ ਨਾਮ ਦਾ ਪ੍ਰਕਾਸ਼ ਕਰ ਦਿਓ, ਤਾਂ ਜੋ ਮੇਰੇ ਜੀਵਨ ਦੀ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਵੇ।

ਕੀ ਇਹ ਪੰਕਤੀਆਂ ਬੋਲਦਿਆਂ:

"ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥

ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥1॥"

ਮਨ ਕਦੇ ਉਸ ਅਕਾਲ-ਪੁਰਖ ਵਾਹਿਗੁਰੂ ਦੀ ਅਨੰਤਤਾ ਵਿੱਚ ਲੀਣ ਹੋਇਆ ਹੈ? ਸਾਨੂੰ ਤਾਂ ਸ਼ਾਇਦ ਧਿਆਨ ਹੀ ਨਹੀਂ ਹੁੰਦਾ ਕਿ ਕਦੋਂ ਪਾਠ ਸ਼ੁਰੂ ਕੀਤਾ

ਤੇ ਕਦੋਂ ਮੁੱਕ ਗਿਆ, ਫੇਰ ਮਨ ਨੇ ਗੁਰੂ ਦੇ ਚਰਨਾਂ ਨਾਲ ਕਿਥੋਂ ਜੁੜਨਾ ਸੀ ਅਤੇ ਅਕਾਲ-ਪੁਰਖ ਦੇ ਅਲੌਕਿਕ ਗੁਣਾਂ ਨੂੰ ਕਿਵੇਂ ਗਾਉਣਾ ਸੀ।

ਕਿਤੇ ਐਸਾ ਭਰਮ ਵੀ ਨਾ ਪਾਲ ਲਈਏ ਕਿ ਕੁਝ ਗਿਣੀਆਂ ਚੁਣੀਆਂ ਪੰਕਤੀਆਂ ਹੀ ਅਕਾਲ- ਪੁਰਖ ਦੀ ਸਿਫਤ ਸਾਲਾਹ ਦੀਆਂ ਹਨ, ਸਿਮਰਨ ਕਰਨ ਦਾ ਸਾਧਨ ਹਨ, ਬਲਕਿ ਸਤਿਗੁਰੂ ਦੀ ਸਾਰੀ ਬਾਣੀ ਹੀ ਅੰਮ੍ਰਿਤ ਹੈ, ਗੁਰਬਾਣੀ ਦਾ ਹਰ ਸ਼ਬਦ ਉਸ ਵਾਹਿਗੁਰੂ ਦੇ ਅਗੰਮੀ ਗੁਣਾਂ ਦੀ ਵਡਿਆਈ ਨਾਲ ਭਰਿਆ ਪਿਆ ਹੈ। ਗੁਰਬਾਣੀ ਵਿੱਚ ਜੋ ਅਲੌਕਿਕ, ਨਿਰਮਲ ਜੀਵਨ ਜੁਗਤਿ ਦੇ ਖਜਾਨੇ ਮਿਲਦੇ ਹਨ, ਜੋ ਕਰਮਕਾਂਡਾਂ ਅਤੇ ਹੋਰ ਵਿਖਾਵੇ ਦੇ ਧਰਮ ਕਰਮਾਂ ਨੂੰ ਰੱਦ ਕੀਤਾ ਗਿਆ ਹੈ, ਇਹ ਸਭ ਵੀ ਉਸ ਅਕਾਲ ਪੁਰਖ ਦੇ ਵਿਸਮਾਦ ਮਈ ਗੁਣਾਂ ਚੋਂ ਹੀ ਨਿਕਲਦੇ ਹਨ। ਅਸਲ ਗਲ ਤਾਂ ਇਹ ਹੈ ਕਿ ਬਾਣੀ ਪੜ੍ਹਦਿਆਂ, ਸੁਣਦਿਆਂ ਸਾਡੇ ਹਿਰਦੇ ਵਿੱਚ ਕੀ ਜਾ ਰਿਹਾ ਹੈ। ਇਸੇ ਲਈ ਸਤਿਗੁਰੂ ਅਰਜਨ ਪਾਤਿਸ਼ਾਹ ਨੇ ਸੁਖਮਨੀ ਬਾਣੀ ਵਿੱਚ ਬਖਸ਼ਿਸ਼ ਕੀਤੀ ਹੈ:

"ਕਿਨਕਾ ਏਕ ਜਿਸੁ ਜੀਅ ਬਸਾਵੈ ॥
ਤਾ ਕੀ ਮਹਿਮਾ ਗਨੀ ਨ ਆਵੈ ॥"

ਸਾਰੀ ਬਾਣੀ ਨਾਮ ਹੈ, ਇਸ ਨੂੰ ਪੜ੍ਹਨਾ, ਸੁਨਣਾ ਅਤੇ ਸਮਝ ਕੇ ਇਸ ਉਤੇ ਅਮਲ ਕਰਨਾ, ਗੁਰਮਤਿ ਅਨੁਸਾਰ ਨਾਮ ਸਿਮਰਨ ਹੈ। ਗੁਰਬਾਣੀ ਨੇ ਹੀ ਵਾਹਿਗੁਰੂ ਨੂੰ ਸਾਡੇ ਹਿਰਦੇ ਵਿੱਚ ਵਸਾਉਣਾ ਹੈ, ਪਰ ਅਤਿ ਦੁਖਦਾਈ ਗੱਲ ਹੈ ਕਿ ਵਾਹਿਗੁਰੂ ਵਾਹਿਗੁਰੂ ਸ਼ਬਦ ਦਾ ਰਟਣ ਅਜ ਸਿੱਖ ਅਤੇ ਗੁਰਬਾਣੀ ਵਿੱਚ ਦੀਵਾਰ ਬਣੀ ਜਾ ਰਿਹਾ ਹੈ ।

ਸਤਿਗੁਰੂ ਨੇ ਬਾਣੀ ਰਾਗਾਂ ਵਿੱਚ ਉਚਾਰਨ ਕੀਤੀ ਹੈ ਕਿਉਂਕਿ ਸੰਗੀਤ ਦਾ ਆਪਣਾ ਵੀ ਦਿੱਲ ਖਿਚਵਾਂ ਰੱਸ ਹੁੰਦਾ ਹੈ। ਗੁਰਬਾਣੀ ਨੂੰ ਵਧੇਰੇ ਰੱਸ ਦਾਰ ਬਨਾਉਣ ਲਈ ਸਾਰੀ ਬਾਣੀ ਕਾਵਿ ਰੂਪ ਵਿੱਚ ਹੈ ਅਤੇ ਬਹੁਤੀ ਰਾਗਾਂ ਵਿੱਚ ਉਚਾਰਨ ਕੀਤੀ ਹੈ, ਤਾਂ ਕਿ ਸਾਡਾ ਮਨ ਗੁਰਬਾਣੀ ਵਿੱਚ ਵਧੇਰੇ ਟਿਕੇ। ਇਸ ਤੋਂ ਹੀ ਕੀਰਤਨ ਦਾ ਸੰਕਲਪ ਬਣਿਆ ਹੈ। ਹਾਲਾਂਕਿ ਕੀਰਤਨ ਸ਼ਬਦ ਕੀਰਤ ਤੋਂ ਬਣਿਆ ਹੈ, ਜਿਸ ਦਾ ਸ਼ਬਦੀ ਅਰਥ ਹੈ ਸਿਫਤ ਸਲਾਹ, ਅਤੇ ਜ਼ਰੂਰੀ ਨਹੀਂ ਕਿ ਸਿਫਤ-ਸਲਾਹ ਕੇਵਲ ਗਾ ਕੇ ਹੀ ਕੀਤੀ ਜਾਵੇ। ਸਿਫਤ-ਸਲਾਹ ਦਾ ਅਸਲੀ ਸੰਬੰਧ ਤਾਂ ਮਨ ਨਾਲ ਹੈ, ਸੁਰਤਿ ਨਾਲ ਹੈ। ਸੋ ਗੁਰਬਾਣੀ ਪੜ੍ਹੀਏ ਸੁਣੀਏ ਯਾ ਗਾਈਏ ਅਸਲ ਮਕਸਦ ਤਾਂ ਵਾਹਿਗੁਰੂ ਦੀ ਸਿਫਤ ਸਲਾਹ ਕਰਨ ਦਾ ਅਤੇ ਮਨ ਵਿਚ ਵਸਾਉਣ ਦਾ ਹੈ, ਪਰ ਕਿਉਂਕਿ ਇਕ

ਤਾਂ ਗੁਰਬਾਣੀ ਰਾਗਾਂ ਵਿਚ ਹੈ, ਦੂਸਰਾ ਗੁਰਬਾਣੀ ਵਿੱਚੋਂ ਬਹੁਤ ਸਾਰੇ ਸ਼ਬਦ ਸਾਨੂੰ ਗੁਰਬਾਣੀ ਗਾਉਣ ਦੀ ਪ੍ਰੇਰਨਾ ਦੇਂਦੇ ਹਨ। ਜਿਵੇਂ :

"ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ
ਰਾਗ ਰਤਨ ਰਸਨਾ ਆਲਾਪ ॥
ਕੋਟਿ ਜਨਮ ਕੀ ਤ੍ਰਿਸਨਾ ਨਿਵਰੀ
ਰਾਮ ਰਸਾਇਣਿ ਆਤਮ ਧ੍ਰਾਪ ॥1॥"

{ਬਿਲਾਵਲੁ ਮਹਲਾ ੫, ਪੰਨਾ ੮੨੧}

ਹੇ ਸੰਤ ਜਨੋ ! ਸਾਰੇ (ਰਲ ਕੇ) ਪ੍ਰਭੂ ਦੇ ਗੁਣ ਗਾਂਦੇ ਰਿਹਾ ਕਰੋ, ਜੀਭ ਨਾਲ ਸੋਹਣੇ ਰਾਗਾਂ ਦੀ ਰਾਹੀਂ ਉਸ ਦੇ ਗੁਣਾਂ ਦਾ ਉਚਾਰਣ ਕਰਦੇ ਰਿਹਾ ਕਰੋ । (ਜੇਹੜੇ ਮਨੁੱਖ ਪ੍ਰਭੂ ਦੇ ਗੁਣਾਂ ਦਾ ਉਚਾਰਨ ਕਰਦੇ ਹਨ, ਉਹਨਾਂ ਦੀ) ਕ੍ਰੋੜਾਂ ਜਨਮਾਂ ਦੀ (ਮਾਇਆ ਦੀ) ਤ੍ਰਿਸ਼ਨਾ ਦੂਰ ਹੋ ਜਾਂਦੀ ਹੈ, ਸਭ ਰਸਾਂ ਤੋਂ ਸ੍ਰੇਸ਼ਟ ਨਾਮ-ਰਸ ਦੀ ਬਰਕਤਿ ਨਾਲ ਉਹਨਾਂ ਦਾ ਮਨ ਰੱਜ ਜਾਂਦਾ ਹੈ ।1।

"ਰਾਜ ਲੀਲਾ ਤੇਰੈ ਨਾਮਿ ਬਨਾਈ ॥
ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥1॥"

{ਆਸਾ ਮਹਲਾ ੪, ਪੰਨਾ ੩੮੫}

ਹੇ ਪ੍ਰਭੂ ! ਤੇਰੇ ਨਾਮ ਨੇ ਮੇਰੇ ਵਾਸਤੇ ਉਹ ਮੌਜ ਬਣਾ ਦਿੱਤੀ ਹੈ ਜੋ ਰਾਜੇ ਲੋਕਾਂ ਨੂੰ ਰਾਜ ਤੋਂ ਮਿਲਦੀ ਪ੍ਰਤੀਤ ਹੁੰਦੀ ਹੈ, ਜਦੋਂ ਮੈਂ ਤੇਰੀ ਸਿਫ਼ਤਿ-ਸਾਲਾਹ ਦਾ ਗੀਤ ਗਾਂਦਾ ਹਾਂ ਤਾਂ ਮੈਨੂੰ ਜੋਗੀਆਂ ਵਾਲਾ ਜੋਗ ਪ੍ਰਾਪਤ ਹੋ ਜਾਂਦਾ ਹੈ (ਦੁਨੀਆ ਵਾਲਾ ਸੁਖ ਤੇ ਫ਼ਕੀਰੀ ਵਾਲਾ ਸੁਖ ਦੋਵੇਂ ਹੀ ਮੈਨੂੰ ਤੇਰੀ ਸਿਫ਼ਤਿ-ਸਾਲਾਹ ਵਿਚੋਂ ਮਿਲ ਰਹੇ ਹਨ)।

ਸਤਿਗੁਰੂ ਨਾਨਕ ਪਾਤਿਸ਼ਾਹ ਤੋਂ ਲੈਕੇ, ਸਤਿਗੁਰੂ ਦੇ ਆਪ ਅਤੇ ਗੁਰਸਿੱਖਾਂ ਦੇ ਗੁਰਬਾਣੀ ਗਾਇਣ ਕਰਨ ਦੇ ਇਤਿਹਾਸਕ ਪ੍ਰਮਾਣ ਹਨ, ਇਸ ਲਈ ਸਿੱਖ ਧਰਮ ਵਿਚ ਕੀਰਤਨ ਦੀ ਬਹੁਤ ਮਹੱਤਤਾ ਹੈ। ਜੇ ਕੀਰਤਨ ਕਰਦਿਆਂ ਮਨ ਸੱਚ-ਮੁਚ ਹੀ ਉਸ ਅਕਾਲ ਪੁਰਖੁ ਦੇ ਰੰਗ ਵਿਚ ਰੰਗਿਆ ਜਾਂਦਾ ਹੈ ਤਾਂ ਸੱਚ ਹੀ ਕੀਰਤਨ ਕਰ ਰਹੇ ਹੁੰਦੇ ਹਾਂ । ਇਹ ਤਾਂ ਹੀ ਸੰਭਵ ਹੈ ਜੇ ਜੋ ਸ਼ਬਦ ਅਸੀਂ ਗਾ ਰਹੇ ਹੁੰਦੇ ਹਾਂ ਉਸ ਦਾ ਭਾਵ ਸਾਡੇ ਹਿਰਦੇ ਵਿਚ ਜਾ ਰਿਹਾ ਹੋਵੇ, ਉਸ ਇਲਾਹੀ ਗਿਆਨ ਦਾ ਰੰਗ ਸਾਡੇ ਮਨ ਤੇ ਚੜ੍ਹ ਰਿਹਾ ਹੋਵੇ। ਪਰ ਅਸੀਂ ਤਾਂ ਗੁਰ ਸ਼ਬਦ ਛੱਡ ਕੇ ਕੱਚੀਆਂ ਬਾਣੀਆਂ ਵਲ ਦੌੜ ਰਹੇ ਹਾਂ । ਅਖੌਤੀ ਬਾਬਿਆਂ ਮਹਾਂਪੁਰਖਾਂ (ਮਹਾਂਮੂਰਖਾਂ) ਨੇ ਤਾਂ ਹੱਦ ਹੀ ਕਰ ਦਿਤੀ ਹੈ । ਗੁਰਬਾਣੀ ਦਾ ਸ਼ਬਦ ਤਾਂ ਜਿਵੇਂ ਉਨ੍ਹਾਂ ਨੂੰ ਹਜ਼ਮ ਹੀ ਨਹੀਂ ਹੁੰਦਾ । ਕੱਚੀ ਬਾਣੀ

ਦੀਆਂ ਹੇਕਾਂ ਲਾ ਲਾ ਕੇ ਗੁਰਮਤਿ ਤੋਂ ਉਲਟ ਗੱਲਾਂ ਪਰਚਾਰੀਆਂ ਜਾ ਰਹੀਆਂ ਹਨ । ਪੂਰੀ ਕੌਮ ਨੂੰ ਗੁੰਮਰਾਹ ਕਰ ਦਿਤਾ ਹੈ। ਅਖੇ ਜੀ ਸੰਗਤ ਨੂੰ ਗੁਰਬਾਣੀ ਦੀ ਸਮਝ ਨਹੀਂ ਆਉਦੀਂ, ਇਸ ਲਈ ਕੱਚੀਆਂ ਧਾਰਨਾਂ ਲਾਉਂਦੇ ਹਾਂ । ਕੋਈ ਪੁਛੇ, ਭਾਈ! ਫੇਰ ਤੁਸੀ ਕਾਹਦੇ ਪਰਚਾਰਕ ਹੋ ? ਪਰਚਾਰਕ ਦਾ ਤਾਂ ਕੰਮ ਹੀ ਗੁਰਬਾਣੀ ਦੇ ਭਾਵ ਸਮਝਾਉਣ ਤੋਂ ਸ਼ੁਰੂ ਹੁੰਦਾ ਹੈ । ਗੁਰੂ ਦੇ ਬਰਾਬਰ ਆਪਣੀਆਂ ਬਾਣੀਆਂ ਉਚਾਰਨ ਵਾਲਾ ਗੁਰੂ ਦਾ ਪ੍ਰਚਾਰਕ ਨਹੀਂ, ਸ਼ਰੀਕ ਹੁੰਦਾ ਹੈ। ਪਰ ਗੁਨਾਹ ਵਿਚ ਉਹ ਵੀ ਬਰਾਬਰ ਦੇ ਭਾਗੀਦਾਰ ਹਨ, ਜਿਹੜੇ ਇਹ ਕੱਚੀ ਬਾਣੀ ਸੁਨਣ ਜਾਂਦੇ ਹਨ । ਸਤਿਗੁਰੂ ਦਾ ਹੁਕਮ ਇਸ ਬਾਰੇ ਬਿਲਕੁਲ ਸਪਸ਼ਟ ਹੈ :

"ਸਤਿਗੁਰੂ ਬਿਨਾ, ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ, ਹੋਰ ਕਚੀ ਬਾਣੀ ॥
ਕਹਦੇ ਕਚੇ, ਸੁਣਦੇ ਕਚੇ, ਕਚੀਂ ਆਖਿ ਵਖਾਣੀ ॥
ਹਰਿ ਹਰਿ ਨਿਤ ਕਰਹਿ ਰਸਨਾ, ਕਹਿਆ ਕਛੂ ਨ ਜਾਣੀ ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ,
ਬੋਲਨਿ ਪਏ ਰਵਾਣੀ ॥
ਕਹੈ ਨਾਨਕੁ, ਸਤਿਗੁਰੂ ਬਾਝਹੁ, ਹੋਰ ਕਚੀ ਬਾਣੀ ॥24॥"

{ਰਾਮਕਲੀ ਮਹਲਾ ੩ ਅਨੰਦੁ, ਪੰਨਾ ੯੨੦}

ਜਿਹੜੇ ਸਤਿਗੁਰੂ ਦੇ ਮੁਕਾਬਲੇ ਤੇ ਅਪਣੀਆਂ ਬਾਣੀਆਂ ਉਚਾਰ ਅਤੇ ਗਾ ਕੇ, ਸਤਿਗੁਰੂ ਦੇ ਸ਼ਰੀਕ ਬਣ ਰਹੇ ਹਨ, ਉਹ ਤਾਂ ਹਨ ਹੀ ਕੱਚੇ, ਪਰ ਜੋ ਉਨ੍ਹਾਂ ਦੇ ਪ੍ਰੋਗਰਾਮਾਂ ਤੇ ਇਹ ਕੱਚੀ ਬਾਣੀ ਸੁਨਣ ਜਾਂਦੇ ਹਨ, ਉਹ ਭੀ ਕੱਚੇ ਹਨ। ਇਹ ਫੈਸਲਾ ਸਤਿਗੁਰੂ ਦਾ ਆਪਣਾ ਹੈ।

ਪੰਚਮ ਪਾਤਿਸ਼ਾਹ ਨੇ ਇਸ ਵਿਸ਼ੇ ਤੇ ਸਾਡੇ ਸਾਹਮਣੇ ਕੁਝ ਸੁਆਲ ਪੇਸ਼ ਕੀਤੇ ਹਨ :

"ਕਉਣੁ ਸੁ ਅਖਰੁ ਜਿਤੁ ਧਾਵਤੁ ਰਹਤਾ ॥
ਕਉਣੁ ਉਪਦੇਸੁ ਜਿਤੁ ਦੁਖੁ ਸੁਖੁ ਸਮ ਸਹਤਾ ॥
ਕਉਣ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ,
ਕਿਨਿ ਬਿਧਿ ਕੀਰਤਨੁ ਗਾਏ ਜੀਉ ॥4॥"

{ਮਾਝ ਮਹਲਾ ੫, ਪੰਨਾ ੧੩੧}

ਉਹ ਕੇਹੜਾ ਸ਼ਬਦ ਹੈ ਜਿਸ ਦੇ ਰਾਹੀਂ ਵਿਕਾਰਾਂ ਵਲ ਦੌੜਦਾ ਮਨ ਟਿਕ

ਜਾਂਦਾ ਹੈ ? ਉਹ ਕੇਹੜਾ ਉਪਦੇਸ਼ ਹੈ ਜਿਸ ਉੱਤੇ ਤੁਰ ਕੇ ਮਨੁੱਖ ਦੁੱਖ ਸੁੱਖ ਇਕੋ ਜਿਹੇ ਸਹਾਰ ਸਕਦਾ ਹੈ ? ਉਹ ਕੇਹੜਾ ਜੀਵਨ-ਢੰਗ ਹੈ ਜਿਸ ਨਾਲ ਮਨੁੱਖ ਪਰਮਾਤਮਾ ਨੂੰ ਸਿਮਰ ਸਕੇ ? ਕਿਸ ਤਰ੍ਹਾਂ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਦਾ ਰਹੇ ? ।4।

ਤੇ ਫੇਰ ਸਤਿਗੁਰੂ ਆਪ ਹੀ ਇਨ੍ਹਾਂ ਸੁਆਲਾਂ ਦੇ ਜੁਆਬ ਰਾਹੀ ਸਾਨੂੰ ਜੀਵਨ ਜੁਗਤਿ ਸਮਝਾਂਉਦੇ ਹਨ :

"ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥
ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥
ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ,
ਗੁਰਮੁਖਿ ਕੀਰਤਨੁ ਗਾਏ ਜੀਉ ॥8॥"{ਮਾਝ ਮਹਲਾ ੫,ਪੰਨਾ ੧੩੧}

ਗੁਰੂ ਦੇ ਮੂੰਹੋਂ ਨਿਕਲਿਆ ਸ਼ਬਦ ਹੀ ਉਹ ਬੋਲ ਹੈ ਜਿਸ ਦੀ ਬਰਕਤਿ ਨਾਲ ਵਿਕਾਰਾਂ ਵਲ ਦੌੜਦਾ ਮਨ ਖਲੋ ਜਾਂਦਾ ਹੈ, ਗੁਰੂ ਤੋਂ ਮਿਲਿਆ ਉਪਦੇਸ਼ ਹੀ (ਇਹ ਸਮਰੱਥਾ ਰੱਖਦਾ ਹੈ ਕਿ ਮਨੁੱਖ ਉਸ ਦੇ ਆਸਰੇ) ਦੁੱਖ ਸੁੱਖ ਨੂੰ ਇਕੋ ਜਿਹਾ ਕਰ ਕੇ ਸਹਾਰਦਾ ਹੈ । ਗੁਰੂ ਦੇ ਰਾਹ ਤੇ ਤੁਰਨਾ ਹੀ ਅਜੇਹੀ ਜੀਵਨ ਚਾਲ ਹੈ ਕਿ ਇਸ ਦੀ ਰਾਹੀਂ ਮਨੁੱਖ ਪਰਮਾਤਮਾ ਦਾ ਧਿਆਨ ਧਰ ਸਕਦਾ ਹੈ ਤੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਦਾ ਹੈ ।8।

ਅਸੀਂ ਤਾਂ ਸਤਿਗੁਰੂ ਦੀਆਂ ਹੀ ਗ਼ਲਤੀਆਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਕੀਰਤਨ ਕਰਦਿਆਂ ਜਿਥੇ ਸਿਮਰਨ ਜਾਂ ਧਿਆਉਣ ਦੀ ਗਲ ਆ ਜਾਵੇ, ਸ਼ਬਦ ਛੱਡ ਕੇ ਵਾਹਿਗੁਰੂ ਵਾਹਿਗੁਰੂ ਦੇ ਰਟਨ ਸ਼ੁਰੂ ਕਰ ਦੇਂਦੇ ਹਾਂ। ਜਿਵੇਂ ਸਤਿਗੁਰੂ ਭੁਲ ਗਏ ਹੋਣ, ਉਨ੍ਹਾਂ ਨੂੰ ਨਹੀਂ ਸੀ ਪਤਾ, ਇਥੇ ਵਾਹਿਗੁਰੂ ਵਾਹਿਗੁਰੂ ਲਿਖਣਾ ਹੈ। ਫਿਰ, ਦੇ ਜ਼ੋਰ-ਸ਼ੋਰ ਨਾਲ ਵਾਜੇ, ਤਬਲੇ ਅਤੇ ਖੜਤਾਲਾਂ ਖੜਕਦੀਆਂ ਹਨ। ਕਈ ਤਾਂ ਆਪਣੀ ਸੁੱਧ-ਬੁੱਧ ਹੀ ਗੁਆ ਦੇਂਦੇ ਹਨ। ਬਿਲਕੁਲ ਉਂਝ ਜਿਵੇਂ ਹਿੰਦੂ ਧਰਮ ਵਿੱਚ ਕੁਝ ਬੀਬੀਆਂ ਦੇਵੀਆਂ ਆਉਣ ਦਾ ਪਖੰਡ ਕਰਦੀਆਂ, ਸਿਰ ਮਾਰਦੀਆਂ ਹਨ ਤੇ ਉਨ੍ਹਾਂ ਨੂੰ ਆਪਣੀ ਸੁੱਧ-ਬੁੱਧ ਨਹੀਂ ਰਹਿੰਦੀ। ਇਤਨਾਂ ਪਤਾ ਹੀ ਨਹੀਂ ਲਗਦਾ ਕਿਹੜਾ ਸ਼ਬਦ ਰੱਟ ਰਹੇ ਹਨ, ਬਸ ਹੁਰ-ਰ-ਰ, ਹੁਰ-ਰ-ਰ ਦੀਆਂ ਅਵਾਜ਼ਾਂ ਹੀ ਆਉਂਦੀਆਂ ਹਨ। ਸਤਿਗੁਰੂ ਸਾਨੂੰ ਸਮਝਾਂਦੇ ਬਖਸ਼ਿਸ਼ ਕਰਦੇ ਹਨ :

"ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥
ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥
ਸਹਜੈ ਹੀ ਤੇ ਸੁਖ ਸਾਤਿ ਹੋਇ,

ਬਿਨੁ ਸਹਜੈ ਜੀਵਣੁ ਬਾਦਿ ॥2॥"

{ਸਿਰੀਰਾਗੁ ਮਹਲਾ ੩, ਪੰਨਾ ੬੮}

ਪਰਮਾਤਮਾ ਦੇ ਗੁਣਾਂ ਦਾ ਕੀਰਤਨ ਕਰਨਾ ਭੀ ਤਦੋਂ ਹੀ ਪਰਵਾਨ ਹੁੰਦਾ ਹੈ, ਜੇ ਆਤਮਕ ਅਡੋਲਤਾ ਵਿਚ ਟਿਕ ਕੇ ਕੀਤਾ ਜਾਏ । ਆਤਮਕ ਅਡੋਲਤਾ ਤੋਂ ਬਿਨਾ ਧਾਰਮਿਕ ਗੱਲਾਂ ਦਾ ਕਹਿਣਾ ਵਿਅਰਥ ਜਾਂਦਾ ਹੈ । ਆਤਮਕ ਅਡੋਲਤਾ ਵਿਚ ਟਿਕਿਆਂ ਹੀ (ਮਨੁੱਖ ਦੇ ਅੰਦਰ ਪਰਮਾਤਮਾ ਦੀ) ਭਗਤੀ (ਦਾ ਜਜ਼ਬਾ) ਪੈਦਾ ਹੁੰਦਾ ਹੈ, ਆਤਮਕ ਅਡੋਲਤਾ ਦੀ ਰਾਹੀਂ ਹੀ ਮਨੁੱਖ ਪ੍ਰਭੂ ਦੇ ਪਿਆਰ ਵਿਚ ਟਿਕਦਾ ਹੈ, (ਦੁਨੀਆ ਵਲੋਂ) ਵੈਰਾਗ ਵਿਚ ਰਹਿੰਦਾ ਹੈ । ਆਤਮਕ ਅਡੋਲਤਾ ਤੋਂ ਆਤਮਕ ਆਨੰਦ ਤੇ ਸ਼ਾਂਤੀ ਪੈਦਾ ਹੁੰਦੀ ਹੈ, ਆਤਮਕ ਅਡੋਲਤਾ ਤੋਂ ਬਿਨਾ (ਮਨੁੱਖ ਦੀ ਸਾਰੀ) ਜ਼ਿੰਦਗੀ ਵਿਅਰਥ ਜਾਂਦੀ ਹੈ ।2।

"ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥
ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥1॥"

{ਆਸਾ ਸ੍ਰੀ ਕਬੀਰ ਜੀਉ, ਪੰਨਾ ੪੭੮}

ਹੇ ਮੇਰੇ ਵੀਰ । ਪਰਮਾਤਮਾ ਦਾ ਸਿਮਰਨ ਕਰੋ, ਸਹਿਜ ਅਵਸਥਾ ਵਿਚ ਟਿਕ ਕੇ ਸਿਮਰਨ ਕਰੋ ਤਾਂ ਜੁ (ਇਸ ਉੱਦਮ ਦਾ) ਤੱਤ ਹੱਥੋਂ ਜਾਂਦਾ ਨਾਹ ਰਹੇ (ਭਾਵ, ਪ੍ਰਭੂ ਨਾਲ ਮਿਲਾਪ ਬਣ ਸਕੇ) ।

ਅਜ ਬੜੇ ਵੱਡੇ ਵੱਡੇ ਕੀਰਤਨ ਦਰਬਾਰ ਹੋ ਰਹੇ ਹਨ, ਕੌਮ ਦੇ ਲੱਖਾਂ ਰੁਪਏ ਖਰਚੇ ਜਾ ਰਹੇ ਹਨ । ਇਨ੍ਹਾਂ ਕੀਰਤਨ ਦਰਬਾਰਾਂ ਤੇ ਬੜੇ ਭਾਰੀ ਇੱਕਠ ਵੀ ਹੁੰਦੇ ਹਨ। ਸੋਹਣੇ ਸਾਜ਼, ਸੋਹਣੇ ਸੁਰਤਾਲ, ਸੋਹਣੀ ਆਵਾਜ਼ ਵੀ ਹੈ । ਪਰ ਕੌਮ ਹਰ ਦਿਨ ਨਿਘਾਰ ਵਲ ਜਾ ਰਹੀ ਹੈ । ਨਾ ਸਾਡੇ ਮਨ ਗੁਰੂ ਉਪਦੇਸ਼ਾਂ ਵਿਚ ਭਿਜ ਰਹੇ ਹਨ, ਨਾ ਸਿਖ ਆਚਰਣ ਵਿਕਸਤ ਹੋ ਰਿਹਾ ਹੈ । ਅੱਠ-ਦਸ ਘੰਟੇ ਦਾ ਕੀਰਤਨ ਦਰਬਾਰ ਹੁੰਦਾ ਹੈ, ਇਕ ਵੀ ਸ਼ਬਦ ਦੀ ਵਿਚਾਰ ਨਹੀ ਹੁੰਦੀ । ਕਈ ਰਾਗੀ ਸਿੰਘ ਸਮਾਂ ਬਿਤਾਉਣ ਲਈ, ਨਾਲ ਵਿਆਖਿਆ ਸ਼ੁਰੂ ਕਰ ਲੈਂਦੇ ਹਨ ਪਰ ਸਾਰਿਆਂ ਵਿੱਚੋਂ ਇਕ ਅੱਧਾ ਹੀ ਹੈ, ਜੋ ਗੁਰਮਤਿ ਅਨੁਸਾਰ ਵਿਆਖਿਆ ਕਰਦਾ ਹੈ। ਬਹੁਤੇ ਤਾਂ ਝੂਠੀਆਂ, ਸੁਆਦਲੀਆਂ ਕਹਾਣੀਆਂ ਸੁਣਾ ਕੇ, ਅਤੇ ਗੁਰਬਾਣੀ ਦੀ ਸਨਾਤਨੀ ਵਿਆਖਿਆ ਕਰਕੇ, ਹੋਰ ਬੇੜਾ ਗਰਕ ਕਰਕੇ ਤੁਰ ਜਾਂਦੇ ਹਨ। ਸਾਰੇ ਕੀਰਤਨ ਦਰਬਾਰ ਵਿਚ ਸ਼ਾਇਦ ਹੀ ਕੋਈ ਵਿਰਲਾ ਭਾਗਾਂ ਵਾਲਾ, ਸ਼ਬਦ ਦਾ ਭਾਵ ਸਮਝ ਕੇ ਗੁਰ ਗਿਆਨ ਰਸ ਨਾਲ ਜੁੜਿਆ ਹੋਵੇ, ਬਾਕੀ ਹਜ਼ਾਰਾਂ ਤਾਂ ਕੇਵਲ ਕੰਨ ਰਸ ਲੈਕੇ ਸਿਰ ਮਾਰ ਕੇ ਹੀ ਤੁਰ

ਜਾਂਦੇ ਹਨ। ਪਤਿਤ-ਪੁਣਾ ਇਤਨਾ ਵਧ ਗਿਆ ਹੈ ਕਿ ਇਕ ਆਮ ਅੰਦਾਜ਼ੇ ਮੁਤਾਬਕ ਇਹ ਗਿਣਤੀ 80-90 % ਦੇ ਕਰੀਬ ਪਹੁੰਚ ਗਈ ਹੈ। ਇਹ ਗਿਣਤੀ ਵੀ ਕੇਵਲ ਕੇਸਾਂ ਦੀ ਬੇਅਦਬੀ ਕਰਨ ਵਾਲਿਆਂ ਦੀ ਹੈ । ਜੇ ਹੋਰ ਕੁਰਹਿਤਾਂ ਦੀ ਗਲ ਵੀ ਨਾਲ ਲੈ ਲਈਏ ਤਾਂ ਕੋਈ ਵਿਰਲੇ ਹੀ ਬਚੇ ਹੋਣਗੇ । ਕੋਈ ਕੀਰਤਨ ਦਰਬਾਰ ਵੀ ਕਿਸੇ ਇਕ ਸਿੱਖ ਦੀ ਜ਼ਿੰਦਗੀ ਬਦਲਦਾ ਨਜ਼ਰ ਨਹੀ ਆਂਉਦਾ । ਕਾਰਨ ਕੀ ਹੈ? ਕੇਵਲ ਕੰਨ ਰਸ ਤਕ ਸੀਮਤ ਹੋ ਗਏ ਹਾਂ । ਇਹ ਕੀਰਤਨ ਦਰਬਾਰ ਗੁਰ ਸ਼ਬਦ ਦੁਆਰਾ, ਗੁਰੂ ਗਿਆਨ ਦਾ ਲੰਗਰ ਬਨਣ ਦੀ ਬਜਾਏ, ਕੇਵਲ ਤੇ ਕੇਵਲ ਮਾਇਆ ਦੇ ਧੰਦੇ ਬਣ ਗਏ ਹਨ । ਜਾਂ ਤਾਂ ਚੰਗੇ ਸੁਰਤਾਲ ਵਾਲੇ ਰਾਗੀ ਹਰ ਦਿਨ ਲਖਾਂ, ਕਰੋੜਾਂ-ਪਤੀ ਹੋ ਰਹੇ ਹਨ ਅਤੇ ਜਾਂ ਚੌਧਰੀਆਂ ਦੀ ਹਉਮੈਂ ਨੂੰ ਪੱਠੇ ਪੈ ਰਹੇ ਹਨ । ਗੁਰੂ ਦਾ ਉਹ ਇਲਾਹੀ ਗਿਆਨ ਜਿਸ ਨੇ ਸਾਡੇ ਮਨਾਂ ਦੀ ਮੈਲ ਧੋਣੀ ਹੈ, ਸਾਡੇ ਵਿਕਾਰਾਂ ਦਾ ਨਾਸ ਕਰਨਾ ਹੈ, ਉਹ ਹਿਰਦੇ ਵਿਚ ਨਹੀਂ ਜਾ ਰਿਹਾ। ਸਤਿਗੁਰੂ ਐਸੇ ਗਾਉਣ ਨੂੰ ਰੋਣਾ ਦਸਦੇ ਹਨ। ਐਸੇ ਕੀਰਤਨ ਗਾਣ ਅਤੇ ਸੁਨਣ ਬਾਰੇ ਸਤਿਗੁਰੂ ਗ੍ਰੰਥ ਸਾਹਿਬ ਜੀ ਫੁਰਮਾਂਦੇ ਹਨ:

"ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ,
ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥
ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ ॥
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ
ਹਰਿ ਭਗਤਿ ਹਰਿ ਲੀਜੈ ॥"

{ਆਸਾ ਮਹਲਾ ੪, ਪੰਨਾ ੪੫੦}

(ਹੇ ਭਾਈ !) ਕੋਈ ਮਨੁੱਖ ਰਾਗ ਗਾ ਕੇ, ਕੋਈ ਸੰਖ ਆਦਿਕ ਸਾਜ ਵਜਾ ਕੇ, ਕੋਈ ਧਰਮ ਪੁਸਤਕਾਂ ਪੜ੍ਹ ਕੇ ਕਈ ਤਰੀਕਿਆਂ ਨਾਲ ਪਰਮਾਤਮਾ ਦੇ ਗੁਣ ਗਾਂਦਾ ਹੈ ਪਰ ਪਰਮਾਤਮਾ ਇਸ ਤਰ੍ਹਾਂ ਪ੍ਰਸੰਨ ਨਹੀਂ ਹੁੰਦਾ (ਕਿਉਂਕਿ) ਕਰਤਾਰ (ਹਰੇਕ ਮਨੁੱਖ ਦੇ ਦਿਲ ਦੀ) ਹਰੇਕ ਗੱਲ ਜਾਣਦਾ ਹੈ ਅੰਦਰਲੇ ਰੋਗਾਂ ਉਤੇ ਬੇਸ਼ੱਕ ਹੱਥ ਦਿੱਤਾ ਜਾਏ (ਅੰਦਰਲੇ ਵਿਕਾਰਾਂ ਨੂੰ ਲੁਕਾਣ ਦਾ ਜਤਨ ਕੀਤਾ ਜਾਏ, ਤਾਂ ਭੀ ਪਰਮਾਤਮਾ ਪਾਸੋਂ ਲੁਕੇ ਨਹੀਂ ਰਹਿ ਸਕਦੇ) । ਹੇ ਨਾਨਕ ! ਗੁਰੂ ਦੀ ਸਰਨ ਪੈ ਕੇ ਜਿਨ੍ਹਾਂ ਮਨੁੱਖਾਂ ਦਾ ਹਿਰਦਾ ਪਵਿਤ੍ਰ ਹੋ ਜਾਂਦਾ ਹੈ, ਉਹੀ ਪਰਮਾਤਮਾ ਦੀ ਭਗਤੀ ਕਰਦੇ ਹਨ, ਉਹੀ ਹਰੀ ਦਾ ਨਾਮ ਲੈਂਦੇ ਹਨ ।4।

ਸਤਿਗੁਰੂ ਨੇ ਤਾਂ ਬੜਾ ਸਪਸ਼ਟ ਨਿਰਣਾ ਕਰ ਦਿਤਾ ਹੈ ਕਿ ਭਾਵੇਂ ਜਿਤਨਾ ਮਰਜ਼ੀ ਗੁਰਬਾਣੀ ਗਾਵੇ, ਪੜ੍ਹੇ, ਸੁਣੇ ਪਰ ਜੇ ਇਹ ਸਭ ਕਰਕੇ ਉਸ ਨੂੰ ਜੀਵਨ ਵਿੱਚ ਅਮਲੀ ਰੂਪ ਨਹੀਂ ਅਪਨਾਇਆ ਤਾਂ ਕੁਝ ਪ੍ਰਾਪਤ ਨਹੀਂ ਕੀਤਾ। ਅਸੀਂ ਆਪਣੇ ਆਪ ਨੂੰ ਸਤਿਗੁਰੂ ਦੇ ਸਿੱਖ ਸਮਝੀ ਜਾਈਏ ਪਰ ਸਤਿਗੁਰੂ ਦੀ ਬਖਸ਼ਿਸ਼ ਦੇ ਪਾਤਰ ਨਹੀਂ ਬਣ ਸਕਦੇ।

" ਸੇਵਕ ਸਿਖ ਪੂਜਣ ਸਭਿ ਆਵਹਿ,
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥1॥"

{ਧਨਾਸਰੀ ਮਹਲਾ ੪, ਪੰਨਾ ੬੬੯}

ਹੇ ਭਾਈ ! ਸੇਵਕ (ਅਖਵਾਣ ਵਾਲੇ) ਸਿੱਖ (ਅਖਵਾਣ ਵਾਲੇ) ਸਾਰੇ (ਗੁਰੂ-ਦਰ ਤੇ ਪ੍ਰਭੂ ਦੀ) ਪੂਜਾ-ਭਗਤੀ ਕਰਨ ਆਉਂਦੇ ਹਨ, ਅਤੇ, ਪਰਮਾਤਮਾ ਦੀ ਸਿਫ਼ਤਿ-ਸਾਲਾਹ ਨਾਲ ਭਰਪੂਰ ਸ੍ਰੇਸ਼ਟ ਗੁਰਬਾਣੀ ਗਾਂਦੇ ਹਨ । ਪਰ ਪਰਮਾਤਮਾ ਉਹਨਾਂ ਮਨੁੱਖਾਂ ਦਾ ਬਾਣੀ ਗਾਉਣਾ ਅਤੇ ਸੁਣਨਾ ਕਬੂਲ ਕਰਦਾ ਹੈ, ਜਿਨ੍ਹਾਂ ਗੁਰੂ ਦੇ ਹੁਕਮ ਨੂੰ ਬਿਲਕੁਲ ਸਹੀ ਜਾਣ ਕੇ ਉਸ ਉਤੇ ਅਮਲ ਕੀਤਾ ਹੈ ।1।

ਗੁਰਬਾਣੀ ਦੀਆਂ ਅਧੂਰੀਆਂ ਪੰਕਤੀਆਂ ਲੈ ਕੇ ਅਕਸਰ ਕਿਹਾ ਜਾਂਦਾ ਹੈ ਕਿ ਸਤਿਗੁਰੂ ਨੇ ਕੀਰਤਨੀਏ ਦੀ ਬੜੀ ਵਡਿਆਈ ਕੀਤੀ ਹੈ, ਉਸ ਨੂੰ ਭਲਾ ਆਖਿਆ ਹੈ:

"ਭਲੋ ਭਲੋ ਰੇ ਕੀਰਤਨੀਆ ॥"

ਸਤਿਗੁਰੂ ਦੇ ਪਾਵਨ ਬਚਨ ਤਾਂ ਕਦੇ ਗਲਤ ਨਹੀਂ ਹੋ ਸਕਦੇ। ਬੇਸ਼ਕ ਕੀਰਤਨੀਆਂ ਬਹੁਤ ਚੰਗਾ ਹੈ, ਪਰ ਜੇ ਸ਼ਬਦ ਦੀਆਂ ਪੂਰੀਆਂ ਪੰਕਤੀਆਂ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਸਤਿਗੁਰੂ ਨੇ ਚੰਗੇ ਕੀਰਤਨੀਏ ਵਾਸਤੇ ਨਾਲ ਦੋ ਸ਼ਰਤਾਂ ਲਾ ਦਿਤੀਆਂ ਹਨ:

"ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥1॥ ਰਹਾਉ ॥"

{ਰਾਮਕਲੀ ਮਹਲਾ ੫ - ਪੰਨਾ ੮੮੫}

ਹੇ ਭਾਈ ! ਜੇਹੜਾ ਮਨੁੱਖ ਮਾਇਆ ਦੇ ਧੰਧੇ ਛੱਡ ਕੇ, ਮਾਇਆ ਦੀ ਗਰਜ਼ ਛੱਡ ਕੇ, ਸਰਬ-ਵਿਆਪਕ ਪਰਮਾਤਮਾ ਦੇ ਗੁਣ ਗਾਂਦਾ ਹੈ, ਉਹੀ ਹੈ ਸਭ ਤੋਂ ਚੰਗਾ

ਕੀਰਤਨ ਕਰਨ ਵਾਲਾ ।1। ਰਹਾਉ।

ਪਹਿਲੀ, 'ਰਾਮ ਰਮਾ ਰਾਮਾ ਗੁਨ ਗਾਉ ॥' ਅਤੇ ਦੂਸਰੀ, 'ਛੋਡਿ ਮਾਇਆ ਕੇ ਧੰਧ ਸੁਆਉ'

ਸਾਡੇ ਬਹੁਤੇ ਕੀਰਤਨੀਏ ਅਤੇ ਕੀਰਤਨ ਦਰਬਾਰ ਕਰਾਣ ਵਾਲੇ ਤਾਂ ਲਗੇ ਹੀ ਨਿਰੇ ਮਾਇਆ ਦੇ ਧੰਦਿਆਂ ਵਿਚ ਹੋਏ ਹਨ । ਪਹਿਲਾਂ ਪਰਚੀਆਂ ਚੁੱਕ ਕੇ ਮਾਇਆ ਇਕੱਤਰ ਕਰਨੀ, ਫਿਰ ਰਾਗੀਆਂ ਨਾਲ ਸੌਦੇ ਕਰਨੇ, ਸਭ ਮਾਇਆ ਦਾ ਧੰਦਾ ਹੀ ਤਾਂ ਬਣਿਆ ਪਿਆ ਹੈ । ਕੁਝ ਸਮਾਂ ਪਹਿਲੇ ਕਿਸੇ ਕੀਰਤਨ ਦਰਬਾਰ ਕਰਾਉਣ ਵਾਲੇ ਇਕ ਵੀਰ ਨੇ ਦਸਿਆ ਕਿ ਉਨ੍ਹਾਂ ਕੀਰਤਨ ਵਾਸਤੇ ਇਕ ਮਸ਼ਹੂਰ ਕੀਰਤਨੀਏ ਨੂੰ ਸੰਪਰਕ ਕੀਤਾ, ਤਾਂ ਉਸ ਪੁਛਿਆ ਕਿਤਨਾ ਸਮਾਂ ਕੀਰਤਨ ਕਰਨਾ ਹੈ । ਪ੍ਰਬੰਧਕਾਂ ਆਖਿਆ ਆਪ ਦਾ ਸਮਾਂ ਇਕ ਘੰਟਾ ਹੋਵੇਗਾ। ਉਸ ਨੇ ਇਕਵੰਜਾ ਹਜ਼ਾਰ ਰੁਪਏ ਅਤੇ ਪਹਿਲੇ ਦਰਜੇ ਏ ਸੀ ਦੀਆਂ ਰੇਲਵੇ ਟਿਕਟਾਂ ਮੰਗੀਆਂ । ਕਿਉਂਕਿ ਹਵਾਈ ਜਹਾਜ਼ ਉਥੇ ਜਾਂਦਾ ਨਹੀਂ ਸੀ । ਪ੍ਰਬੰਧਕਾਂ ਨੇ ਇਹ ਸਭ ਮੰਨ ਲਿਆ। ਜਿਸ ਵੇਲੇ ਰਾਗੀ ਸਿੰਘਾਂ ਨੇ ਕੀਰਤਨ ਸਮਾਪਤ ਕੀਤਾ ਤਾਂ ਸੰਗਤ ਵਿਚੋਂ ਕਿਸੇ ਨੇ ਇਕ ਵਿਸ਼ੇਸ਼ ਸ਼ਬਦ ਦੀ ਫਰਮਾਇਸ਼ ਕਰ ਦਿਤੀ । ਰਾਗੀ ਸਿੰਘ ਕਹਿਣ ਲੱਗੇ ਸਾਡਾ ਸਮਾਂ ਤਾਂ ਸਮਾਪਤ ਹੋ ਗਿਆ ਹੈ, ਜੇ ਪ੍ਰਬੰਧਕ ਕਹਿਣ ਤਾਂ ਸੁਣਾ ਦੇਂਦੇ ਹਾਂ। ਪ੍ਰਬੰਧਕਾਂ ਸਮਝਿਆ ਸਮਾਂ ਮੰਗ ਰਹੇ ਹਨ, ਉਨ੍ਹਾਂ ਕਿਹਾ ਸੰਗਤ ਦੀ ਮੰਗ ਹੈ ਸੁਣਾ ਦਿਓ। ਰਾਗੀਆਂ ਨੇ ਉਹ ਸ਼ਬਦ ਵੀ ਪੜ੍ਹ ਦਿਤਾ। **ਪਹਿਲਾਂ ਤਾਂ ਅਸੀਂ ਫਰਮਾਇਸ਼ਾਂ ਵੀ ਤਾਂ ਹੀ ਕਰ ਰਹੇ ਹਾਂ ਕਿਉਂਕਿ ਸੰਗੀਤ ਨਾਲ, ਆਵਾਜ਼ ਨਾਲ ਜੁੜੇ ਹੋਏ ਹਾਂ। ਬਹੁਤੇ ਤਾਂ ਸੰਗੀਤ ਅਤੇ ਮਿੱਠੀ ਅਵਾਜ਼ ਦੇ ਰਸ ਨੂੰ ਹੀ ਕੀਰਤਨ ਦਾ ਰਸ ਸਮਝ ਕੇ ਸਿਰ ਮਾਰੀ ਜਾਂਦੇ ਹਨ। ਸ਼ਬਦ ਨਾਲ ਨਹੀਂ ਜੁੜੇ, ਜੇ ਸ਼ਬਦ ਨਾਲ ਜੁੜੇ ਹੋਈਏ ਤਾਂ ਹਰ ਸ਼ਬਦ ਚੋਂ ਉਤਨਾ ਹੀ ਰਸ ਆਵੇਗਾ, ਕਿਉਂਕਿ ਸਤਿਗੁਰੂ ਦੀ ਸਾਰੀ ਬਾਣੀ ਹੀ ਅੰਮ੍ਰਿਤ ਹੈ।** ਪਾਵਨ ਗੁਰਬਾਣੀ ਵੀ ਫੁਰਮਾਂਉਂਦੀ ਹੈ:

"ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ,
ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥"

{ਵਾਰ ਰਾਮਕਲੀ ਮਃ ੫, ਪੰਨਾ ੯੬੦}

ਜਿਸ ਮਨੁੱਖ ਦੇ ਮੱਥੇ ਉਤੇ ਧੁਰੋਂ ਲੇਖ ਲਿਖਿਆ ਹੋਇਆ ਹੋਵੇ, ਉਸ ਦਾ ਗੁਰੂ ਨਾਲ ਪ੍ਰੇਮ ਬਣਦਾ ਹੈ; ਪੂਰੇ ਗੁਰੂ ਦੀ ਆਤਮਕ ਜੀਵਨ ਦੇਣ ਵਾਲੀ ਬਾਣੀ ਉਸ ਮਨੁੱਖ

ਦੇ ਹਿਰਦੇ ਵਿਚ ਵੱਸਦੀ ਹੈ ਜਿਸ ਉਤੇ ਗੁਰੂ ਮੇਹਰ ਕਰੇ ।

> "ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
> ਗੁਰਮੁਖਿ ਆਖੀ, ਗੁਰਮੁਖਿ ਜਾਤੀ,
> ਸੁਰਤੀ ਕਰਮਿ ਧਿਆਈ ॥"

(ਸਲੋਕ ਮ: ੨, ਪੰਨਾ ੧੨੪੩)

ਬਾਣੀ ਗੁਰੂ ਨੇ ਉਚਾਰੀ ਹੈ, (ਜਿਸ ਦੇ ਡੂੰਘੇ ਭੇਤ ਨੂੰ) ਗੁਰੂ ਨੇ ਸਮਝਿਆ ਹੈ ਤੇ (ਜਿਸ ਨੂੰ) ਸੁਰਤਿਆਂ ਨੇ ਜਪਿਆ ਹੈ ਉਹ ਬਾਣੀ ਨਾਮ-ਅੰਮ੍ਰਿਤ ਨਾਲ ਭਰੀ ਹੋਈ ਹੈ, ਤੇ ਪ੍ਰਭੂ ਦੇ ਗੁਣ ਬਿਆਨ ਕਰਦੀ ਹੈ, ਇਹ ਬਾਣੀ ਪ੍ਰਭੂ ਦੇ ਗੁਣਾਂ ਦੀ ਵਿਚਾਰ ਕੀਤਿਆਂ ਤੇ ਪ੍ਰਭੂ ਵਿਚ ਸੁਰਤਿ ਜੋੜਿਆਂ ਪਰਗਟ ਹੋਈ ਹੈ ।

ਜੇ ਗੁਰਬਾਣੀ ਦੇ ਭਾਵ ਰਸ ਨਾਲ ਜੁੜ ਗਏ, ਜੇ ਗੁਰਬਾਣੀ ਹਿਰਦੇ ਵਿੱਚ ਜਾ ਰਹੀ ਹੈ, ਫਿਰ ਕਿਸੇ ਸ਼ਬਦ ਦੀ ਫਰਮਾਇਸ਼ ਕਰਨ ਦੀ ਲੋੜ ਹੀ ਨਹੀਂ ਪਵੇਗੀ, ਹਰ ਸ਼ਬਦ ਸਾਡੀ ਆਤਮਾ ਨੂੰ ਇਕੋ ਜਿਹਾ ਤ੍ਰਿਪਤ ਕਰੇਗਾ। ਜਦੋਂ ਅੰਦਰ ਪ੍ਰਬੰਧਕਾਂ ਪੈਸਿਆਂ ਵਾਲਾ ਲਿਫਾਫਾ ਦਿੱਤਾ ਤਾਂ ਰਾਗੀ ਸਿੰਘ ਪੁੱਛਣ ਲਗੇ, ਕਿਤਨੇ ਪੈਸੇ ਹਨ ? ਉਹ ਕਹਿਣ ਲਗੇ, ਜੀ! ਇਕਵੰਜਾ ਹਜ਼ਾਰ, ਜੋ ਨੀਅਤ ਹੋਇਆ ਸੀ । ਰਾਗੀ ਆਖਣ ਲਗਾ, ਇਕਵੰਜਾ ਹਜ਼ਾਰ ਤਾਂ ਇਕ ਘੰਟੇ ਦਾ ਤੈਅ ਹੋਇਆ ਸੀ, ਸਵਾ ਘੰਟਾ ਕੀਰਤਨ ਕੀਤਾ ਹੈ, ਸਾਢੇ ਬਾਰਾਂ ਹਜ਼ਾਰ ਹੋਰ ਦੇ ਦਿਓ । ਅਸੀਂ ਬੜਾ ਮਾਣ ਦੇਂਦੇ ਹਾਂ, ਸਾਡੀ ਕੌਮ ਦੇ ਕੀਰਤਨੀਏ ਹਨ, ਸਾਨੂੰ ਹਰਿ ਜਸ ਸੁਣਾਂਦੇ ਹਨ, ਸਾਨੂੰ ਗੁਰੂ ਨਾਲ ਜੋੜਦੇ ਹਨ? ਕੀ ਥੁੜਿਆ ਪਿਆ ਹੈ, ਪੰਥ ਦਾ ਇਨ੍ਹਾਂ ਕੀਰਤਨੀਆਂ ਅਤੇ ਕੀਰਤਨ ਦਰਬਾਰਾਂ ਬਗ਼ੈਰ। ਕੀ ਇਹ ਨਾਮ ਜਪਣਾ/ਜਪਾਉਣਾ ਹੈ? ਇਹ ਤਾਂ ਪੁਰੋਹਤਾਂ ਦੇ ਕਰਮਕਾਂਡ ਵਾਂਗ ਹੈ ਜਿਸ ਨੂੰ ਗੁਰੂ ਸਾਹਿਬਾਨ ਨੇ ਰੱਦ ਕੀਤਾ ਸੀ।

ਜਿਹੜਾ ਮਨ ਇਸ ਤਰ੍ਹਾਂ ਮਾਇਆ ਵਿੱਚ ਗਲਤਾਨ ਹੋਇਆ ਪਿਆ ਹੋਵੇ, ਜਿਸਦਾ ਧਿਆਨ ਹੀ ਵਾਜੇ ਤੇ ਆ ਰਹੀ ਮਾਇਆ ਵਿੱਚ ਹੋਵੇ, ਉਸ ਨੇ ਰਾਮ ਵਿੱਚ ਕਿਥੋਂ ਰਮਣਾ ਹੈ, ਵਾਹਿਗੁਰੂ ਵਿੱਚ ਕਿਥੋਂ ਲੀਨ ਹੋਣਾ ਹੈ ?

ਜੋ ਭਾਗਾਂ ਵਾਲੇ ਮਾਇਆ ਦੇ ਧੰਦਿਆਂ ਤੋਂ ਮੁਕਤ ਹੋਕੇ, ਕੰਨ ਰਸ ਦੀ ਬਜਾਏ ਸ਼ਬਦ ਰਸ (ਸ਼ਬਦ ਦੇ ਭਾਵ ਤੋਂ ਪਰਾਪਤ ਹੋਣ ਵਾਲਾ ਆਨੰਦ) ਨਾਲ ਜੁੜ ਕੇ ਹਰੀ ਜਸ ਗਾਇਨ ਕਰਦੇ ਹਨ ਉਹ ਸੱਚ-ਮੁਚ ਕੀਰਤਨ ਗਾਂਦੇ, ਵਾਹਿਗੁਰੂ ਦੀ ਸਿਫਤ ਸਲਾਹ ਨਾਲ ਜੁੜੇ ਹੁੰਦੇ ਹਨ ਅਤੇ ਆਤਮਿਕ ਆਨੰਦ ਮਾਣਦੇ ਹਨ । ਉਨ੍ਹਾਂ ਦਾ ਕੀਰਤਨ ਕਰਨਾ ਵਾਹਿਗੁਰੂ ਦਾ ਸਿਮਰਨ ਹੀ ਹੁੰਦਾ ਹੈ, ਜੋ ਕੀਰਤਨ ਕਰਨ ਦਾ

ਅਸਲੀ ਮਕਸਦ ਹੈ । ਪਾਵਨ ਗੁਰਬਾਣੀ ਦਾ ਫੁਰਮਾਨ ਹੈ :

"ਰਾਮ ਹਰਿ ਕੀਰਤਨੁ ਗੁਰ ਲਿਵ ਮੀਠਾ ॥1॥ ਰਹਾਉ ॥"

{ਗਉੜੀ ਪੂਰਬੀ ਮਹਲਾ ੪, ਪੰਨਾ ੧੭੧}

(ਹੇ ਭਾਈ !) ਗੁਰੂ (ਦੇ ਚਰਨਾਂ ਵਿਚ) ਲਿਵ (ਲਾ ਕੇ) ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰੋ । (ਦੁਨੀਆ ਦੇ ਸਭ ਰਸਾਂ ਨਾਲੋਂ ਇਹ ਰਸ) ਮਿੱਠਾ ਹੈ ।1। ਰਹਾਉ।

"ਚਰਨ ਕਮਲ ਗੋਬਿੰਦ ਰੰਗੁ ਲਾਗਾ ॥
ਸੰਤ ਪ੍ਰਸਾਦਿ ਭਏ ਮਨ ਨਿਰਮਲ,
ਹਰਿ ਕੀਰਤਨ ਮਹਿ ਅਨਦਿਨੁ ਜਾਗਾ ॥1॥"

{ਰਾਗੁ ਗਉੜੀ ਥਿਤੀਂ ਕਬੀਰ ਜੀ ਕੀ, ਪੰਨਾ ੩੪੩}

ਜਿਸ ਮਨੁੱਖ ਦਾ ਪਿਆਰ ਗੋਬਿੰਦ ਦੇ ਸੁਹਣੇ ਚਰਨਾਂ ਨਾਲ ਬਣ ਜਾਂਦਾ ਹੈ, ਗੁਰੂ ਦੀ ਕਿਰਪਾ ਨਾਲ ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ । ਪਰਮਾਤਮਾ ਦੀ ਸਿਫ਼ਤਿ-ਸਾਲਾਹ ਵਿਚ ਜੁੜ ਕੇ ਉਹ ਮਨੁੱਖ ਵਿਕਾਰਾਂ ਵਲੋਂ ਹਰ ਵੇਲੇ ਸੁਚੇਤ ਰਹਿੰਦਾ ਹੈ ।1। ਰਹਾਉ।

"ਤੇਰੋ ਸੇਵਕੁ ਇਹ ਰੰਗਿ ਮਾਤਾ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ,
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥"

{ਸੋਰਠਿ ਮਹਲਾ ੫, ਪੰਨਾ ੬੪੨}

ਹੇ ਭਾਈ । ਤੇਰਾ ਸੇਵਕ ਤੇਰੀ ਸਿਫ਼ਤਿ-ਸਾਲਾਹ ਦੇ ਰੰਗ ਵਿਚ ਮਸਤ ਰਹਿੰਦਾ ਹੈ । ਹੇ ਭਾਈ । ਦੀਨਾਂ ਦੇ ਦੁੱਖ ਦੂਰ ਕਰਨ ਵਾਲਾ ਪਰਮਾਤਮਾ ਜਿਸ ਮਨੁੱਖ ਉਤੇ ਦਇਆਵਾਨ ਹੁੰਦਾ ਹੈ, ਉਸ ਦਾ ਇਹ ਮਨ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ ।

"ਹਉ ਬਲਿਹਾਰੀ ਤਿੰਨ ਕੰਉ ਜੋ ਗੁਰਮੁਖਿ ਸਿਖਾ ॥
ਜੋ ਹਰਿ ਨਾਮੁ ਧਿਆਇਦੇ ਤਿਨ ਦਰਸਨੁ ਪਿਖਾ ॥
ਸੁਣਿ ਕੀਰਤਨੁ ਹਰਿ ਗੁਣ ਰਵਾ ਹਰਿ ਜਸੁ ਮਨਿ ਲਿਖਾ ॥
ਹਰਿ ਨਾਮੁ ਸਲਾਹੀ ਰੰਗ ਸਿਉ ਸਭਿ ਕਿਲਵਿਖ ਕ੍ਰਿਖਾ ॥
ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ,
ਜਿਥੈ ਮੇਰਾ ਗੁਰੁ ਧਰੇ ਵਿਖਾ ॥19॥"

{ਰਾਗੁ ਸੋਰਠਿ ਵਾਰ ਮਹਲੇ ੪ ਕੀ, ਪਉੜੀ, ਪੰਨਾ ੬੫੦}

ਜੋ ਸਿੱਖ ਸਤਿਗੁਰੂ ਦੇ ਸਨਮੁਖ ਹਨ, ਮੈਂ ਉਹਨਾਂ ਤੋਂ ਸਦਕੇ ਹਾਂ । ਜੋ ਹਰੀ-ਨਾਮ ਸਿਮਰਦੇ ਹਨ (ਜੀ ਚਾਹੁੰਦਾ ਹੈ) ਮੈਂ ਉਹਨਾਂ ਦਾ ਦਰਸ਼ਨ ਕਰਾਂ, (ਉਹਨਾਂ ਪਾਸੋਂ) ਕੀਰਤਨ ਸੁਣ ਕੇ ਹਰੀ ਦੇ ਗੁਣ ਗਾਵਾਂ ਤੇ ਹਰੀ-ਜਸ ਮਨ ਵਿਚ ਉੱਕਰ ਲਵਾਂ, ਪ੍ਰੇਮ ਨਾਲ ਹਰੀ-ਨਾਮ ਦੀ ਸਿਫ਼ਤਿ ਕਰਾਂ ਤੇ (ਆਪਣੇ) ਸਾਰੇ ਪਾਪ ਕੱਟ ਦਿਆਂ । ਉਹ ਸਰੀਰ-ਥਾਂ ਧੰਨ ਹੈ, ਸੁੰਦਰ ਹੈ ਜਿਥੇ ਪਿਆਰਾ ਸਤਿਗੁਰੂ ਪੈਰ ਰੱਖਦਾ ਹੈ (ਭਾਵ, ਆ ਵੱਸਦਾ ਹੈ) ।19।

"ਕਰਿ ਕੀਰਤਨੁ ਮਨ ਸੀਤਲ ਭਏ ॥
ਜਨਮ ਜਨਮ ਕੇ ਕਿਲਵਿਖ ਗਏ ॥
ਸਰਬ ਨਿਧਾਨ ਪੇਖੇ ਮਨ ਮਾਹਿ ॥
ਅਬ ਢੂਢਨ ਕਾਹੇ ਕਉ ਜਾਹਿ ॥2॥"

{ਗਉੜੀ ਗੁਆਰੇਰੀ ਮਹਲਾ ੫, ਪੰਨਾ ੧੭੮}

ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰ ਕੇ ਜਿਨ੍ਹਾਂ ਦੇ ਮਨ ਠੰਢੇ-ਠਾਰ ਹੋ ਗਏ, (ਉਹਨਾਂ ਦੇ ਅੰਦਰੋਂ) ਜਨਮਾਂ ਜਨਮਾਂਤਰਾਂ ਦੇ ਪਾਪ ਦੂਰ ਹੋ ਗਏ । ਉਹਨਾਂ ਨੇ ਸਾਰੇ ਖ਼ਜ਼ਾਨੇ ਆਪਣੇ ਮਨ ਵਿਚ ਹੀ ਵੇਖ ਲਏ, (ਇਸ ਵਾਸਤੇ ਸੁਖ) ਢੂੰਡਣ ਲਈ ਹੁਣ ਉਹ (ਹੋਰ ਕਿਤੇ) ਕਿਉਂ ਜਾਣ ? (ਭਾਵ, ਸੁਖ ਦੀ ਭਾਲ ਬਾਹਰ ਜਗਤ ਦੇ ਪਦਾਰਥਾਂ ਵਿਚੋਂ ਕਰਨ ਦੀ ਉਹਨਾਂ ਨੂੰ ਲੋੜ ਨਹੀਂ ਰਹਿੰਦੀ) ।2।

ਆਓ ਨੇਮ ਨਾਲ ਵਿਚਾਰ ਕੇ ਬਾਣੀ ਪੜ੍ਹੀਏ, ਸੁਣੀਏ, ਗਾਈਏ, ਉਸ ਨੂੰ ਹਿਰਦੇ ਵਿਚ ਧਾਰਨ ਕਰੀਏ ਅਤੇ ਉਸ ਅਨੁਸਾਰ ਸ਼ੁਭ ਗੁਣਾਂ ਵਾਲਾ ਜੀਵਨ ਬਤੀਤ ਕਰੀਏ। ਸਾਡੇ ਜੀਵਨ ਵਿੱਚੋਂ ਹਰ ਸਮੇਂ ਗੁਰਬਾਣੀ ਦੇ ਸ਼ੁਭ ਗੁਣਾ ਦੀ ਮਹਿਕ ਆਵੇ, ਤਾਂ ਕਿ ਵਾਹਿਗੁਰੂ ਦੀ ਬਖਸ਼ਿਸ਼ ਦੇ ਪਾਤਰ ਬਣ ਸਕੀਏ। ਉਸ ਦੀ ਮਿਹਰ ਸਦਕਾ, ਮਨ ਹਰ ਵੇਲੇ ਉਸ ਦੇ ਚਰਨਾਂ ਨਾਲ ਜੁੜਿਆ, ਉਸ ਦੀ ਯਾਦ ਅਤੇ ਉਸ ਦੇ ਪਿਆਰ ਵਿੱਚ ਭਿੱਜਾ ਰਹੇ। ਇਹੀ ਗੁਰਮਤਿ ਅਨੁਸਾਰ ਸੁਆਸ ਸੁਆਸ ਵਾਹਿਗੁਰੂ ਦੇ ਸਿਮਰਨ ਦੀ ਦਾਤ ਹੈ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥